ਕੈਨੇਡੀਅਨ
# ਪੰਜਾਬੀ ਪੋਸਟ

Award winning newspaper | Canadian Punjabi Post

Vol 19 *Issue 05 Friday, January 10, 2020 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com


## ਇਰਾਨ 'ਚ ਹਾਦਸਾਗ੍ਰਸਤ ਜਹਾਜ਼ ਨੂੰ ਮਿਜ਼ਾਈਲ ਰਾਹੀਂ ਬਣਾਇਆ ਗਿਆ ਸੀ ਨਿਸ਼ਾਨਾ : ਟਰੂਡੋ



ਟੋਰਾਂਟੋ, 9 ਜਨਵਰੀ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਕੈਨੇਡਾ ਕੋਲ ਅਜਿਹੀ ਜਾਣਕਾਰੀ ਹੈ ਜਿਸ ਤੋਂ ਇਹ ਸਪਸ਼ਟ ਹੋ ਰਿਹਾ ਹੈ ਕਿ ਬੁੱਧਵਾਰ ਸਵੇਰੇ ਇਰਾਨ ਵਿੱਚ ਹਾਦਸੇ ਦਾ ਸ਼ਿਕਾਰ ਹੋਏ ਜਹਾਜ਼ ਨੂੰ ਅਸਲ ਵਿੱਚ ਇਰਾਨੀ ਮਿਜ਼ਾਈਲ ਰਾਹੀਂ ਨਿਸ਼ਾਨਾ ਬਣਾਇਆ ਗਿਆ ਸੀ। ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਰਿਹਾ ਕਿ ਅਜਿਹਾ ਗਲਤੀ ਨਾਲ ਹੋਇਆ। ਜ਼ਿਕਰਯੋਗ ਹੈ ਕਿ ਇਸ ਹਾਦਸੇ ਵਿੱਚ ਜਹਾਜ਼ ਵਿੱਚ ਸਵਾਰ ਸਾਰੇ 176 ਲੋਕ ਮਾਰੇ ਗਏ ਸਨ।

ਵੀਰਵਾਰ ਦੁਪਹਿਰ ਨੂੰ ਨਿਊਜ਼ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਟਰੂਡੋ ਨੇ ਆਖਿਆ ਕਿ ਸਾਨੂੰ ਕਈ ਸਰੋਤਾਂ, ਸਾਡੇ ਭਾਈਵਾਲਾਂ ਤੇ ਸਾਡੇ ਆਪਣੇ ਖੁਫੀਆ ਨੈਟਵਰਕ ਤੋਂ ਇਸ ਸਬੰਧ ਵਿੱਚ ਜਾਣਕਾਰੀ ਮਿਲੀ ਹੈ। ਯੂਕਰੇਨ ਦੀ ਏਅਰਲਾਈਨਜ਼ ਦੀ ਉਡਾਨ ਪੀਐਸ 752 ਟੇਕ ਆਫ ਕਰਨ ਤੋਂ ਕੁੱਝ ਸਮੇਂ ਬਾਅਦ ਹੀ ਹਾਦਸਾਗ੍ਰਸਤ ਹੋ ਗਈ। ਹਾਦਸੇ ਵਿੱਚ ਮਾਰੇ ਗਏ 63 ਯਾਤਰੀ ਕੈਨੇਡੀਅਨ ਸਨ ਅਤੇ ਕਈ ਹੋਰ ਪਰਮਾਨੈਂਟ ਰੈਜ਼ੀਡੈਂਟਸ ਜਾਂ ਵੀਜ਼ਾ ਉੱਤੇ ਕੈਨੇਡਾ ਵਿੱਚ ਰਹਿ ਰਹੇ ਸਨ।

ਟਰੂਡੋ ਨੇ ਹਾਦਸੇ ਦਾ ਕਾਰਨ ਮਿਜ਼ਾਈਲ ਦਾ ਜਹਾਜ਼ ਨਾਲ ਟਕਰਾਉਣਾ ਹੀ ਦੱਸਿਆ ਪਰ ਉਨ੍ਹਾਂ ਇਹ ਦੱਸਣ ਤੋਂ ਇਨਕਾਰ ਕਰ ਦਿੱਤਾ ਕਿ ਉਨ੍ਹਾਂ ਨੂੰ ਇਸ ਸਬੰਧ ਵਿੱਚ ਕਿਹੋ ਜਿਹੇ ਸਬੂਤ ਮਿਲੇ ਹਨ। ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਨੇ ਆਖਿਆ ਕਿ ਉਨ੍ਹਾਂ ਦਾ ਵੀ ਇਹੋ ਮੰਨਣਾ ਹੈ ਕਿ ਜਹਾਜ਼ ਨੂੰ ਪੇਸ਼ ਆਏ ਹਾਦਸੇ ਲਈ ਇਰਾਨ ਹੀ ਜ਼ਿੰਮੇਵਾਰ ਹੈ। ਕਈ ਸੀਨੀਅਰ ਸਰਕਾਰੀ ਤੇ ਡਿਫੈਂਸ ਅਧਿਕਾਰੀਆਂ ਦੀ ਹਾਜ਼ਰੀ ਵਿੱਚ ਪ੍ਰਧਾਨ ਮੰਤਰੀ ਨੇ ਆਖਿਆ ਕਿ ਉਨ੍ਹਾਂ ਇਰਾਨ ਤੋਂ ਇਸ ਹਾਦਸੇ ਦੀ ਮੁਕੰਮਲ ਜਾਂਚ ਦੀ ਇਜਾਜ਼ਤ ਦੇਣ ਦੀ ਮੰਗ ਕੀਤੀ ਹੈ।...ਬਾਕੀ ਪੰਨਾ 6 'ਤੇ

## ਗੁਰਦੁਆਰਾ ਮਾਲ ਜੀ ਸਾਹਿਬ, ਕੰਗਣਪੁਰ, ਜ਼ਿਲਾ ਕਸੂਰ



ਕੈਨੇਡੀਅਨ ਪੰਜਾਬੀ ਪੋਸਟ ਵੱਲੋਂ ਪਾਕਿਸਤਾਨੀ ਸਕਾਲਰ ਅਤੇ ਖੋਜੀ ਮੁਹੰਮਦ ਇਕਬਾਲ ਕੈਸਰ ਦੀ ਪੁਸਤਕ 'ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ' ਲੜੀਵਾਰ ਛਾਪੀ ਜਾ ਰਹੀ ਹੈ। ਲੜੀ ਨੂੰ ਜੋੜਨ ਲਈ ਪਿਛਲੇ ਅੰਕ ਦੇਖੇ ਜਾ ਸਕਦੇ ਹਨ। ਪਾਠਕ ਇਸ ਲੜੀ ਨੂੰ ਸਾਡੀ ਵੈੱਬਸਾਈਟ punjabipost.ca 'ਤੇ ਦੇਸ਼ ਤੇ ਦੁਨੀਆਂ ਵਾਲੇ ਕੌਲਮ 'ਚ ਪੜ੍ਹ ਸਕਦੇ ਹਨ। ਅੱਜ ਜੋ ਤਸਵੀਰ ਛਾਪੀ ਗਈ ਹੈ ਇਹ ਗੁਰਦੁਆਰਾ ਮਾਲ ਜੀ ਸਾਹਿਬ, ਕੰਗਣਪੁਰ, ਜ਼ਿਲਾ ਕਸੂਰ ਦੀ ਹੈ।

..... ਪੂਰੀ ਜਾਣਕਾਰੀ ਪੰਨਾ 8 'ਤੇ ਪੜ੍ਹੋ।

## ਨੌਰਥ ਯੌਰਕ 'ਚ ਟੈਕਸੀ ਡਰਾਈਵਰ ਉੱਤੇ ਚਾਕੂ ਨਾਲ ਹਮਲਾ

ਨੌਰਥ ਯੌਰਕ, 9 ਜਨਵਰੀ (ਪੋਸਟ ਬਿਊਰੋ) : ਯੰਗ ਸਟਰੀਟ ਏਰੀਆ ਤੇ ਯੌਰਕ ਮਿਲਜ਼ ਰੋਡ ਉੱਤੇ ਬੁੱਧਵਾਰ ਰਾਤ ਇਕ ਟੈਕਸੀ ਡਰਾਈਵਰ ਨੂੰ ਚਾਕੂ ਮਾਰ ਦਿੱਤਾ ਗਿਆ। ਇਹ ਜਾਣਕਾਰੀ ਪੁਲਿਸ ਨੇ ਦਿੱਤੀ।

ਨੌਰਥ ਯੌਰਕ ਏਰੀਆ ਵਿੱਚ ਵਾਪਰੀ ਇਸ ਛੁਰੇਬਾਜ਼ੀ ਦੀ ਘਟਨਾ ਬਾਰੇ ਪੁਲਿਸ ਅਧਿਕਾਰੀਆਂ ਨੂੰ ਜਾਣਕਾਰੀ ਮਿਲਣ ਤੋਂ ਬਾਅਦ ਪੁਲਿਸ ਰਾਤੀਂ 9:20 ਉਤੇ ਮੌਕੇ ਉਤੇ ਪਹੁੰਚੀ। ਇਹ ਦੱਸਿਆ ਜਾ ਰਿਹਾ ਹੈ ਕਿ ਇਹ ਘਟਨਾ ਕਿਰਾਏ ਦੇ ਵਿਵਾਦ ਕਾਰਨ ਵਾਪਰੀ ਲਗਦੀ ਹੈ।

ਮਸਕੂਕ ਨੂੰ ਮਾਲ ਵਿਚ ਦਾਖਲ ਹੁੰਦਿਆਂ ਵੇਖਿਆ ਗਿਆ ਤੇ ਉਸ ਕੋਲ ਅਜੇ ਵੀ ਚਾਕੂ ਹੈ। ਪੈਰਾਮੈਡਿਕਸ ਨੇ ਦਸਿਆ ਕਿ ਡਰਾਈਵਰ ਦੇ ਜਖਮ ਗੰਭੀਰ ਹਨ ਪਰ ਜਾਨਲੇਵਾ ਨਹੀਂ ਹਨ। ਅਧਿਕਾਰੀ ਮੌਕੇ ਉਤੇ ਮੌਜੂਦ ਹਨ ਤੇ ਇਲਾਕੇ ਦੀ ਪੁਣਛਾਣ ਕਰ ਰਹੇ ਹਨ।

## ਟਰੰਪ ਨੇ ਬਰਾਕ ਓਬਾਮਾ ਨੂੰ ਚਿਤਾਵਨੀ ਦਿੱਤੀ ਸੀ, ਖੁਦ 'ਈਰਾਨੀ ਪੱਤਾ' ਖੇਡਿਆ!



ਵਾਸ਼ਿੰਗਟਨ, 9 ਜਨਵਰੀ, (ਪੋਸਟ ਬਿਊਰੋ)- ਈਰਾਨ ਖਿਲਾਫ ਜੰਗ ਸ਼ੁਰੂ ਕਰਨ ਦੇ ਮੁੱਦੇ ਤੋਂ ਇਹ ਗੱਲ ਬਹਿਸ ਦਾ ਮੁੱਦਾ ਬਣ ਗਈ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਸੇ ਵਕਤ ਖੁਦ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਈਰਾਨ ਨਾਲ ਜੰਗ ਛੇੜ ਕੇ ਸਿਆਸੀ ਸੰਭਾਵਨਾਵਾਂ ਨੂੰ ਆਪਣੇ ਪੱਖ ਵਿੱਚ ਕਰਨ ਦੇ ਯਤਨਾਂ ਦੇ ਖਿਲਾਫ ਚਿਤਾਵਨੀ ਦਿੱਤੀ ਸੀ, ਪਰ ਅੱਠ ਸਾਲ ਬਾਅਦ ਉਹੀ ਡੋਨਾਲਡ ਟਰੰਪ ਉਹੀ ਪੈਂਤੜਾ ਵਰਤਣ ਲੱਗੇ ਹਨ। ਡੋਨਾਲਡ ਟਰੰਪ ਦੀ ਚੋਣ ਮੁਹਿੰਮ ਦੇ ਬੁਲਾਰੇ ਟਿਮ ਮੁਰਤੋ ਨੇ ਈਰਾਨ ਦੀ ਫੌਜ ਦੇ ਮੇਜਰ ਜਨਰਲ ਕਾਸਿਮ ਸੁਲੇਮਾਨੀ ਦੀ ਮੌਤ ਨੂੰ ਸਿਆਸੀ ਦਾਅ ਵਜੋਂ ਵਰਤਣ ਲਈ ਕਹਿ ਦਿੱਤਾ ਹੈ ਕਿ ਅਮਰੀਕੀ ਲੋਕ ਆਪਣੇ ਰਾਸ਼ਟਰਪਤੀ ਨੂੰ ਦੇਸ਼ ਦੇ ਹਿੱਤਾਂ ਦੀ ਰੱਖਿਆ ਕਰਨ ਵਾਲੇ ਵਿਅਕਤੀ ਦੇ ਤੌਰ ਉੱਤੇ ਦੇਖਣਾ ਚਾਹੁੰਦੇ ਹਨ। ਇਸ ਤੋਂ ਚਰਚਾ ਛਿੜ ਗਈ ਹੈ। ...ਬਾਕੀ ਪੰਨਾ 6 'ਤੇ

## ਮੰਗੋਲੀਆ ਵਿੱਚ ਭਾਰਤੀ ਅੰਬੈਸਡਰ ਐਮਪੀ ਸਿੰਘ ਦਾ ਪੰਜਾਬ ਦੇ ਨਗੀਨੇ ਵਜੋਂ ਸਨਮਾਨ



ਨਵੀਂ ਦਿੱਲੀ, 9 ਜਨਵਰੀ (ਪੋਸਟ ਬਿਊਰੋ) : ਟੋਰਾਂਟੋ ਸਾਹਿਤ ਕੌਂਸੁਲੇਟ ਵਿਖੇ ਲੰਮਾਂ ਸਮਾਂ ਤਾਇਨਾਤ ਰਹੇ ਐਮਪੀ ਸਿੰਘ ਦਾ ਮਨੀਸ਼ ਮੀਡੀਆ ਵੱਲੋਂ ਪੰਜਾਬ ਦੇ ਨਗੀਨੇ ਦੇ ਦੂਜੇ ਸੰਸਕਰਣ ਨੂੰ ਲਾਂਚ ਕਰਨ ਦੌਰਾਨ ਸਨਮਾਨ ਕੀਤਾ ਗਿਆ। ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵੱਲੋਂ ਐਮਪੀ ਸਿੰਘ ਨੂੰ ਇਸ ਖਿਤਾਬ ਨਾਲ ਨਵਾਜਿਆ ਗਿਆ।

ਐਮਪੀ ਸਿੰਘ ਇੰਡੀਅਨ ਫੌਰਨ ਸਰਵਿਸਿਜ਼ ਨਾਲ ਜੁੜੇ ਹੋਏ ਹਨ ਤੇ 1985 ਵਿੱਚ ਉਨ੍ਹਾਂ ਮਨਿਸਟਰੀ ਆਫ ਐਕਸਟਰਨਲ ਅਫੇਅਰਜ਼ (ਐਮਈਏ) ਜੁਆਇਨ ਕੀਤੀ। ਇੱਥੇ ਉਹ ਸਭ ਤੋਂ ਲੰਮਾਂ ਸਮਾਂ ਪ੍ਰੋਟੋਕਾਲ ਆਫੀਸਰਜ਼ ਵਜੋਂ ਸੇਵਾ ਨਿਭਾਉਣ ਵਾਲੇ ਅਧਿਕਾਰੀ ਬਣੇ। ...ਬਾਕੀ ਪੰਨਾ 6 'ਤੇ


Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

NOW HIRING !!! ALLKIND INSURANCE
Life Insurance, Critical illness Ins, Travel & Visitor Ins, RESP & TFSA & RRSP
Super Visa Insurance, Mortgage Insurance, Disability Insurance, Funeral Insurance
SIMRAN SAINI 416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance, Life & Disability, Critical illness, RESP, Visitor & Travel insurance
(416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration, Real Estate / Commercial Law, Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

ਰੈਨੋਵੇਸ਼ਨ, ਡਿਜ਼ਾਇਨ ਜਾਂ ਕੰਸਟ੍ਰੱਕਸ਼ਨ ਲਈ ANGLECON CONSTRUCTION
Fully Insured | Team of licensed trades | Quality work & on-time insured
RESIDENTIAL: ਕਸਟਮ ਮੇਡ ਘਰ, ਘਰਾਂ ਦੀ ਪੂਰੀ ਤਸਲੀਬਖ਼ਸ਼ ਰੈਨੋਵੇਸ਼ਨ, ਲੀਗਲ ਬੇਸਮੈਂਟ
COMMERCIAL: New store design & build, Lease hold Improvements, Medical, offices, retail, restaurants & salon
FAST TRACK PERMIT & CONSTRUCTION 437.219.5009 info@anglecon.ca
BRAMPTON • MISSISSAUGA • ETOBICOKE • OAKVILLE | ਬਰੈਂਪਟਨ • ਮਿਸੀਸਾਗਾ • ਇਟੋਬੀਕੋ • ਓਕਵਿਲ

Home Address Signs $40 OFF ONLY THIS WEEK 289.981.8187

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ 905.796.0000
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਕਰਜ਼ੇ ਦੀ ਮਿਰਦਰੀ ? www.MakeMeDebtFree.ca
ਪਾਵਰ ਆਫ ਸੇਲ ਨੋਟਿਸ ? ਗਾਰਨਿਸ਼ਮੈਂਟ? ਬੈਂਕ ਵਲੋਂ ਪੈਸੇ ਦੀ ਮੰਗ ? ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888 864 3131
Jasbir Singh Hundal Qualified Credit Counsellor
416-502-3100 Unit #20 - 7015 Tranmere Drive Mississauga, ON L5S 1T7

HELPING YOUR PLAN TODAY......FOR TOMORROW
Supervisa / Visitor Insurance, Life / Mortgage/Funeral Insurance, Disability Insurance, Critical Illness Insurance, RESP / RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

Law Office of Aman Sharma
Real Estate - Commercial Lease, Business Purchase & Sale, Notarizations & Affidavits, Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma Open Saturday
Providing excellent quality legal services to our clients

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | AvonFinancial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker
831 Bovaird Dr. West, Unit 25, Brampton, ON L6X 0T9 Fax : 905-216-0392

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets, Completly Furnished, Legal Basement, Painting & Flooring
ਵਾਜਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE | A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Super Visa Insurance, Visitor Visa Insurance, Travel Insurance, Student Insurance, New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
Immigration, Family Law, Corporate, Real Estate, Business Closing, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E. #15, Mississauga, ON L5T 0B3
Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control : Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL 416 938 4598

MANN LAW FIRM
Real Estate Law, Business Law, Wills & Estates, Family Law, Power of Attorney, Civil Litigation, Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

PEST PROBLEM ?
Residential & Commercial
All Pest Control
MICE, COCKROACH, BEDBUG & ALL COMMON BUGS
Protect yourself & your family from the Pests
100% Customer Satisfaction
AFFORDABLE & RELIABLE
KSG Pest Control Inc. 647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges
anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr.,
Brampton,
ON L6Y 4X4

## ਅੱਜ ਨਾਮਾ

ਦੂਜਿਆਂ ਦੇਸ਼ਾਂ ਦੇ ਨਾਲ ਲੈ ਦੂਤ ਵਾਹਵਾ,
ਗਿਆ ਜਹਾਜ਼ ਸੀ ਵੱਲ ਕਸ਼ਮੀਰ ਮੀਆਂ।
ਮੌਕਾ ਦਿੱਤਾ ਬਈ ਵੇਖ ਲਓ ਆਪ ਜਾ ਕੇ,
ਓਥੇ ਅਸਲ ਹੈ ਕਿਹੜੀ ਤਸਵੀਰ ਮੀਆਂ।
ਜਿੱਧਰ ਜਾਵੇ ਇਮਰਾਨ ਖਾਂ ਉਲਟ ਸਾਡੇ,
ਭੰਡੀ ਕਰਨ ਲਈ ਕਰੇ ਤਕਰੀਰ ਮੀਆਂ।
ਮਿਲਣ-ਜੁਲਣ ਤੇ ਲੋਕ ਤਾਂ ਇੰਜ ਵੱਸਣ,
ਜਿੰਦਾਂ ਮਾਣ ਰਹੇ ਮਿਲੀ ਤਕਦੀਰ ਮੀਆਂ।
ਵਿਦੇਸ਼ੀ ਦੂਤਾਂ ਨੂੰ ਸੈਰ ਕਰਵਾਈ ਬੇਸ਼ੱਕ,
ਜਨਤਕ ਆਗੂ ਤਾਂ ਘਰੀਂ ਨੇ ਬੰਦ ਮੀਆਂ।
ਜਿੱਦਣ ਛੁੱਟਣਗੇ ਘਰਾਂ ਵਿੱਚ ਬੰਦ ਕੀਤੇ,
ਓਦਣ ਪਤਾ ਨਹੀਂ ਚੜ੍ਹੇ ਕੀ ਚੰਦ ਮੀਆਂ।

**ਤੀਸ ਮਾਰ ਖਾਂ**

## ਜੇ ਐੱਨ ਯੂ ਹਿੰਸਾ: ਭਾਜਪਾ ਦੇ ਸਾਬਕਾ ਪ੍ਰਧਾਨ ਮੁਰਲੀ ਮਨੋਹਰ ਜੋਸ਼ੀ ਨੇ ਵੀ ਕਿਹਾ: ਵੀ ਸੀ ਨੂੰ ਕੱਢ ਦਿਓ

ਨਵੀਂ ਦਿੱਲੀ, 9 ਜਨਵਰੀ, (ਪੋਸਟ ਬਿਊਰੋ)- ਲਾਲ ਕ੍ਰਿਸ਼ਨ ਅਡਵਾਨੀ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਵਿੱਚ ਦੂਸਰੇ ਸੀਨੀਅਰ ਨੇਤਾ ਗਿਣੇ ਜਾਂਦੇ ਪਾਰਟੀ ਦੇ ਸਾਬਕਾ ਪ੍ਰਧਾਨ ਅਤੇ ਸਾਬਕਾ ਕੇਂਦਰੀ ਮੰਤਰੀ ਨੇਤਾ ਮੁਰਲੀ ਮਨੋਹਰ ਜੋਸ਼ੀ ਨੇ ਵੀ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਐੱਮ ਜਗਦੀਸ਼ ਕੁਮਾਰ ਉੱਤੇ ਗੁੱਸਾ ਝਾੜਿਆ ਅਤੇ ਉਸ ਨੂੰ ਇਸ ਅਹੁਦੇ ਤੋਂ ਹਟਾਏ ਜਾਣ ਦੀ ਮੰਗ ਨੂੰ ਜਾਇਜ਼ ਕਰਾਰ ਦੇ ਦਿੱਤਾ ਹੈ।



ਖੁਦ ਯੂਨੀਵਰਸਿਟੀ ਪ੍ਰੋਫੈਸਰ ਰਹਿ ਚੁੱਕੇ ਸੀਨੀਅਰ ਭਾਜਪਾ ਨੇਤਾ ਮੁਰਲੀ ਮਨੋਹਰ ਜੋਸ਼ੀ ਨੇ ਕਿਹਾ ਕਿ ਸਰਕਾਰ ਨੇ ਵਾਈਸ ਚਾਂਸਲਰ ਜਗਦੀਸ਼ ਕੁਮਾਰ ਨੂੰ ਵਿਦਿਆਰਥੀਆਂ ਤੇ ਟੀਚਰਾਂ ਨਾਲ ਮਿਲ ਕੇ ਮਾਮਲਾ ਮੁਕਾਉਣ ਨੂੰ ਕਿਹਾ ਸੀ, ਪਰ ਉਸ ਨੇ ਏਦਾਂ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਜਗਦੀਸ਼ ਕੁਮਾਰ ਨੂੰ ਜੇ ਐੱਨ ਯੂ ਦੇ ਵਾਈਸ ਚਾਂਸਲਰ ਵਾਲੇ ਅਹੁਦੇ ਤੋਂ ਹਟਾ ਦੇਣਾ ਚਾਹੀਦਾ ਹੈ। ਮੁਰਲੀ ਮਨੋਹਰ ਜੋਸ਼ੀ ਦਾ ਬਿਆਨ ਉਸ ਵੇਲੇ ਸਾਹਮਣੇ ਆਇਆ ਹੈ, ਜਦੋਂ ਵਾਈਸ ਚਾਂਸਲਰ ਜਗਦੀਸ਼ ਕੁਮਾਰ ਲਗਾਤਾਰ ਵਿਦਿਆਰਥੀਆਂ ਤੇ ਵਿਰੋਧੀ ਦੇ ਨਿਸ਼ਾਨੇ ਉੱਤੇ ਬਣੇ ਹੋਏ ਹਨ। ਜੇ ਐੱਨ ਯੂ ਵਿੱਚ ਲਗਾਤਾਰ ਪ੍ਰਦਰਸ਼ਨ ਹੋ ਰਹੇ ਹਨ, ਪਰ ਹਾਲੇ ਤਕ ਵਿਦਿਆਰਥੀਆਂ ਨਾਲ ਸਿੱਧੀ ਗੱਲਬਾਤ ਦੀ ਕੋਸ਼ਿਸ਼ ਨਹੀਂ ਕੀਤੀ ਗਈ।

ਇਸ ਦੌਰਾਨ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿੱਚ ਹਿੰਸਾ ਦੇ ਖਿਲਾਫ ਵੀਰਵਾਰ ਨੂੰ ਵੀ ਵਿਦਿਆਰਥੀਆਂ ਨੇ ਰੋਸ ਪ੍ਰਦਰਸ਼ਨ ਹੁੰਦਾ ਰਿਹਾ ਤੇ ਯੂਨੀਵਰਸਿਟੀ ਦੀ ਵਿਦਿਆਰਥੀ ਯੂਨੀਅਨ ਦੀ ਪ੍ਰਧਾਨ ਆਇਸ਼ੀ ਘੋਸ਼ ਨੇ ਸਾਫ ਕਿਹਾ ਕਿ ਵਾਈਸ ਚਾਂਸਲਰ ਜਗਦੀਸ਼ ਕੁਮਾਰ ਨੂੰ ਕੱਢੇ ਜਾਣ ਤਕ ਵਿਦਿਆਰਥੀਆਂ ਦਾ ਅੰਦੋਲਨ ਜਾਰੀ ਰਹੇਗਾ।

ਦੂਸਰੇ ਪਾਸੇ ਦੁਨੀਆ ਭਰ ਦੇ 250 ਸਿੱਖਿਆ ਵਿਦਵਾਨਾਂ ਨੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਐੱਮ ਜਗਦੀਸ਼ ਕੁਮਾਰ ਦੇ ਅਸਤੀਫੇ ਦੀ ਮੰਗ ਕਰ ਦਿੱਤੀ ਹੈ। ਅਮਰੀਕਾ, ਕੈਨੇਡਾ, ਯੂ ਕੇ, ਜਰਮਨੀ, ਫਰਾਂਸ, ਇਟਲੀ, ਡੈਨਮਾਰਕ, ਆਸਟਰੇਲੀਆ, ਦੱਖਣੀ ਅਫਰੀਕਾ, ਚਿੱਲੀ, ਆਇਰਲੈਂਡ, ਮੈਕਸੀਕੋ, ਅਰਜਨਟਾਈਨਾ, ਤਾਈਵਾਨ, ਗ੍ਰੀਸ, ਸਵਿਟਜ਼ਰਲੈਂਡ, ਸਵੀਡਨ, ਸਪੇਨ, ਪੁਰਤਗਾਲ ਅਤੇ ਨਿਊਜ਼ੀਲੈਂਡ ਦੇ ਸਿੱਖਿਆ ਵਿਦਵਾਨਾਂ ਨੇ ਇਕ ਸਾਂਝੇ ਬਿਆਨ ਉੱਤੇ ਦਸਖਤ ਕੀਤੇ ਹਨ, ਜਿਸ ਵਿਚ ਲਿਖਿਆ ਹੈ ਕਿ ਵਾਈਸ ਚਾਂਸਲਰ ਜਗਦੀਸ਼ ਕੁਮਾਰ ਤੁਰੰਤ ਅਸਤੀਫਾ ਦੇਣ।

## ਇਨੋਵੇਸ਼ਨ ਜ਼ੋਨ ਕਾਇਮ ਕਰਨ ਲਈ ਬਰੈਂਪਟਨ ਤੇ ਰਾਇਰਸਨ ਯੂਨੀਵਰਸਿਟੀ ਨੇ ਸਮਝੌਤੇ ਉੱਤੇ ਪਾਈ ਸਹੀ

ਬਰੈਂਪਟਨ, 9 ਜਨਵਰੀ (ਪੋਸਟ ਬਿਊਰੋ) : ਸਿਟੀ ਆਫ ਬਰੈਂਪਟਨ ਤੇ ਰਾਇਰਸਨ ਯੂਨੀਵਰਸਿਟੀ ਵਲੋਂ ਡਾਊਨਟਾਊਨ ਬਰੈਂਪਟਨ ਵਿੱਚ ਰਾਇਰਸਨ ਇਨੋਵੇਸ਼ਨ ਜ਼ੋਨ ਕਾਇਮ ਕਰਨ ਲਈ ਇਸ ਸਮਝੌਤੇ ਉੱਤੇ ਸਹੀ ਪਾਈ ਗਈ ਹੈ। ਸਿਟੀ ਵਿੱਚ ਪੋਸਟਸੈਕੰਡਰੀ ਐਜੂਕੇਸ਼ਨ ਦੇ ਖੇਤਰ ਵਿੱਚ ਇਸ ਨੂੰ ਮੀਲ ਪੱਥਰ ਮੰਨਿਆ ਜਾ ਰਿਹਾ ਹੈ। ਰਾਇਰਸਨ ਦੀ ਅਗਵਾਈ ਵਿੱਚ ਬਰੈਂਪਟਨ ਇਨੋਵੇਸ਼ਨ ਜ਼ੋਨ ਦਾ ਮਾਡਲ ਰਾਇਰਸਨ ਯੂਨੀਵਰਸਿਟੀ ਦੀ ਵਿਸ਼ਵ ਭਰ ਵਿੱਚ ਮਾਨਤਾ ਪ੍ਰਾਪਤ ਜ਼ੋਨ ਨੈੱਟਵਰਕ ਦੇ ਆਧਾਰ ਉੱਤੇ ਤਿਆਰ ਕੀਤਾ ਗਿਆ ਹੈ ਤੇ ਇਸੇ ਨਾਲ ਹੀ ਇਸ ਨੂੰ ਜੋੜਿਆ ਵੀ ਗਿਆ ਹੈ। ਇਹ ਸਪੇਸਿਜ਼ ਲੋਕਾਂ ਨੂੰ ਰਲ ਕੇ ਦਿਮਾਗੀ ਕਸਰਤ ਕਰਨ, ਨਵੇਂ ਪ੍ਰੋਜੈਕਟ ਸ਼ੁਰੂ ਕਰਨ ਤੇ ਨਵੇਂ ਸਟਾਰਟਅਪਜ਼ ਨੂੰ ਵੱਡੇ ਕਾਰੋਬਾਰਾਂ ਵਿੱਚ ਬਦਲੀ ਕਰਨ ਲਈ ਡਿਜ਼ਾਈਨ ਕੀਤੀਆਂ ਗਈਆਂ ਹਨ। ਨਵੀਂ ਇਨੋਵੇਸ਼ਨ ਜ਼ੋਨ ਬਰੈਂਪਟਨ ਵਿੱਚ ਮਿਆਰੀ ਕਾਰੋਬਾਰ ਵਿਕਸਤ ਕਰਨ, ਉੱਚੀਆਂ ਤੇ ਮਿਆਰੀ ਕਾਰੋਬਾਰੀ ਟੀਮਾਂ ਤਿਆਰ ਕਰਨ ਵੱਲ ਧਿਆਨ ਕੇਂਦਰਿਤ ਕਰੇਗੀ।

ਇਨੋਵੇਸ਼ਨ ਜ਼ੋਨ ਵਿੱਚ ਹੇਠ ਲਿਖੇ ਕੰਮ ਕੀਤੇ ਜਾਣਗੇ :

- ਵਿਚਾਰਾਂ ਦੇ ਮਾਮਲੇ ਵਿੱਚ ਲੀਡਰਸ਼ਿਪ ਮੁਹੱਈਆ ਕਰਵਾਉਣਾ ਤੇ ਨੈਸ਼ਨਲ ਅਤੇ ਕੌਮਾਂਤਰੀ ਮਾਰਕਿਟਸ ਤੱਕ ਪਹੁੰਚ ਦਾ ਰਾਹ ਪੱਧਰਾ ਕਰਨ ਤੋਂ ਇਲਾਵਾ ਆਪਣੀ ਮਿਆਰੀ ਸਾਖ਼ ਬਣਾਉਣ ਵਿੱਚ ਮਦਦ ਕਰਨਾ
- ਨਵੇਂ ਕਾਰੋਬਾਰਾਂ ਤੇ ਮੌਜੂਦਾ ਇੰਡਸਟਰੀਜ਼ ਵਿੱਚ ਵਿਕਾਸ ਦਾ ਸਮਰਥਨ ਕਰਕੇ ਕਾਰੋਬਾਰੀ ਬੁਨਿਆਦੀ ਢਾਂਚੇ ਦਾ ਪਸਾਰ ਕਰਨਾ, ਜਿਵੇਂ ਕਿ ਕ੍ਰਿਏਟਿਵ ਇੰਡਸਟਰੀਜ਼, ਡਿਜੀਟਲ ਹਸਪਤਾਲ, ਇੰਟੈਲੀਜੈਂਟ ਟਰਾਂਸਪੋਰਟੇਸ਼ਨ ਤੇ ਤਕਨਾਲੋਜੀ ਅਧਾਰਤ ਹੈਲਥ ਸੇਵਾਵਾਂ
- ਬਰੈਂਪਟਨ ਦੇ 2040 ਨਜ਼ਰੀਏ ਦਾ ਮੌਕਿਆਂ ਦੀ ਸਿਟੀ ਵਜੋਂ ਨਿਰਮਾਣ ਕਰਕੇ ਇਸ ਨੂੰ ਸਾਕਾਰ ਕਰਨਾ
- ਲੋਕਲ ਟੇਲੈਂਟ ਨੂੰ ਵਿਕਸਤ ਕਰਨਾ, ਇਸ ਨੂੰ ਆਕਰਸ਼ਿਤ ਕਰਨਾ ਤੇ ਬਰਕਰਾਰ ਰੱਖਣਾ
- ਬਿਜ਼ਨਸ, ਅਕੈਡਮੀਆ ਤੇ ਸਰਕਾਰ ਵਿੱਚ ਸ਼ਮੂਲੀਅਤ ਕਰਨ ਵਾਲੇ ਭਾਈਵਾਲਾਂ ਰਾਹੀਂ ਸਾਰੇ ਖੇਤਰਾਂ ਤੋਂ ਪ੍ਰਭਾਵਸ਼ਾਲੀ ਸ਼ਖਸੀਅਤਾਂ ਦਾ ਨੈੱਟਵਰਕ ਤਿਆਰ ਕਰਨਾ

ਦਮਦਾਰ ਇਨੋਵੇਸ਼ਨ ਈਕੋਸਿਸਟਮ ਕਾਇਮ ਕਰਨ ਲਈ ਬਰੈਂਪਟਨ ਵੱਲੋਂ ਸਾਰੇ ਲੋੜੀਂਦੇ ਕਦਮ ਚੁੱਕੇ ਜਾ ਰਹੇ ਹਨ। ਇਨੋਵੇਸ਼ਨ ਜ਼ੋਨ 2020 ਦੇ ਸ਼ੁਰੂ ਵਿੱਚ ਹੀ ਖੁੱਲ੍ਹ ਜਾਵੇਗੀ ਤੇ ਇਹ ਬਰੈਂਪਟਨ ਦੇ ਇਨੋਵੇਸ਼ਨ ਡਿਸਟ੍ਰਿਕਟ ਵਿੱਚ ਨਵਾਂ ਅਧਿਆਏ ਜੋੜੇਗੀ, ਜਿਸ ਵਿੱਚ ਹੇਠ ਲਿਖੀਆਂ ਥਾਂਵਾਂ ਸ਼ਾਮਲ ਹੋਣਗੀਆਂ :

- ਰੌਜਰਜ਼ ਸਾਈਬਰਸਕਿਓਰ ਕੈਟਾਲਿਸਟ
- ਬਰੈਂਪਟਨ ਐਂਟਰਪ੍ਰੈਨਿਓਰ ਸੈਂਟਰ ( ਆਈਡੀਏਸ਼ਨ ਤੇ ਕੋ-ਵਰਕਿੰਗ ਸਪੇਸ)
- ਰਾਇਰਸਨ-ਬਰੈਂਪਟਨ ਇਨੋਵੇਸ਼ਨ ਜ਼ੋਨ (ਸਟਾਰਟ ਅਪ ਇਨਕਿਊਬੇਟਰ)
- ਇਨੋਵੇਸ਼ਨ ਲਈ ਸਿਟੀ ਦੇ ਫਿਊਚਰ ਸੈਂਟਰ ਵਾਸਤੇ ਸਾਈਟ
- ਸਕੇਲ ਅਪ ਇਨਕਿਊਬੇਟਰ

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

## ਮਿਜ਼ਾਈਲ ਹਮਲੇ ਕਾਰਨ ਹਾਦਸੇ ਦਾ ਸ਼ਿਕਾਰ ਹੋਏ ਯੂਕਰੇਨੀਆਈ ਜਹਾਜ਼ ਬਾਰੇ ਲਾਈ ਗਈ ਥਿਊਰੀ ਤੋਂ ਈਰਾਨ ਦਾ ਮੰਨਣ ਤੋਂ ਇਨਕਾਰ

ਤਹਿਰਾਨ, ਇਰਾਨ, 9 ਜਨਵਰੀ (ਪੋਸਟ ਬਿਊਰੋ) : ਯੂਕਰੇਨ ਦਾ ਜਿਹੜਾ ਜਹਾਜ਼ ਇਰਾਨ ਵਿੱਚ ਹਾਦਸੇ ਦਾ ਸ਼ਿਕਾਰ ਹੋਇਆ ਤੇ ਜਿਸ ਹਾਦਸੇ ਵਿੱਚ 176 ਲੋਕ ਮਾਰੇ ਗਏ, ਉਸ ਦੇ ਅਮਲੇ ਨੇ ਕਦੇ ਮਦਦ ਲਈ ਰੇਡੀਓ ਕਾਲ ਹੀ ਨਹੀਂ ਕੀਤੀ। ਜਦੋਂ ਅੱਗ ਦੀਆ ਲਪਟਾਂ ਵਿੱਚ ਘਿਰਿਆ ਇਹ ਜਹਾਜ਼ ਹੇਠਾਂ ਡਿੱਗ ਰਿਹਾ ਸੀ ਤਾਂ ਉਹ ਏਅਰਪੋਰਟ ਪਰਤਣ ਦੀ ਕੋਸ਼ਿਸ਼ ਕਰ ਰਿਹਾ ਸੀ। ਇਹ ਖੁਲਾਸਾ ਇਰਾਨ ਵੱਲੋਂ ਕੀਤੀ ਗਈ ਸ਼ੁਰੂਆਤੀ ਜਾਂਚ ਵਿੱਚ ਵੀਰਵਾਰ ਨੂੰ ਕੀਤਾ ਗਿਆ। ਇਸ ਦੌਰਾਨ ਯੂਕਰੇਨ ਨੇ ਆਖਿਆ ਕਿ ਹਾਦਸੇ ਦੇ ਕਈ ਕਾਰਨਾਂ ਤੇ ਥਿਊਰੀਜ਼ ਦੇ ਬਾਅਦ ਵੀ ਉਹ ਇਸ ਸੰਭਾਵਨਾਂ ਤੋਂ ਵੀ ਇਨਕਾਰ ਨਹੀਂ ਕਰ ਸਕਦੇ ਕਿ ਜਹਾਜ਼ ਮਿਜ਼ਾਈਲ ਹਮਲੇ ਦਾ ਸ਼ਿਕਾਰ ਹੋਇਆ ਹੋ ਸਕਦਾ ਹੈ। ਪਰ ਇਰਾਨ ਵੱਲੋਂ ਇਸ ਥਿਊਰੀ ਤੋਂ ਇਨਕਾਰ ਕੀਤਾ ਜਾ ਰਿਹਾ ਹੈ।

ਇਰਾਨੀ ਰਿਪੋਰਟ ਅਨੁਸਾਰ ਯੂਕਰੇਨ ਦੀ ਇੰਟਰਨੈਸ਼ਨਲ ਏਅਰਲਾਈਨਜ਼ ਦੇ ਇਸ ਬੋਇੰਗ 737 ਜਹਾਜ਼ ਨੇ ਐਮਰਜੰਸੀ ਵਿੱਚ ਏਅਰਪੋਰਟ ਪਰਤਣ ਦਾ ਫੈਸਲਾ ਕੀਤਾ ਪਰ ਤਹਿਰਾਨ ਦੇ ਇਮਾਮ ਖੋਮੈਣੀ ਇੰਟਰਨੈਸ਼ਨਲ ਏਅਰਪੋਰਟ ਤੋਂ ਉਡਾਣ ਭਰਨ ਤੋਂ ਕੁਝ ਦੇਰ ਬਾਅਦ ਹੀ ਉਹ ਹਾਦਸੇ ਦਾ ਸ਼ਿਕਾਰ ਹੋ ਗਿਆ। ਇਰਾਨ ਦੀ ਸਿਵਲ ਏਵੀਏਸ਼ਨ ਆਰਗੇਨਾਈਜ਼ੇਸ਼ਨ ਦੇ ਜਾਂਚਕਾਰਾਂ ਨੇ ਹਾਦਸੇ ਲਈ ਕਿਸੇ ਕਿਸਮ ਦੇ ਕਾਰਨਾਂ ਦੀ ਕੋਈ ਜਾਣਕਾਰੀ ਨਹੀਂ ਦਿੱਤੀ। ਇਰਾਨੀ ਅਧਿਕਾਰੀਆਂ ਨੇ ਸ਼ੁਰੂ ਵਿੱਚ ਤਕਨੀਕੀ ਖਰਾਬੀ ਨੂੰ ਹਾਦਸੇ ਦਾ ਕਾਰਨ ਦੱਸਿਆ। ਯੂਕਰੇਨ ਦੇ ਅਧਿਕਾਰੀਆਂ ਨੇ ਵੀ ਪਹਿਲਾਂ ਇਸ ਥਿਊਰੀ ਦਾ ਸਮਰਥਨ ਕੀਤਾ ਪਰ ਉਨ੍ਹਾਂ ਬਾਅਦ ਵਿਚ ਆਖਿਆ ਕਿ ਜਾਂਚ ਪੂਰੀ ਹੋਣ ਤੱਕ ਉਹ ਕੁਝ ਨਹੀਂ ਆਖ ਸਕਦੇ।

ਇਹ ਹਾਦਸਾ ਇਰਾਨ ਵੱਲੋਂ ਬਾਲਿਸਟਿਕ ਮਿਜ਼ਾਈਲ ਨਾਲ ਅਮਰੀਕੀ ਫੌਜਾਂ ਦੇ ਇਰਾਕੀ ਟਿਕਾਣੇ ਉੱਤੇ ਕੀਤੇ ਗਏ ਹਮਲੇ ਤੋਂ ਕੁਝ ਘੰਟੇ ਬਾਅਦ ਵਾਪਰਿਆ। ਇਰਾਨ ਵਲੋਂ ਇਹ ਮਿਜ਼ਾਈਲਾਂ ਅਮਰੀਕਾ ਤੋਂ ਬਦਲਾ ਲੈਣ ਲਈ ਦਾਗੀਆਂ ਗਈਆਂ ਸਨ। ਬੀਤੇ ਸ਼ੁੱਕਰਵਾਰ ਅਮਰੀਕਾ ਨੇ ਹਵਾਈ ਹਮਲੇ ਨਾਲ ਇਰਾਨੀ ਰੈਵੋਲਿਊਸ਼ਨਰੀ ਗਾਰਡ ਜਨਰਲ ਸੁਲੇਮਾਨੀ ਨੂੰ ਮਾਰ ਮੁਕਾਇਆ ਸੀ। ਜ਼ਿਕਰਯੋਗ ਹੈ ਕਿ ਬੁੱਧਵਾਰ ਨੂੰ ਇੱਕ ਘੰਟੇ ਦੀ ਦੇਰੀ ਤੋਂ ਬਾਅਦ ਯੂਕਰੇਨੀਆਈ ਜਹਾਜ਼ ਨੇ ਸਵੇਰੇ 6:12 ਵਜੇ ਉਡਾਨ ਭਰੀ ਸੀ। ਪੱਛਮ ਵੱਲ ਵੱਧਦੇ ਹੋਏ 8000 ਫੁਟ ਦੀ ਉਚਾਈ ਉਤੇ ਪਹੁੰਚਣ ਉਪਰੰਤ ਜਹਾਜ਼ ਨਾਲ ਕੁੱਝ ਗੜਬੜ ਹੋਈ। ਪਰ ਇਸ ਸਬੰਧ ਵਿੱਚ ਪਾਇਲਟ ਵੱਲੋਂ ਕੋਈ ਮੈਸੇਜ ਨਹੀਂ ਦਿੱਤਾ ਗਿਆ। ਐਮਰਜੰਸੀ ਵਾਲੇ ਹਾਲਾਤ ਵਿਚ ਪਾਇਲਟ ਤੁਰੰਤ ਏਅਰ ਟਰੈਫਿਕ ਕੰਟਰੋਲਰਜ਼ ਨਾਲ ਸੰਪਰਕ ਕਰਦੇ ਹਨ।

ਇਸ ਜਹਾਜ਼ ਦੇ ਉੱਪਰੋਂ ਲੰਘ ਰਹੇ ਇੱਕ ਹੋਰ ਜਹਾਜ਼ ਦੇ ਅਮਲਾ ਮੈਂਬਰਾਂ ਤੇ ਹੋਰ ਯਾਤਰੀਆਂ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ 6:18 ਉਤੇ ਹਾਦਸੇ ਦਾ ਸ਼ਿਕਾਰ ਹੋਇਆ ਜਹਾਜ਼ ਅੱਗ ਦੀਆਂ ਲਪਟਾਂ ਵਿੱਚ ਘਿਰਿਆ ਹੋਇਆ ਸੀ। ਹਾਦਸੇ ਨਾਲ ਜ਼ਬਰਦਸਤ ਧਮਾਕਾ ਹੋਇਆ ਜਦੋਂ ਜਹਾਜ਼ ਜ਼ਮੀਨ ਨਾਲ ਟਕਰਾਇਆ। ਰਿਪੋਰਟ ਵਿਚ ਆਖਿਆ ਗਿਆ ਹੈ ਕਿ ਦੋਵੇਂ ਬਲੈਕ ਬਾਕਸ ਮਿਲ ਗਏ ਹਨ। ਯੂਕਰੇਨ ਦੀ ਸਕਿਊਰਿਟੀ ਕਾਉਂਸਲ ਦੇ ਸਕੱਤਰ ਓਲੇਕਸੀ ਦਾਨੀਲੋਵ ਨੇ ਆਖਿਆ ਕਿ ਮਿਜ਼ਾਈਲ ਹਮਲੇ ਨੂੰ ਵੀ ਇੱਕ ਸੰਭਾਵਨਾ ਮੰਨਿਆ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਜਿਸ ਥਾਂ ਤੋਂ ਜਹਾਜ਼ ਦਾ ਮਲਬਾ ਮਿਲਿਆ ਉੱਥੋਂ ਨੇੜਿਓਂ ਹੀ ਮਿਜ਼ਾਈਲ ਦੇ ਤੱਥ ਵੀ ਮਿਲੇ। ਯੂਕਰੇਨੀਅਨ ਜਾਂਚਕਾਰ ਵੀਰਵਾਰ ਸਵੇਰੇ ਇਰਾਨ ਪਹੁੰਚ ਗਏ ਹਨ ਤੇ ਹਾਲ ਦੀ ਘੜੀ ਇਰਾਨੀ ਅਧਿਕਾਰੀਆਂ ਤੋਂ ਹਾਦਸੇ ਵਾਲੀ ਥਾਂ ਦੀ ਜਾਂਚ ਕਰਨ ਦੀ ਇਜਾਜ਼ਤ ਮੰਗ ਰਹੇ ਹਨ।

## ਦਰਬਾਰ ਸਾਹਿਬ ਪਰਿਕਰਮਾ ਵਿੱਚ ਲੜਕੀ ਨੇ ਗਾਣੇ ’ਤੇ ਨੱਚਦਿਆਂ ਵੀਡਿਓ ਬਣਾ ਕੇ ਟਿਕ-ਟੌਕ 'ਤੇ ਪਾਈ

ਅੰਮ੍ਰਿਤਸਰ, 9 ਜਨਵਰੀ (ਪੋਸਟ ਬਿਊਰੋ)- ਸ੍ਰੀ ਹਰਿਮੰਦਰ ਸਾਹਿਬ ਵਿਖੇ ਰੋਜ਼ਾਨਾ ਦੇਸ਼-ਵਿਦੇਸ਼ ਤੋਂ ਸ਼ਰਧਾ ਸਹਿਤ ਲੱਖਾਂ ਸ਼ਰਧਾਲੂ ਆਉਂਦੇ ਹਨ, ਪਰ ਕਈ ਸ਼ਰਧਾਲੂਆਂ ਵੱਲੋਂ ਪ੍ਰਬੰਧਕਾਂ ਤੇ ਸੇਵਾਦਾਰਾਂ ਤੋਂ ਅੱਖ ਬਚਾਅ ਕੇ ਪਰਿਕਰਮਾ 'ਚ ਸਰੋਵਰ ਕੰਢੇ ਗਾਣਿਆਂ 'ਤੇ ਨੱਚਦਿਆਂ ਦੀਆਂ ਕੁਝ ਸਮੇਂ ਦੀਆਂ ਵੀਡਿਓ ਬਣਾ ਕੇ ਅਤੇ ਉਨ੍ਹਾਂ ਨੂੰ ਟਿਕ ਟੌਕ ਆਦਿ ਸੋਸ਼ਲ ਮੀਡੀਆ 'ਤੇ ਅਪਲੋਡ ਕਰਕੇ ਸ਼ਰਧਾਲੂਆਂ ਦੇ ਮਨਾਂ ਨੂੰ ਠੇਸ ਪੁੰਚਾਈ ਜਾ ਰਹੀ ਹੈ। ਅਜਿਹਾ ਇੱਕ ਮਾਮਲਾ ਓਦੋਂ ਪਤਾ ਲੱਗਾ ਜਦੋਂ ਇੱਕ ਅਕਾਂਕਸ਼ਾ ਠਾਕੁਰ ਨਾਂਅ ਦੀ ਇੱਕ 20-25 ਸਾਲ ਦੀ ਲੜਕੀ ਨੇ ਇਸ ਪਵਿੱਤਰ ਅਸਥਾਨ ਦੀ ਪਰਿਕਰਮਾ ਵਿੱਚ ਪੰਜਾਬੀ ਗਾਣੇ ਉਤੇ ਨੱਚਦਿਆਂ ਦੀ 15 ਕੁ ਸੈਕਿੰਡ ਦੀ ਵੀਡੀਓ ਟਿਕ-ਟੌਕ 'ਤੇ ਅਪਲੋਡ ਕੀਤੀ। ਇਸ ਵੀਡੀਓ ਵਾਇਰਲ ਦਾ ਮਾਮਲਾ ਸਾਹਮਣੇ ਆਉਣ ਪਿੱਛੋਂ ਹਰਿਮੰਦਰ ਸਾਹਿਬ ਦੇ ਮੈਨੇਜਰ ਜਸਵਿੰਦਰ ਸਿੰਘ ਦੀਨਪੁਰ ਨੇ ਕਿਹਾ ਕਿ ਏਥੇ ਗਾਣਿਆਂ ਦੀਆਂ ਵੀਡੀਓਜ਼ ਬਣਾਉਣੀਆਂ ਮੰਦਭਾਗੀ ਗੱਲ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਧਿਆਨ 'ਚ ਇਹ ਮਾਮਲਾ ਆਇਆ ਹੈ ਤੇ ਉਹ ਇਸਦੀ ਜਾਂਚ ਕਰਵਾ ਰਹੇ ਹਨ। ਉਨ੍ਹਾਂ ਕਿਹਾ ਕਿ ਪਰਿਕਰਮਾ ਵਿੱਚ ਸੇਵਾਦਾਰ ਤੇ ਹੋਰ ਪ੍ਰਬੰਧਕ ਹਨ, ਪਰ ਸ਼ਰਾਰਤੀ ਲੋਕ ਅੱਖ ਬਚਾਅ ਕੇ ਅਜਿਹੀ ਸ਼ਰਮਨਾਕ ਹਰਕਤ ਕਰ ਜਾਂਦੇ ਹਨ। ਉਨ੍ਹਾਂ ਕਿਹਾ ਕਿ ਉਹ ਲੜਕੀ ਵਿਰੁੱਧ ਪੁਲਸ ਕਮਿਸ਼ਨਰ ਨੂੰ ਸ਼ਿਕਾਇਤ ਦੇ ਕੇ ਕੇਸ ਦਰਜ ਕਰਾਉਣਗੇ।

## ਜ਼ਿਲ੍ਹਾ ਪ੍ਰੀਸ਼ਦ ਚੋਣਾਂ: ਆਰ ਐਸ ਐਸ ਦਾ ਗੜ੍ਹ ਭਾਜਪਾ ਹੱਥੋਂ ਖੁੱਸ ਗਿਆ

### * ਨਾਗਪੁਰ 'ਚ ਕਾਂਗਰਸ-ਐਨ ਸੀ ਪੀ ਗੱਠਜੋੜ ਦੀ ਰਹੀ ਝੰਡੀ

ਨਾਗਪੁਰ, 9 ਜਨਵਰੀ (ਪੋਸਟ ਬਿਊਰੋ)- ਆਰ ਐਸ ਐਸ ਦੇ ਗੜ੍ਹ ਨਾਗਪੁਰ 'ਚ ਹੋਈਆਂ ਜ਼ਿਲ੍ਹਾ ਪ੍ਰੀਸ਼ਦ ਚੋਣਾਂ 'ਚ ਭਾਜਪਾ ਨੂੰ ਨਮੋਸ਼ੀ ਭਰੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਕਾਂਗਰਸ-ਨੈਸ਼ਨਲਿਸਟ ਕਾਂਗਰਸ ਪਾਰਟੀ ਗੱਠਜੋੜ ਨੇ 58 ਵਿੱਚੋਂ 40 ਸੀਟਾਂ ਹਾਸਲ ਕੀਤੀਆਂ ਹਨ ਜਦ ਕਿ ਭਾਜਪਾ ਨੂੰ ਮਸਾਂ 15 ਸੀਟਾਂ ਮਿਲੀਆਂ। ਸ਼ਿਵ ਸੈਨਾ ਨੇ ਇਕੱਲਿਆਂ ਚੋਣ ਲੜੀ ਸੀ ਅਤੇ ਉਸ ਨੂੰ ਇੱਕ ਸੀਟ ਨਸੀਬ ਹੋਈ ਹੈ।

ਛੇ ਜ਼ਿਲ੍ਹਾ ਪ੍ਰੀਸ਼ਦਾਂ 'ਚ ਕੁੱਲ 332 ਵਿੱਚੋਂ ਭਾਜਪਾ ਨੂੰ 103 ਸੀਟਾਂ, ਕਾਂਗਰਸ ਨੂੰ 73, ਐਨ ਸੀ ਪੀ ਨੂੰ 46 ਅਤੇ ਸ਼ਿਵ ਸੈਨਾ ਨੂੰ 49 (ਕੁੱਲ ਮਿਲਾ ਕੇ 168 ਸੀਟਾਂ) ਮਿਲੀਆਂ ਹਨ। ਪਲਘਰ ਜ਼ਿਲ੍ਹਾ ਪ੍ਰੀਸ਼ਦ ਦੀਆਂ 57 ਸੀਟਾਂ ਵਿੱਚੋਂ ਸ਼ਿਵ ਸੈਨਾ ਨੂੰ 18, ਐਨ ਸੀ ਪੀ ਨੂੰ 14 ਅਤੇ ਭਾਜਪਾ ਨੂੰ 12 ਸੀਟਾਂ ਮਿਲੀਆਂ ਜਦ ਕਿ ਸੀ ਪੀ ਐੱਮ ਨੂੰ ਪੰਜ ਅਤੇ ਤਿੰਨ ਆਜ਼ਾਦ ਉਮੀਦਵਾਰ ਚੋਣਾਂ ਜਿੱਤੇ ਹਨ। ਧੂਲੇ ਵਿੱਚ ਭਾਜਪਾ ਨੇ 56 'ਚੋਂ 39 ਸੀਟਾਂ ਜਿੱਤ ਕੇ ਕੁਝ ਸਾਖ ਬਚਾਈ ਹੈ। ਇਥੇ ਕਾਂਗਰਸ ਨੂੰ ਸੱਤ, ਸ਼ਿਵ ਸੈਨਾ ਨੂੰ ਚਾਰ ਅਤੇ ਐਨ ਸੀ ਪੀ ਨੂੰ ਤਿੰਨ ਸੀਟਾਂ ਮਿਲੀਆਂ ਹਨ। ਨੰਦਰਬਾਰ ਚੋਣਾਂ ਵਿੱਚ ਭਾਜਪਾ ਅਤੇ ਕਾਂਗਰਸ ਨੂੰ 23-23 ਸੀਟਾਂ ਮਿਲੀਆਂ ਅਤੇ ਸ਼ਿਵ ਸੈਨਾ ਨੇ ਸੱਤ ਅਤੇ ਐਨ ਸੀ ਪੀ ਨੇ ਤਿੰਨ ਸੀਟਾਂ ਜਿੱਤੀਆਂ। ਵਾਸ਼ਿਮ ਜ਼ਿਲ੍ਹਾ ਪ੍ਰੀਸ਼ਦ 'ਚ ਵੀ ਭਾਜਪਾ ਨੂੰ ਝਟਕਾ ਲੱਗਾ ਅਤੇ ਉਸ ਨੂੰ 52 'ਚੋਂ ਸੱਤ ਸੀਟਾਂ ਮਿਲੀਆਂ ਹਨ। 58 ਜ਼ਿਲ੍ਹਾ ਪ੍ਰੀਸ਼ਦਾਂ ਅਤੇ 116 ਪੰਚਾਇਤ ਸੰਮਤੀਆਂ ਲਈ ਚੋਣਾਂ 7 ਜਨਵਰੀ ਨੂੰ ਹੋਈਆਂ ਸਨ ਕੱਲ੍ਹ ਨਤੀਜੇ ਐਲਾਨੇ ਗਏ। ਛੇ ਪੰਚਾਇਤ ਸੰਮਤੀਆਂ 'ਚ ਭਾਜਪਾ ਨੂੰ ਝਟਕਾ ਲੱਗਣ ਜਾ ਰਿਹਾ ਹੈ ਜਿਥੇ 664 ਸੀਟਾਂ 'ਚੋਂ ਭਾਜਪਾ ਨੂੰ 194 ਸੀਟਾਂ ਮਿਲੀਆਂ।

## ਬਿਆਸ ਸਕੂਲ ਰੇਪ ਮਾਮਲਾ: ਸਕੂਲ ਡਾਇਰੈਕਟਰ, ਪ੍ਰਿੰਸੀਪਲ ਤੇ ਟੀਚਰ ਵਿਰੁੱਧ ਕੇਸ ਦਰਜ

ਬਾਬਾ ਬਕਾਲਾ ਸਾਹਿਬ, 9 ਜਨਵਰੀ (ਪੋਸਟ ਬਿਊਰੋ)- ਕਸਬਾ ਬਿਆਸ ਦੇ ਇੱਕ ਨਾਮਵਰ ਪ੍ਰਾਈਵੇਟ ਸਕੂਲ 'ਚ ਬੀਤੀ 13 ਦਸੰਬਰ 2019 ਨੂੰ ਵਾਪਰੇ ਬਲਾਤਕਾਰ ਕਾਂਡ, ਜਿਸ 'ਚ ਸਕੂਲ ਵਿੱਚ ਪੜ੍ਹਦੇ ਇੱਕ 10ਵੀਂ ਜਮਾਤ ਦੇ ਵਿਦਿਆਰਥੀ ਵੱਲੋਂ ਉਸੇ ਸਕੂਲ ਦੀ ਦੂਸਰੀ ਜਮਾਤ 'ਚ ਪੜ੍ਹਦੀ ਅੱਠ ਸਾਲਾ ਬੱਚੀ ਨਾਲ ਬਲਾਤਕਾਰ ਦੀ ਘਟਨਾ ਹੋਈ ਸੀ, ਦੀ ਜਾਂਚ 'ਚ ਕਮੇਟੀ ਨੇ ਵੱਡਾ ਖੁਲਾਸਾ ਕਰਦਿਆਂ ਮੈਡੀਕਲ ਰਿਪੋਰਟ 'ਚ ਬੱਚੀ ਨਾਲ ਬਲਾਤਕਾਰ ਦੀ ਪੁਸ਼ਟੀ ਕੀਤੀ ਹੈ। ਇਸ ਉਤੇ ਪੁਲਸ ਨੇ ਨਿੱਜੀ ਸਕੂਲ ਦੇ ਡਾਇਰੈਕਟਰ, ਪ੍ਰਿੰਸੀਪਲ ਤੇ ਕਲਾਸ ਟੀਚਰ ਵਿਰੁੱਧ ਕੇਸ ਦਰਜ ਕਰ ਲਿਆ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’, ਅਸੀਂ ਕਰਾਂਗੇ ‘ਹਾਂ’
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ukttc UK TRUCK TRAINING CENTRE
PCC #179958
Registered as a Private Careers College
We help in Written Test & in Finding Jobs
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
NEW LOCATION !!! 225 Sheldon Dr Unit 18, Cambridge Call Jitpal Singh Deol 647-204-1936
Kuldip Singh Grewal
647.894.8590
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Gurjot Singh Grewal 437.224.8500

We Provide services:
• Corporation Registration
• Corporation Tax Returns
• Personal Tax Retrurns
• Accounting • Book - Keeping
• H.S.T • WSIB • T4 • E-File
• Assistance in Audit with CRA
CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com
7956 Torbram Rd, Unit #209, Brampton, ON L6T 5A2 Fax: 905-291-0741

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

# ਨਾਗਰਿਕਤਾ ਸੋਧ ਕਾਨੂੰਨ ਬਾਰੇ ਫੌਰੀ ਸੁਣਵਾਈ ਕਰਨ ਤੋਂ ਸੁਪਰੀਮ ਕੋਰਟ ਦਾ ਇਨਕਾਰ

ਨਵੀਂ ਦਿੱਲੀ, 9 ਜਨਵਰੀ, (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਨਾਗਰਿਕਤਾ ਸੋਧ ਕਾਨੂੰਨ ਨੂੰ ਸੰਵਿਧਾਨਕ ਐਲਾਨੇ ਜਾਣ ਲਈ ਪੇਸ਼ ਕੀਤੀ ਗਈ ਪਟੀਸ਼ਨ ਉੱਤੇ ਫ਼ੌਰੀ ਸੁਣਵਾਈ ਤੋਂ ਇਨਕਾਰ ਕਰਦੇ ਹੋਏ ਕਿਹਾ ਹੈ ਕਿ ਇਸ ਸਮੇਂ ਦੇਸ਼ ਔਖੇ ਦੋਰ ਵਿਚੋਂ ਲੰਘ ਰਿਹਾ ਹੈ ਅਤੇ ਬਹੁਤ ਜ਼ਿਆਦਾ ਹਿੰਸਾ ਹੋ ਰਹੀ ਹੈ, ਇਸ ਲਈ ਫੌਰੀ ਸੁਣਵਾਈ ਦੀ ਲੋੜ ਨਹੀਂ। ਚੀਫ ਜਸਟਿਸ ਐਸ ਏ ਬੋਬੜੇ, ਜਸਟਿਸ ਬੀ ਆਰ ਗਵਈ ਤੇ ਜਸਟਿਸ ਸੂਰਿਆ ਕਾਂਤ ਦੇ ਬੈਂਚ ਨੇ ਪਟੀਸ਼ਨ ਉੱਤੇ ਹੈਰਾਨੀ ਪ੍ਰਗਟ ਕਰਦਿਆਂ ਕਿਹਾ ਕਿ ਪਹਿਲੀ ਵਾਰ ਕੋਈ ਕਿਸੇ ਕਾਨੂੰਨ ਨੂੰ ਸੰਵਿਧਾਨਕ ਐਲਾਨੇ ਜਾਣ ਦੀ ਬੇਨਤੀ ਕਰਨ ਦੇ ਲਈ ਆਇਆ ਹੈ। ਅਦਾਲਤ ਨੇ ਕਿਹਾ ਕਿ ਹਿੰਸਾ ਰੁਕਣ ਮਗਰੋਂ ਉਹ ਨਾਗਰਿਕਤਾ ਸੋਧ ਕਾਨੂੰਨ ਦੇ ਸੰਵਿਧਾਨਿਕ ਹੋਣ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ਉੱਤੇ ਸੁਣਵਾਈ ਕਰੇਗੀ। ਚੀਫ ਜਸਟਿਸ ਨੇ ਕਿਹਾ, 'ਇਸ ਵਕਤ ਏਨੀ ਜ਼ਿਆਦਾ ਹਿੰਸਾ ਹੋ ਰਹੀ ਹੈ ਅਤੇ ਦੇਸ਼ ਔਖੇ ਦੌਰ ਵਿਚੋਂ ਲੰਘ ਰਿਹਾ ਹੈ ਤਾਂ ਸਾਡਾ ਯਤਨ ਸ਼ਾਂਤੀ ਲਈ ਹੋਣਾ ਚਾਹੀਦਾ ਹੈ। ਇਸ ਅਦਾਲਤ ਦਾ ਕੰਮ ਕਾਨੂੰਨ ਦੇ ਜਾਇਜ਼ ਹੋਣ ਨੂੰ ਤੈਅ ਕਰਨਾ ਹੈ, ਉਸ ਨੂੰ ਸੰਵਿਧਾਨਕ ਐਲਾਨ ਕਰਨਾ ਨਹੀਂ।'

ਸੁਪਰੀਮ ਕੋਰਟ ਨੇ ਇਹ ਟਿਪਣੀ ਓਦੋਂ ਕੀਤੀ, ਜਦੋਂ ਇੱਕ ਵਕੀਲ ਵਿਨੀਤ ਢਾਂਡਾ ਨੇ ਨਾਗਰਿਕਤਾ ਸੋਧ ਕਾਨੂੰਨ ਨੂੰ ਸੰਵਿਧਾਨਕ ਐਲਾਨੇ ਜਾਣ ਤੇ ਸਾਰੇ ਰਾਜਾਂ ਨੂੰ ਇਸ ਕਾਨੂੰਨ ਉੱਤੇ ਅਮਲ ਕਰਨ ਦਾ ਨਿਰਦੇਸ਼ ਦੀ ਪਟੀਸ਼ਨ ਉੱਤੇ ਸੁਣਵਾਈ ਕਰਨ ਲਈ ਇਸ ਨੂੰ ਤੁਰੰਤ ਸੂਚੀ ਬੱਧ ਕਰਨ ਲਈ ਕਿਹਾ। ਇਸ ਪਟੀਸ਼ਨ ਵਿਚ ਅਫ਼ਵਾਹਾਂ ਫੈਲਾਉਣ ਵਾਲੇ ਕਾਰਕੁਨਾਂ, ਵਿਦਿਆਰਥੀਆਂ ਤੇ ਮੀਡੀਆ ਘਰਾਣਿਆਂ ਦੇ ਵਿਰੁੱਧ ਕਾਰਵਾਈ ਕਰਨ ਦੀ ਵੀ ਬੇਨਤੀ ਕੀਤੀ ਗਈ ਹੈ। ਅਦਾਲਤ ਪਹਿਲਾਂ ਇਸ ਕਾਨੂੰਨ ਉੱਤੇ ਵਿਚਾਰ ਕਰਨ ਤਿਆਰ ਹੋ ਗਈ, ਪਰ ਇਸ ਦੇ ਅਮਲ ਉੱਤੇ ਰੋਕ ਲਾਉਣ ਤੋਂ ਇਨਕਾਰ ਕਰ ਦਿੱਤਾ ਅਤੇ ਇਸ ਕਾਨੂੰਨ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ਬਾਰੇ ਕੇਂਦਰ ਸਰਕਾਰ ਨੂੰ ਨੋਟਿਸ ਜਾਰੀ ਕਰ ਕੇ ਇਸ ਨੂੰ ਜਨਵਰੀ ਦੇ ਦੂਜੇ ਹਫ਼ਤੇ ਵਿਚ ਸੁਣਵਾਈ ਲਈ ਸੂਚੀ ਬੱਧ ਕਰ ਦਿਤਾ। ਕਾਨੂੰਨ ਨੂੰ ਚੁਣੌਤੀ ਦੇਣ ਵਾਲਿਆਂ ਵਿਚ ਕਾਂਗਰਸ ਦੇ ਜੈਰਾਮ ਰਮੇਸ਼, ਤ੍ਰਿਣਮੂਲ ਕਾਂਗਰਸ ਦੀ ਪਾਰਲੀਮੈਂਟ ਮੈਂਬਰ ਮਹੂਆ ਮੋਇਤਰਾ ਤੇ ਕਈ ਪਾਰਟੀਆਂ ਦੇ ਆਗੂ ਸ਼ਾਮਲ ਹਨ।

# ਪ੍ਰਿੰਸ ਹੈਰੀ ਤੇ ਮੇਗਨ ਨੇ ਮਹਾਰਾਣੀ ਨਾਲ ਸਲਾਹ ਕੀਤੇ ਬਿਨਾਂ ਸ਼ਾਹੀ ਭੂਮਿਕਾਵਾਂ ਛੱਡੀਆਂ




ਲੰਡਨ, 9 ਜਨਵਰੀ, (ਪੋਸਟ ਬਿਊਰੋ)- ਪ੍ਰਿੰਸ ਹੈਰੀ ਅਤੇ ਉਨ੍ਹਾਂ ਦੀ ਪਤਨੀ ਮੇਗਨ ਮਰਕੇਲ ਨੇ ਅਚਾਨਕ ਆਪਣੀ ਯੋਜਨਾ ਦੇ ਐਲਾਨ ਨਾਲ ਪੂਰੇ ਦੇਸ਼ ਨੂੰ ਹੈਰਾਨ ਕਰ ਦਿੱਤਾ ਹੈ ਕਿ ਬ੍ਰਿਟੇਨ ਅਤੇ ਅਮਰੀਕਾ ਵਿਚ ਆਪਣਾ ਸਮਾਂ ਬਿਤਾਉਣ ਲਈ ਉਹ ਖੁਦ ਨੂੰ ਸ਼ਾਹੀ ਭੂਮਿਕਾ ਤੋਂ ਵੱਖ ਕਰ ਰਹੇ ਹਨ। ਦੋਵਾਂ ਨੇ ਮਹਾਰਾਣੀ ਨਾਲ ਸਲਾਹ-ਮਸ਼ਵਰਾ ਕੀਤੇ ਬਿਨਾਂ ਇਹ ਐਲਾਨ ਕਰ ਦਿੱਤਾ ਹੈ, ਜਿਸ ਨੂੰ ਬ੍ਰਿਟੇਨ ਦੇ ਸ਼ਾਹੀ ਖਾਨਦਾਨ ਦੇ ਅੰਦਰ ਖਿਲਾਰੇ ਦੇ ਰੂਪ ਵਿੱਚ ਦੇਖਿਆ ਜਾ ਰਿਹਾ ਹੈ।

ਬੁੱਧਵਾਰ ਰਾਤ ਅਚਾਨਕ ਇਕ ਬਿਆਨ ਜਾਰੀ ਕਰ ਕੇ ਇਸ ਜੋੜੇ ਨੇ ਆਪਣੀ ਮੌਜੂਦਾ ਭੂਮਿਕਾ ਤੋਂ ਪਿੱਛੇ ਹਟਣ ਦਾ ਐਲਾਨ ਕਰ ਦਿਤਾ। ਉਨ੍ਹਾਂ ਕਿਹਾ ਕਿ ਉਹ ਆਪਣੇ 8 ਮਹੀਨਿਆਂ ਦੇ ਪੁੱਤਰ ਆਰਚੀ ਨਾਲ ਬ੍ਰਿਟੇਨ ਤੇ ਉੱਤਰੀ ਅਮਰੀਕਾ ਵਿੱਚ ਸਮਾਂ ਬਿਤਾਉਣ ਲਈ ਇਹ ਕਦਮ ਚੁੱਕ ਰਹੇ ਹਨ। ਬਕਿੰਘਮ ਪੈਲੇਸ ਤੋਂ ਜਾਰੀ ਬਿਆਨ ਮੁਤਾਬਕ ਦੋਵਾਂ ਨੇ ਆਖਿਆ ਕਿ ਅਸੀਂ ਸ਼ਾਹੀ ਪਰਿਵਾਰ ਦੇ ਸੀਨੀਅਰ ਮੈਂਬਰਾਂ ਦੀ ਭੂਮਿਕਾ ਤੋਂ ਵੱਖ ਹੋ ਕੇ ਆਰਥਿਕ ਪੱਖੋਂ ਸਵੈ ਨਿਰਭਰ ਹੋਣਾ ਚਾਹੁੰਦੇ ਹਾਂ ਤੇ ਇਸ ਦੌਰਾਨ ਮਹਾਰਾਣੀ ਨੂੰ ਸਾਡਾ ਪੂਰਾ ਸਹਿਯੋਗ ਰਹੇਗਾ। ਬਿਆਨ ਮੁਤਾਬਕ ਇਸ ਨਾਲ ਅਸੀਂ ਆਪਣੇ ਪੁੱਤਰ ਨੂੰ ਸ਼ਾਹੀ ਪ੍ਰੰਪਰਾ ਦਾ ਸਨਮਾਨ ਕਰਦੇ ਹੋਏ ਪਾਲਣ ਦੇ ਸਮਰੱਥ ਹੋਵਾਂਗੇ ਤੇ ਸਾਡੇ ਪਰਿਵਾਰ ਨੂੰ ਸਾਡੇ ਨਵੇਂ ਚੈਰੀਟੇਬਲ ਟਰੱਸਟ ਦੀ ਸਥਾਪਨਾ ਸਮੇਤ ਨਵੇਂ ਚੈਪਟਰ ਸ਼ੁਰੂ ਕਰਨ ਦੇ ਲਈ ਧਿਆਨ ਕੇਂਦ੍ਰਿਤ ਕਰਨ ਦਾ ਸਮਾਂ ਵੀ ਮਿਲ ਸਕੇਗਾ।

ਜੋੜੇ ਦੇ ਇਸ ਐਲਾਨ ਨਾਲ ਪ੍ਰਿੰਸ ਹੈਰੀ ਦੀ 93 ਸਾਲਾ ਦਾਦੀ ਮਾਂ ਮਹਾਰਾਣੀ ਏਲੀਜ਼ਾਬੇਥ ਨੂੰ ਬਹੁਤ ਹੈਰਾਨੀ ਹੋਈ ਲੱਗਦੀ ਹੈ। ਉਨ੍ਹਾਂ ਦੇ ਇਸ ਐਲਾਨ ਨੂੰ ਆਨਲਾਈਨ ਪਲੇਟਫਾਰਮ ਉੱਤੇ ਮੈਗਜ਼ਿਟ ਕਰਾਰ ਦਿੱਤਾ ਗਿਆ, ਪਰ ਇਸ ਐਲਾਨ ਨੂੰ ਨਿੱਜੀ ਦੱਸਿਆ ਗਿਆ ਹੈ, ਜਿਸ ਦੀ ਪ੍ਰਵਾਨਗੀ ਅਜੇ ਤੱਕ ਸ਼ਾਹੀ ਮਹਿਲ ਨੇ ਨਹੀਂ ਦਿੱਤੀ। ਉਂਜ ਇਸ ਦੇ ਜਵਾਬ ਵਿੱਚ ਬਕਿੰਘਮ ਪੈਲੇਸ ਨੇ ਇਕ ਬਿਆਨ ਵਿੱਚ ਆਖਿਆ ਕਿ ਡਿਊਕ ਅਤੇ ਡਚੇਜ ਆਫ ਸਸੈਕਸ ਦੇ ਨਾਲ ਗੱਲਬਾਤ ਸ਼ੁਰੂਆਤੀ ਪੜਾਅ ਵਿੱਚ ਹੈ, ਅਸੀਂ ਵੱਖਰਾ ਰਸਤਾ ਚੁਣਨ ਦੀ ਉਨ੍ਹਾਂ ਦੀ ਇੱਛਾ ਸਮਝਦੇ ਹਾਂ, ਪਰ ਇਹ ਗੰਭੀਰ ਮਾਮਲਾ ਹੈ, ਜਿਸ ਨੂੰ ਹੱਲ ਕਰਨ ਵਿੱਚ ਸਮਾਂ ਲਗੇਗਾ। ਬੀ ਬੀ ਸੀ ਮੁਤਾਬਕ ਜੋੜੇ ਦੇ ਇਸ ਐਲਾਨ ਬਾਰੇ ਸ਼ਾਹੀ ਮਹਿਲ ਨੂੰ ਪਤਾ ਨਹੀਂ ਸੀ ਅਤੇ ਜੋੜੇ ਨੇ ਇਸ ਬਾਰੇ ਪਹਿਲਾਂ ਸ਼ਾਹੀ ਪਰਿਵਾਰ ਦੇ ਕਿਸੇ ਸੀਨੀਅਰ ਮੈਂਬਰ ਨਾਲ ਸਲਾਹ ਮਸ਼ਵਰਾ ਨਹੀਂ ਕੀਤਾ।

35 ਸਾਲਾ ਪ੍ਰਿੰਸ ਹੈਰੀ ਨੇ ਮਈ 2018 ਵਿੱਚ ਅਮਰੀਕੀ ਅਭਿਨੇਤਰੀ ਮੇਗਨ ਮਰਕੇਲ ਨਾਲ ਵਿਆਹ ਕੀਤਾ ਸੀ ਤੇ ਮਈ 2019 ਵਿੱਚ ਆਰਚੀ ਪੈਦਾ ਹੋਇਆ ਸੀ। ਸਾਲ 2019 ਵਿੱਚ ਦੋਵਾਂ ਲਈ ਕਾਫੀ ਮੁਸ਼ਕਿਲ ਭਰਿਆ ਰਿਹਾ ਸੀ। ਉਸ ਸਮੇਂ ਦੋਹਾਂ ਨੇ ਇਕ ਟੈਲੀਵੀਜ਼ਨ ਡਾਕੂਮੈਂਟਰੀ ਵਿੱਚ ਆਪਣਾ ਭੂਮਿਕਾਵਾਂ ਉੱਤੇ ਮੀਡੀਆ ਰਿਪੋਰਟਾਂ ਉੱਤੇ ਨਰਾਜ਼ਗੀ ਜ਼ਾਹਿਰ ਕੀਤੀ ਸੀ ਅਤੇ ਬ੍ਰਿਟਿਸ਼ ਟੇਬਲਾਇਡ ਦੇ ਖਿਲਾਫ ਕਾਨੂੰਨੀ ਕਾਰਵਾਈ ਦਾ ਫੈਸਲਾ ਕੀਤਾ ਸੀ। ਇਸ ਦੇ ਨਾਲ ਹੀ ਪਿਛਲੇ 2 ਸਾਲਾਂ ਵਿੱਚ ਦੋਹਾਂ ਡਚੇਜ ਆਫ ਕੈਂਮਬ੍ਰਿਜ਼ ਕੇਟ ਮਿਡਲਟਨ ਦੇ ਜਨਮ ਦਿਨ ਮੌਕੇ ਸ਼ਾਮਲ ਨਹੀਂ ਹੋਏ ਸਨ ਤੇ ਅਫਵਾਹਾਂ ਨੂੰ ਹਵਾ ਮਿਲੀ ਕਿ ਸ਼ਾਹੀ ਪਰਿਵਾਰ ਵਿੱਚ ਪ੍ਰਿੰਸ ਵਿਲੀਅਮ ਅਤੇ ਪ੍ਰਿੰਸ ਹੈਰੀ ਭਾਵ ਦੋਹਾਂ ਭਰਾਵਾਂ ਵਿੱਚ ਖਟਾਸ ਚੱਲ ਰਹੀ ਹੈ।

ਇਸ ਸਮੇਂ ਸ਼ਾਹੀ ਜੋੜੇ ਦਾ ਹਰ ਖਰਚ ਬ੍ਰਿਟੇਨ ਦੇ ਟੈਕਸ ਦਾਤਾਵਾਂ ਦੇ ਖੁਦਮੁਖਤਿਆਰੀ ਫੰਡ ਵੱਲੋਂ ਚੁੱਕਿਆ ਜਾਂਦਾ ਹੈ। ਹੈਰੀ ਕੋਲ ਕੁਝ ਨਿੱਜੀ ਪੈਸਾ ਹੈ, ਜੋ ਉਨ੍ਹਾਂ ਦੀ ਸਵਰਗੀ ਮਾਂ ਡਾਇਨਾ ਛੱਡ ਗਈ ਸੀ, ਪਰ ਉਨ੍ਹਾਂ ਨੂੰ ਰਹਿਣ ਲਈ ਆਪਣੇ ਪਿਤਾ ਚਾਰਲਸ ਅਤੇ ਸਰਕਾਰੀ ਫੰਡ ਤੋਂ ਮਦਦ ਮਿਲਦੀ ਹੈ। ਮੌਜੂਦਾ ਭੂਮਿਕਾ ਵਿੱਚ ਸ਼ਾਹੀ ਜੋੜੇ ਉੱਤੇ ਕਿਸੇ ਤਰ੍ਹਾਂ ਕਮਾਈ ਕਰਨ ਦੀ ਪਾਬੰਦੀ ਹੈ, ਪਰ ਸ਼ਾਹੀ ਭੂਮਿਕਾ ਛੱਡਣ ਪਿੱਛੋਂ ਉਹ ਨੌਕਰੀ ਕਰ ਸਕਣਗੇ। ਬਾਅਦ ਵਿੱਚ ਵੀ ਵਿਦੇਸ਼ੀ ਦੌਰਿਆਂ ਦੌਰਾਨ ਉਨ੍ਹਾਂ ਦੀ ਯਾਤਰਾ ਦਾ ਖਰਚ ਖੁਦਮੁਖਤਿਆਰੀ ਫੰਡ ਅਤੇ ਮੇਜ਼ਬਾਨ ਦੇਸ਼ ਵੱਲੋਂ ਚੁੱਕਿਆ ਜਾਵੇਗਾ।

# ਬ੍ਰਿਟੇਨ ਦੇ ਯੂਰਪੀ ਯੂਨੀਅਨ ਤੋਂ ਨਿਕਲਣ ਲਈ ਬ੍ਰੈਗਜ਼ਿਟ ਮਨਜ਼ੂਰ



ਲੰਡਨ, 9 ਜਨਵਰੀ, (ਪੋਸਟ ਬਿਊਰੋ)- ਬ੍ਰਿਟੇਨ ਦੇ ਹਾਊਸ ਆਫ ਕਾਮਨਸ ਨੇ ਯੂਰਪੀ ਯੂਨੀਅਨ (ਈ ਯੂ) ਤੋਂ ਨਿਕਲਣ ਲਈ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਦੇ ਸਮਝੌਤੇ ਨੂੰ ਅੱਜ ਵੀਰਵਾਰ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਸਮਝੌਤੇ ਦੇ ਪੱਖ ਵਿੱਚ 330 ਵੋਟਾਂ ਤੇ ਵਿਰੋਧ ਵਿੱਚ 231 ਵੋਟਾਂ ਪਈਆਂ। ਇਸ ਦੇ ਨਾਲ ਕਈ ਸਾਲਾਂ ਦੀ ਦੇਰੀ ਤੋਂ ਬਾਅਦ ਬ੍ਰਿਟੇਨ ਦੇ 31 ਜਨਵਰੀ ਨੂੰ ਯੂਰਪੀ ਯੂਨੀਅਨ ਤੋਂ ਬਾਹਰ ਨਿਕਲਣ ਦਾ ਰਾਹ ਸਾਫ ਹੋ ਗਿਆ ਹੈ।

ਉਂਜ ਹਾਲੇ ਈ ਯੂ-ਯੂ ਕੇ ਵਿਦਡ੍ਰਾਲ ਐਗਰੀਮੈਂਟ ਬਿੱਲ ਨੂੰ ਹਾਊਸ ਆਫ ਲਾਰਡਸ ਅਤੇ ਯੂਰਪੀ ਪਾਰਲੀਮੈਂਟ ਵੱਲੋਂ ਪਾਸ ਕੀਤਾ ਜਾਣਾ ਬਾਕੀ ਹੈ, ਪਰ ਇਸ ਨੂੰ ਸਿਰਫ ਰਸਮੀ ਜਿਹਾ ਮੰਨਿਆ ਜਾਂਦਾ ਹੈ। ਬ੍ਰਿਟੇਨ ਯੂਰਪੀ ਯੂਨੀਅਨ ਨਾਲ 50 ਸਾਲ ਪੁਰਾਣੀ ਮੈਂਬਰਸ਼ਿਪ ਖਤਮ ਕਰਨ ਵੱਲ ਵਧ ਰਿਹਾ ਹੈ। ਬ੍ਰੈਗਜ਼ਿਟ ਦਾ ਮਤਲਬ ਹੈ 'ਬ੍ਰਿਟੇਨ ਐਗਜ਼ਿਟ', ਯਾਨੀ ਬ੍ਰਿਟੇਨ ਦਾ ਯੂਰਪੀ ਯੂਨੀਅਨ ਤੋਂ ਬਾਹਰ ਹੋ ਜਾਣਾ। ਸਾਲ 2016 ਵਿੱਚ ਬ੍ਰਿਟੇਨ ਵਿੱਚ ਬ੍ਰੈਗਜ਼ਿਟ ਬਾਰੇ ਰਿਫਰੈਂਡਮ ਹੋਇਆ ਸੀ, ਜਿਸ ਵਿੱਚ 52 ਫੀਸਦੀ ਲੋਕਾਂ ਦੀ ਰਾਏ ਸੀ ਕਿ ਬ੍ਰਿਟੇਨ ਨੂੰ ਯੂਰਪੀ ਯੂਨੀਅਨ ਤੋਂ ਬਾਹਰ ਨਿਕਲਣਾ ਚਾਹੀਦਾ ਹੈ, ਜਦ ਕਿ 48 ਫੀਸਦੀ ਲੋਕਾਂ ਦੀ ਰਾਏ ਬ੍ਰੈਗਜ਼ਿਟ ਦੇ ਵਿਰੋਧ ਵਿੱਚ ਸੀ।

ਇਸ 31 ਜਨਵਰੀ ਤੱਕ ਬ੍ਰਿਟੇਨ ਦੀ ਪਾਰਲੀਮੈਂਟ ਨੂੰ ਬ੍ਰੈਗਜ਼ਿਟ ਉੱਤੇ ਫੈਸਲਾ ਕਰਨਾ ਹੈ ਤੇ ਸ਼ਾਇਦ ਇਹੀ ਕਾਰਨ ਹੈ ਕਿ ਇਕ ਵਾਰ ਫਿਰ ਬੋਰਿਸ ਜਾਨਸਨ ਨੂੰ ਏਨੀ ਵੱਡੀ ਗਿਣਤੀ ਵਿੱਚ ਬਹੁਮਤ ਨਾਲ ਸੱਤਾ ਮਿਲ ਸਕੀ ਹੈ। ਕੰਜ਼ਰਵੇਟਿਵ ਪਾਰਟੀ ਦੀ ਸਭ ਤੋਂ ਵੱਡੀ ਵਿਰੋਧੀ ਲੇਬਰ ਪਾਰਟੀ ਨੂੰ ਸਿਰਫ 203 ਸੀਟਾਂ ਮਿਲੀਆਂ ਅਤੇ ਪਿਛਲੀ ਵਾਰ ਦੀ ਤੁਲਨਾ ਵਿੱਚ ਕੰਜ਼ਰਵੇਟਿਵ ਦੀਆਂ 47 ਸੀਟਾਂ ਵਧ ਗਈਆਂ ਅਤੇ ਲੇਬਰ ਨੂੰ 59 ਸੀਟਾਂ ਦਾ ਨੁਕਸਾਨ ਹੋਇਆ ਸੀ।

# ਔਰਤਾਂ ਤੇ ਬੱਚਿਆਂ ਵਿਰੁੱਧ ਅਪਰਾਧਾਂ ਦੇ ਨਿਪਟਾਰੇ ਲਈ ਵਿਆਪਕ ਕਾਨੂੰਨੀ ਸੁਧਾਰਾਂ ਦਾ ਫੈਸਲਾ

## ਬੱਚਿਆਂ ਵਿਰੁੱਧ ਅਪਰਾਧਾਂ ਲਈ ਤਿੰਨ ਵਿਸ਼ੇਸ਼ ਅਦਾਲਤਾਂ ਅਤੇ 10 ਹੋਰ ਫੈਮਿਲੀ ਕੋਰਟਾਂ ਦੀ ਸਥਾਪਤੀ ਲਈ ਕੈਬਨਿਟ ਵੱਲੋਂ ਪ੍ਰਵਾਨਗੀ



ਚੰਡੀਗੜ੍ਹ, 9 ਜਨਵਰੀ (ਗਿਆਨ ਸਿੰਘ): ਸੂਬੇ ਅੰਦਰ ਵਿਆਪਕ ਕਾਨੂੰਨੀ ਸੁਧਾਰਾਂ ਦੇ ਮੰਤਵ ਨਾਲ ਪੰਜਾਬ ਸਰਕਾਰ ਵੱਲੋਂ ਬਲਾਤਕਾਰ ਦੇ ਕੇਸਾਂ 'ਚ ਬਿਨਾਂ ਦੇਰੀ ਇਨਸਾਫ ਅਤੇ ਮੁਕੱਦਮਿਆਂ ਦੀ ਪ੍ਰਕ੍ਰਿਆ ਨੂੰ ਤੇਜ਼ ਕਰਨ ਲਈ ਸੱਤ ਫਾਸਟ-ਟਰੈਕ ਅਦਾਲਤਾਂ ਅਤੇ ਬੱਚਿਆਂ ਵਿਰੁੱਧ ਅਪਰਾਧਿਕ ਮਾਮਲਿਆਂ 'ਚ ਫੈਸਲਿਆਂ ਦੀ ਪ੍ਰਕ੍ਰਿਆ 'ਚ ਤੇਜ਼ੀ ਲਿਆਉਣ ਲਈ ਤਿੰਨ ਵਿਸ਼ੇਸ਼ ਅਦਾਲਤਾਂ ਸਥਾਪਤ ਕਰਨ ਦਾ ਫੈਸਲਾ ਲਿਆ ਗਿਆ ਹੈ। ਇਸੇ ਤਰ੍ਹਾਂ ਸੂਬੇ ਦੇ ਸਮੁੱਚੇ ਜ਼ਿਲ੍ਹਿਆਂ 'ਚ ਕਾਨੂੰਨੀ ਪ੍ਰਕ੍ਰਿਆ ਦੀ ਬਿਹਤਰੀ ਲਈ 10 ਹੋਰ ਪਰਿਵਾਰਕ ਅਦਾਲਤਾਂ ਸਥਾਪਤ ਕਰਨ ਬਾਰੇ ਫੈਸਲਾ ਕੀਤਾ ਗਿਆ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਅੱਜ ਪੰਜਾਬ ਮੰਤਰੀ ਮੰਡਲ ਦੀ ਹੋਈ ਮੀਟਿੰਗ ਵਿੱਚ ਇਹ ਫੈਸਲੇ ਲਏ ਗਏ।

ਪੰਜਾਬ ਸਰਕਾਰ ਦੇ ਇਕ ਬੁਲਾਰੇ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁੱਖ ਮੰਤਰੀ ਵੱਲੋਂ ਸੂਬੇ ਅੰਦਰ ਮਹਿਲਾਵਾਂ ਅਤੇ ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪ੍ਰਗਟਾਈ ਗਈ ਪ੍ਰਤੀਬੱਧਤਾ ਤਹਿਤ ਇਹ ਕਦਮ ਉਠਾਏ ਗਏ ਹਨ।

ਮੰਤਰੀ ਮੰਡਲ ਵੱਲੋਂ ਬਲਾਤਕਾਰ ਦੇ ਕੇਸਾਂ ਦੇ ਨਿਪਟਾਰੇ ਲਈ ਸੱਤ ਫਾਸਟ-ਟ੍ਰੈਕ ਅਦਾਲਤਾਂ ਦੀ ਸਥਾਪਤੀ ਲਈ ਪ੍ਰਵਾਨਗੀ ਦਿੱਤੀ ਗਈ ਹੈ ਜਿਨ੍ਹਾਂ ਦੇ ਕੰਮਕਾਜ ਲਈ 70 ਅਸਾਮੀਆਂ ਸਿਰਜੀਆਂ ਜਾਣਗੀਆਂ। ਇਨ੍ਹਾਂ ਵਿੱਚੋਂ ਚਾਰ ਅਦਾਲਤਾਂ ਲੁਧਿਆਣਾ ਵਿੱਚ ਅਤੇ ਇਕ-ਇਕ ਅਦਾਲਤ ਅੰਮ੍ਰਿਤਸਰ, ਜਲੰਧਰ ਅਤੇ ਫਿਰੋਜ਼ਪੁਰ ਵਿੱਚ ਸਥਾਪਤ ਹੋਵੇਗੀ। ਬੁਲਾਰੇ ਅਨੁਸਾਰ ਵਧੀਕ ਅਤੇ ਜ਼ਿਲ੍ਹਾ ਸੈਸ਼ਨਜ਼ ਜੱਜਾਂ ਦੀਆਂ ਸੱਤ ਵਾਧੂ ਅਸਾਮੀਆਂ ਅਤੇ ਸਹਾਇਕ ਅਮਲੇ ਦੀਆਂ 63 ਅਸਾਮੀਆਂ ਲਈ ਕੈਬਨਿਟ ਵੱਲੋਂ ਪ੍ਰਵਾਨਗੀ ਦਿੱਤੀ ਗਈ ਹੈ।

ਕਰੀਬ 3.57 ਕਰੋੜ ਰੁਪਏ ਦੇ ਸਲਾਨਾ ਖਰਚ ਨਾਲ ਸਥਾਪਤ ਹੋਣ ਵਾਲੀਆਂ ਇਹ ਅਦਾਲਤਾਂ ਬਲਾਤਕਾਰ ਦੇ ਲੰਬਿਤ ਪਏ ਮਾਮਲਿਆਂ ਨਾਲ ਨਿਪਟਣ ਲਈ ਕ੍ਰਿਮੀਨਲ ਲਾਅ (ਸੋਧ) ਐਕਟ, 2018 ਦੇ ਉਪਬੰਧਾਂ ਅਤੇ ਧਾਰਾਵਾਂ ਨੂੰ ਅਮਲੀ ਰੂਪ ਦੇਣਗੀਆਂ। ਇਨ੍ਹਾਂ ਅਦਾਲਤਾਂ ਵੱਲੋਂ ਅਜਿਹੇ ਮਾਮਲਿਆਂ ਵਿੱਚ ਮੁਕੱਦਮਿਆਂ ਦੇ ਫੈਸਲੇ ਦੋ ਮਹੀਨੇ ਦੀ ਸਮਾਂ-ਸੀਮਾਂ ਦੇ ਅੰਦਰ ਕਰਕੇ ਲੰਬਿਤ ਮਾਮਲਿਆਂ ਦੀ ਗਿਣਤੀ ਘਟਾਉਣ ਲਈ ਭੂਮਿਕਾ ਅਦਾ ਕੀਤੀ ਜਾਵੇਗੀ। ਸਾਲ 2018 ਦੀ ਸੀ.ਆਰ.ਪੀ.ਸੀ ਦੀ ਧਾਰਾ 173 ਵਿੱਚ ਕੀਤੀ ਸੋਧ ਅਨੁਸਾਰ ਬਲਾਤਕਾਰ ਮਾਮਲਿਆਂ ਦੇ ਟਰਾਇਲ ਦਾ ਫੈਸਲਾ ਦੋ ਮਹੀਨੇ ਦੇ ਅੰਦਰ-ਅੰਦਰ ਕੀਤਾ ਜਾਣਾ ਹੈ।

ਪੋਸਕੋ ਮਾਮਲਿਆਂ ਲਈ ਵਿਸ਼ੇਸ਼ ਅਦਾਲਤਾਂ-

ਇਕ ਹੋਰ ਫੈਸਲੇ ਅਨੁਸਾਰ ਕੈਬਨਿਟ ਵੱਲੋਂ ਬੱਚਿਆਂ ਨੂੰ ਕਾਮੁਕ ਅਪਰਾਧਾਂ ਤੋਂ ਸੁਰੱਖਿਅਤ ਰੱਖਣ ਸਬੰਧੀ ਐਕਟ (ਪੋਸਕੋ ਐਕਟ) ਤਹਿਤ ਦਰਜ ਮਾਮਲਿਆਂ ਦੇ ਮੁਕੱਦਮਿਆਂ ਲਈ ਸਾਲਾਨਾ 2.57 ਕਰੋੜ ਦੇ ਅਨੁਮਾਨਤ ਖਰਚ ਨਾਲ ਵਿਸ਼ੇਸ਼ ਅਦਾਲਤਾਂ ਦੀ ਸਥਾਪਤੀ ਲਈ 45 ਅਸਾਮੀਆਂ ਦੀ ਸਿਰਜਣਾ ਕਰਨ ਲਈ ਪ੍ਰਵਾਨਗੀ ਦਿੱਤੀ ਗਈ ਹੈ।

ਸਾਲ 2018 ਵਿੱਚ ਸੀ.ਆਰ.ਪੀ.ਸੀ ਦੀ ਧਾਰਾ 173 ਵਿਚਲੀ ਸੋਧ ਤਹਿਤ ਬਲਾਤਕਾਰ ਦੇ ਮਾਮਲਿਆਂ ਵਿੱਚ ਟਰਾਇਲ ਦੋ ਮਹੀਨੇ ਦੇ ਵਿੱਚ-ਵਿੱਚ ਮੁਕੰਮਲ ਕਰਨ ਦੇ ਉਪਬੰਧ ਹਨ। ਸੁਪਰੀਮ ਕੋਰਟ ਵੱਲੋਂ ਇੱਛਾ ਜ਼ਾਹਿਰ ਕੀਤੀ ਗਈ ਸੀ ਕਿ ਉਨ੍ਹਾਂ ਸੂਬਾ ਸਰਕਾਰਾਂ ਵੱਲੋਂ ਬੱਚਿਆਂ ਨਾਲ ਹੋਏ ਬਲਾਤਕਾਰ ਦੇ ਮਾਮਲਿਆਂ ਦੇ ਕੇਸਾਂ ਦੇ ਮੁਕੱਦਮਿਆਂ ਖਾਤਰ ਵਿਸ਼ੇਸ਼ ਅਦਾਲਤਾਂ ਸਥਾਪਤ ਕੀਤੀਆਂ ਜਾਣ, ਜਿੱਥੇ ਅਜਿਹੇ ਲੰਬਿਤ ਪਏ ਕੇਸਾਂ ਦੀ ਗਿਣਤੀ 100 ਤੋਂ ਵਧੇਰੇ ਹੈ।

ਮੌਜੂਦਾ ਸਮੇਂ ਬੱਚਿਆਂ ਨਾਲ ਬਲਾਤਕਾਰ ਦੇ ਲੰਬਿਤ ਪਏ ਮਾਮਲਿਆਂ ਦੀ ਗਿਣਤੀ ਲੁਧਿਆਣਾ ਵਿੱਚ 206 ਅਤੇ ਜਲੰਧਰ ਵਿੱਚ 125 ਹੈ ਜਿਸ ਨੂੰ ਧਿਆਨ ਵਿੱਚ ਰੱਖਦਿਆਂ ਕੈਬਨਿਟ ਵੱਲੋਂ ਲੁਧਿਆਣਾ ਵਿੱਚ ਦੋ ਅਤੇ ਜਲੰਧਰ ਵਿੱਚ ਇਕ ਸਪੈਸ਼ਲ ਕੋਰਟ ਦੀ ਸਥਾਪਤੀ ਲਈ ਪ੍ਰਵਾਨਗੀ ਦਿੱਤੀ ਗਈ ਹੈ। ਕੈਬਨਿਟ ਵੱਲੋਂ ਇਸ ਦੇ ਨਾਲ ਹੀ ਇਨ੍ਹਾਂ ਅਦਾਲਤਾਂ ਲਈ ਵਧੀਕ ਜ਼ਿਲ੍ਹਾ ਜੱਜਾਂ ਅਤੇ ਉਪ ਜ਼ਿਲ੍ਹਾ ਅਟਾਰਨੀ ਦੀਆਂ ਤਿੰਨ-ਤਿੰਨ ਪੋਸਟਾਂ ਅਤੇ 39 ਸਹਾਇਕ ਅਮਲੇ ਦੀਆਂ ਪੋਸਟਾਂ (ਕੁੱਲ 45 ਪੋਸਟਾਂ) ਸਿਰਜਣ ਲਈ ਪ੍ਰਵਾਨਗੀ ਦਿੱਤੀ ਗਈ ਹੈ।

ਬਾਕੀ ਜ਼ਿਲ੍ਹਿਆਂ ਵਿੱਚ ਫੈਮਿਲੀ ਕੋਰਟਾਂ-

ਇਸੇ ਦੌਰਾਨ ਕੈਬਨਿਟ ਵੱਲੋਂ ਸੂਬੇ ਦੇ 10 ਜ਼ਿਲ੍ਹਿਆਂ ਵਿੱਚ 5.55 ਕਰੋੜ ਦੀ ਸਲਾਨਾ ਅਨੁਮਾਨਤ ਲਾਗਤ ਨਾਲ 10 ਪਰਿਵਾਰਕ ਅਦਾਲਤਾਂ ਦੀ ਸਥਾਪਤੀ ਲਈ ਪ੍ਰਵਾਨਗੀ ਦਿੱਤੀ ਗਈ ਹੈ। ਕੈਬਨਿਟ ਵੱਲੋਂ ਜ਼ਿਲ੍ਹਾ ਜੱਜ/ਜ਼ਿਲ੍ਹਾ ਸੈਸ਼ਨਜ਼ ਜੱਜ ਦੀ ਅਗਵਾਈ ਵਿੱਚ (8 ਸਹਾਇਕ ਅਮਲਾ ਮੈਂਬਰਾਂ ਸਮੇਤ) ਚੱਲਣ ਵਾਲੀਆਂ ਇਨ੍ਹਾਂ ਅਦਾਲਤਾਂ ਲਈ 90 ਪੋਸਟਾਂ ਸਿਰਜਣ ਲਈ ਪ੍ਰਵਾਨਗੀ ਦਿੱਤੀ ਗਈ ਹੈ।

ਵਰਤਮਾਨ ਸਮੇਂ ਪੰਜਾਬ ਦੇ 12 ਜ਼ਿਲ੍ਹਿਆਂ ਵਿੱਚ ਇਹ ਫੈਮਿਲੀ ਕੋਰਟਾਂ ਚੱਲ ਰਹੀਆਂ ਹਨ। ਇਹ ਨਵੀਆਂ ਅਦਾਲਤਾਂ ਬਾਕੀ 10 ਜ਼ਿਲ੍ਹਿਆਂ ਵਿੱਚ ਸਥਾਪਤ ਹੋਣਗੀਆਂ ਜਿਨ੍ਹਾਂ ਵਿੱਚ ਫਤਿਹਗੜ੍ਹ ਸਾਹਿਬ, ਫਿਰੋਜ਼ਪੁਰ, ਫਾਜ਼ਿਲਕਾ, ਕਪੂਰਥਲਾ, ਮਾਨਸਾ, ਰੂਪ ਨਗਰ, ਸੰਗਰੂਰ, ਸ਼੍ਰੀ ਮੁਕਤਸਰ ਸਾਹਿਬ, ਐਸ.ਏ.ਐਸ ਨਗਰ ਮੁਹਾਲੀ ਅਤੇ ਤਰਨ ਤਾਰਨ ਸ਼ਾਮਿਲ ਹਨ। ਇਨ੍ਹਾਂ ਅਦਲਤਾਂ ਦੇ ਕਾਰਜਸ਼ੀਲ ਹੋਣ ਨਾਲ ਵਿਆਹ ਸਬੰਧੀ ਮਾਮਲਿਆਂ ਦੇ ਲੰਬਿਤ ਕੇਸਾਂ ਦੇ ਨਿਪਟਾਰੇ ਨਾਲ ਵੱਡੀ ਗਿਣਤੀ ਲੋਕਾਂ ਨੂੰ ਰਾਹਤ ਮਿਲੇਗੀ।

ਫੈਮਿਲੀ ਕੋਰਟ ਮੁੱਖ ਰੂਪ ਵਿੱਚ ਵਿਆਹ ਨਾਲ ਸਬੰਧਤ ਮਾਮਲਿਆਂ ਜਿਵੇਂ ਵਿਆਹ ਦੇ ਖਾਤਮੇ, ਵਿਆਹਕ ਹੱਕਾਂ ਦੀ ਬਹਾਲੀ, ਵਿਆਹਕ ਧਿਰਾਂ ਦੀ ਜਾਇਦਾਦ, ਬੱਚਿਆਂ ਦੇ ਪਾਲਣ-ਪੋਸ਼ਣ ਨਾਲ ਜੁੜੇ ਹੱਕਾਂ ਅਤੇ ਰੱਖ-ਰਖਾਵ ਦੇ ਮਾਮਲਿਆਂ ਦਾ ਨਿਪਟਾਰਾ ਕੀਤਾ ਜਾਂਦਾ ਹੈ।

## * ਪੰਜਾਬ ਵਿੱਚ ਰਲਿਆ-ਮਿਲਿਆ ਅਸਰ ਵੇਖਿਆ ਗਿਆ









# ਰੂਰਲ ਐਨ.ਜੀ.ਓ. ਨੇ ਲੋੜਵੰਦਾਂ ਦਿੱਤੇ ਟ੍ਰਾਈਸਾਈਕਲ



ਮੋਗਾ, 9 ਜਨਵਰੀ (ਗਿਆਨ ਸਿੰਘ): ਮੋਗਾ ਜਿਲ੍ਹੇ ਦੀ ਉਘੀ ਸਮਾਜ ਸੇਵੀ ਅਤੇ ਸਟੇਟ ਐਵਾਰਡੀ ਸੰਸਥਾ ਜਿਲ੍ਹਾ ਰੂਰਲ ਐਨ.ਜੀ.ਓ. ਕਲੱਬਜ਼ ਐਸੋਸੀਏਸ਼ਨ ਮੋਗਾ ਵੱਲੋਂ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਅੱਜ 9 ਅਤਿ ਲੋੜਵੰਦ ਲੋਕਾਂ ਨੂੰ ਟ੍ਰਾਈਸਾਈਕਲ ਦਿੱਤੇ ਗਏ । ਇਸ ਸਬੰਧੀ ਅੱਜ ਸੰਸਥਾ ਦੇ ਬਸਤੀ ਗੋਬਿੰਦਗੜ੍ਹ ਮੋਗਾ ਸਥਿਤ ਦਫਤਰ ਵਿੱਚ ਇੱਕ ਸਾਦਾ ਸਮਾਗਮ ਕੀਤਾ ਗਿਆ, ਜਿਸ ਵਿੱਚ ਰੂਰਲ ਐਨ.ਜੀ.ਓ. ਅਹੁਦੇਦਾਰਾਂ ਤੋਂ ਇਲਾਵਾ ਦਾਨੀ ਸੱਜਣ, ਲਾਭਪਾਤਰੀ ਅਤੇ ਉਹਨਾਂ ਦੇ ਪਰਿਵਾਰਕ ਮੈਂਬਰ ਹਾਜਰ ਸਨ । ਇਸ ਮੌਕੇ ਆਪਣੇ ਸੰਬੋਧਨ ਦੌਰਾਨ ਰੂਰਲ ਐਨ.ਜੀ.ਓ. ਮੋਗਾ ਦੇ ਪ੍ਰਧਾਨ ਮਹਿੰਦਰ ਪਾਲ ਲੂੰਬਾ ਨੇ ਦੱਸਿਆ ਕਿ ਸੰਸਥਾ ਕੋਲ ਪਿਛਲੇ ਦੋ ਮਹੀਨਿਆਂ ਦੌਰਾਨ ਕੁੱਲ੍ਹ ਨੌਂ ਲੋਕਾਂ ਨੇ ਟ੍ਰਾਈਸਾਈਕਲ ਦੀ ਸਹਾਇਤਾ ਦੇਣ ਲਈ ਲਿਖਤੀ ਬੇਨਤੀ ਕੀਤੀ ਸੀ, ਜਿਸ ਸਬੰਧੀ ਸੰਸਥਾ ਵੱਲੋਂ ਕੁੱਝ ਦਿਨ ਪਹਿਲਾਂ ਸ਼ੋਸ਼ਲ ਮੀਡੀਆ ਰਾਹੀਂ ਦਾਨੀ ਸੱਜਣਾ ਨੂੰ ਇਹਨਾਂ ਲੋੜਵੰਦਾਂ ਦੀ ਮੱਦਦ ਕਰਨ ਲਈ ਅਪੀਲ ਕੀਤੀ ਗਈ ਸੀ, ਜਿਸ ਨੂੰ ਸਵੀਕਾਰ ਕਰਦਿਆਂ ਸਮਾਜ ਸੇਵੀ ਅਤੇ ਅਰਮਾਨ ਟ੍ਰੈਵਲਜ਼ ਬਾਘਾ ਪੁਰਾਣਾ ਦੇ ਮਾਲਕ ਹਰਪਿੰਦਰ ਸਿੰਘ ਰਾਮੂਵਾਲੀਆਂ ਨੇ ਤਿੰਨ ਟ੍ਰਾਈਸਾਈਕਲ, ਤੇਜਾ ਸਿੰਘ ਦਰਾਕਾ ਕੈਨੇਡਾ ਵੱਲੋਂ ਦੋ ਟ੍ਰਾਈਸਾਈਕਲ, ਹਰਵਿੰਦਰ ਸਿੰਘ ਤੂਰ ਅਤੇ ਗੁਰਜਿੰਦਰ ਸਿੰਘ ਤੂਰ ਵਾਸੀ ਮੋਗਾ ਵੱਲੋਂ ਦੋ ਟ੍ਰਾਈਸਾਈਕਲ, ਮਨਜੀਤ ਸਿੰਘ ਕਿੰਗਰਾ ਸਮਾਧ ਭਾਈ ਅਤੇ ਮਹਿੰਦਰ ਪਾਲ ਸਾਬਕਾ ਵੈਟਰਨਰੀ ਇੰਸਪੈਕਟਰ ਮੋਗਾ ਵੱਲੋਂ ਇੱਕ ਇੱਕ ਟ੍ਰਾਈਸਾਈਕਲ ਦੀ ਸਹਾਇਤਾ ਦਿੱਤੀ ਗਈ। ਉਹਨਾਂ ਦੱਸਿਆ ਕਿ ਸੰਸਥਾ ਨੂੰ ਕੁੱਲ 13 ਦਰਖਾਸਤਾਂ ਮਿਲੀਆਂ ਸਨ, ਜਿਨ੍ਹਾਂ ਵਿੱਚੋਂ ਅੱਜ ਨੌਂ ਲੋੜਵੰਦਾਂ ਨੂੰ ਟ੍ਰਾਈਸਾਈਕਲ ਦਿੱਤੇ ਗਏ ਹਨ, ਬਾਕੀਆਂ ਨੂੰ ਬਾਅਦ ਵਿੱਚ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਸਹਾਇਤਾ ਦਿੱਤੀ ਜਾਵੇਗੀ । ਇਸ ਮੌਕੇ ਹਰਪਿੰਦਰ ਸਿੰਘ ਰਾਮੂਵਾਲੀਆਂ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਰੂਰਲ ਐਨ.ਜੀ.ਓ. ਮੋਗਾ ਲੋੜਵੰਦਾਂ ਲਈ ਬਹੁਤ ਹੀ ਵਧੀਆ ਕੰਮ ਕਰ ਰਹੀ ਹੈ ਤੇ ਸਾਨੂੰ ਇਸ ਸੰਸਥਾ ਤੇ ਐਨਾ ਭਰੋਸਾ ਬਣ ਚੁੱਕਿਆ ਹੈ ਕਿ ਅਸੀਂ ਅੱਖਾਂ ਬੰਦ ਕਰਕੇ ਇਹ ਯਕੀਨ ਕਰ ਸਕਦੇ ਹਾਂ ਕਿ ਸਾਡਾ ਦਾਨ ਕੀਤਾ ਪੈਸਾ ਲੋੜਵੰਦਾਂ ਤੱਕ ਪਹੁੰਚ ਜਾਂਦਾ ਹੈ। ਉਹਨਾਂ ਹੋਰ ਵੀ ਦਾਨੀ ਸੱਜਣਾਂ ਨੂੰ ਸੰਸਥਾ ਨਾਲ ਜੁੜਨ ਅਤੇ ਲੋੜਵੰਦਾਂ ਦੀ ਸਹਾਇਤਾ ਲਈ ਦਾਨ ਕਰਨ ਦੀ ਅਪੀਲ ਕੀਤੀ । ਇਸ ਮੌਕੇ ਸੰਸਥਾ ਦੇ ਮੁੱਖ ਸਲਾਹਕਾਰ ਹਰਜਿੰਦਰ ਸਿੰਘ ਚੁਗਾਵਾਂ ਨੇ ਕਿਹਾ ਕਿ ਅੱਜ ਜਿੰਨੇ ਲੋੜਵੰਦਾਂ ਨੂੰ ਟ੍ਰਾਈਸਾਈਕਲ ਦਿੱਤੇ ਗਏ ਹਨ, ਉਹ ਸੱਚਮੁਚ ਲੋੜਵੰਦ ਹਨ ਤੇ ਸਾਨੂੰ ਪੂਰਾ ਯਕੀਨ ਹੈ ਕਿ ਟ੍ਰਾਈਸਾਈਕਲ ਮਿਲਣ ਤੋਂ ਬਾਅਦ ਉਹਨਾਂ ਦੀ ਜਿੰਦਗੀ ਸੁਖਾਲੀ ਹੋ ਜਾਵੇਗੀ ਅਤੇ ਆਪਣੇ ਰੋਜਮਰ੍ਹਾ ਦੇ ਕੰਮਾਂ ਲਈ ਇਹਨਾਂ ਦੀ ਦੂਸਰਿਆਂ ਦੇ ਨਿਰਭਰਤਾ ਘਟ ਜਾਵੇਗੀ । ਇਸ ਮੌਕੇ ਸੰਸਥਾ ਦੇ ਸੀਨੀਅਰ ਮੀਤ ਪ੍ਰਧਾਨ ਹਰਭਿੰਦਰ ਸਿੰਘ ਜਾਨੀਆਂ ਨੇ ਦਾਨੀ ਸੱਜਣਾਂ ਖਾਸ ਕਰਕੇ ਹਰਪਿੰਦਰ ਸਿੰਘ ਰਾਮੂਵਾਲੀਆ, ਗੁਰਜਿੰਦਰ ਸਿੰਘ ਤੂਰ, ਹਰਪ੍ਰੀਤ ਸਿੰਘ ਸਮਾਧ ਭਾਈ ਅਤੇ ਮਹਿੰਦਰ ਪਾਲ ਮੋਗਾ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ, ਜਿਨ੍ਹਾਂ ਦੇ ਰਾਹੀਂ ਦਾਨੀ ਸੱਜਣਾਂ ਨੇ ਇਹ ਸੇਵਾ ਕੀਤੀ ਹੈ । ਉਹਨਾਂ ਲਾਭਪਾਤਰੀਆਂ ਨੂੰ ਭਵਿੱਖ ਲਈ ਸ਼ੁਭਕਾਮਨਾਵਾਂ ਦਿੰਦਿਆਂ ਟ੍ਰਾਈਸਾਈਕਲ ਦੇ ਕੇ ਰਵਾਨਾ ਕੀਤਾ । ਇਹਨਾਂ ਲਾਭਪਾਤਰੀਆਂ ਵਿੱਚ ਜਿਲ੍ਹੇ ਦੇ ਵੱਖ ਵੱਖ ਪਿੰਡਾਂ ਵਿੱਚੋਂ ਤਿੰਨ ਸਕੂਲੀ ਵਿਦਿਆਰਥੀ, ਚਾਰ ਮਰਦ ਅਤੇ ਔਰਤਾਂ ਅਤੇ ਦੋ ਮਰਦ ਬਜੁਰਗ ਸ਼ਾਮਿਲ ਸਨ । ਇਸ ਮੌਕੇ ਦਾਨੀ ਸੱਜਣ ਹਰਵਿੰਦਰ ਸਿੰਘ ਤੂਰ, ਗੁਰਜਿੰਦਰ ਸਿੰਘ ਤੂਰ, ਹਰਪਿੰਦਰ ਸਿੰਘ ਰਾਮੂਵਾਲੀਆ, ਵੈਟਰਨਰੀ ਇੰਸਪੈਕਟਰ ਮਹਿੰਦਰ ਪਾਲ, ਮਨਜੀਤ ਸਿੰਘ ਕਿੰਗਰਾ, ਤੇਜਾ ਸਿੰਘ ਦਰਾਕਾ, ਜਗਸੀਰ ਸਿੰਘ ਸੀਰਾ ਰਾਊਕੇ, ਹਰਪ੍ਰੀਤ ਸਿੰਘ, ਵਰਿਆਮ ਸਿੰਘ, ਸੁਖਦੀਪ ਕੌਰ ਗਿੱਲ, ਜਸਵੀਰ ਕੌਰ, ਦਰਸ਼ਨ ਸਿੰਘ ਸਮਾਧ ਭਾਈ, ਜਗਸੀਰ ਸਿੰਘ ਗਿੱਲ, ਸੀਰਾ ਸਿੰਘ ਰਾਊਕੇ, ਬਲਜੀਤ ਸਿੰਘ ਪੰਚ ਫਤਿਹਪੁਰ ਝੁੱਗੀਆਂ, ਐਨ.ਜੀ.ਓ. ਦੇ ਜਿਲ੍ਹਾ ਪ੍ਰਧਾਨ ਮਹਿੰਦਰ ਪਾਲ ਲੂੰਬਾ, ਸਲਾਹਕ-ਾਰ ਹਰਜਿੰਦਰ ਸਿੰਘ ਚੁਗਾਵਾਂ, ਸੀ.ਮੀਤ ਪ੍ਰਧਾਨ ਹਰਭਿੰਦਰ ਸਿੰਘ ਜਾਨੀਆਂ, ਸੁਖਦੇਵ ਸਿੰਘ ਬਰਾੜ, ਜਸਵੰਤ ਸਿੰਘ ਪੁਰਾਣੇਵਾਲਾ, ਦਫਤਰ ਇੰਚਾਰਜ ਜਸਵੀਰ ਕੌਰ ਅਤੇ ਵੱਡੀ ਗਿਣਤੀ ਵਿੱਚ ਲਾਭਪਾਤਰੀ ਅਤੇ ਉਹਨਾਂ ਦੇ ਪਰਿਵਾਰਕ ਮੈਂਬਰ ਹਾਜਰ ਸਨ।

# ਰਾਗੀ ਭਾਈ ਗੁਰਮੇਜ ਸਿੰਘ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਲਈ ਇੱਕ ਲੱਖ ਇੱਕਵੰਜਾ ਹਜ਼ਾਰ ਰੁਪਏ ਭੇਟ ਕੀਤੇ



ਅੰਮ੍ਰਿਤਸਰ, 9 ਜਨਵਰੀ (ਗਿਆਨ ਸਿੰਘ): ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਰੋਜ਼ਾਨਾਂ ਸਵੇਰੇ ਅੰਮ੍ਰਿਤ ਵੇਲੇ ਤਿਆਰ ਕੀਤੀ ਜਾਂਦੀ ਕੜਾਹ ਪ੍ਰਸਾਦਿ ਦੀ ਦੇਗ ਲਈ ਰਾਗੀ ਭਾਈ ਗੁਰਮੇਜ ਸਿੰਘ ਨੇ ਇੱਕ ਲੱਖ ਇੱਕਵੰਜਾ ਹਜ਼ਾਰ ਰੁਪਏ ਦੀ ਰਾਸ਼ੀ ਚੈੱਕ ਰੂਪ ’ਚ ਭੇਟ ਕੀਤੀ ਹੈ।

ਸ਼੍ਰੋਮਣੀ ਕਮੇਟੀ ਦੇ ਦਫ਼ਤਰ ਤੋਂ ਜਾਰੀ ਪ੍ਰੈੱਸ ਨੋਟ ਵਿਚ ਸ਼੍ਰੋਮਣੀ ਕਮੇਟੀ ਦੇ ਬੁਲਾਰੇ ਕੁਲਵਿੰਦਰ ਸਿੰਘ ਰਮਦਾਸ ਨੇ ਦੱਸਿਆ ਹੈ ਕਿ ਪ੍ਰਸਿੱਧ ਰਾਗੀ ਭਾਈ ਗੁਰਮੇਜ ਸਿੰਘ ਨੇ ਰੂਹਾਨੀਅਤ ਦੇ ਕੇਂਦਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸਵੇਰੇ ਅੰਮ੍ਰਿਤ ਵੇਲੇ ਰੋਜ਼ਾਨਾਂ ਤਿਆਰ ਕੀਤੀ ਜਾਂਦੀ ਕੜਾਹ ਪ੍ਰਸਾਦਿ ਦੀ ਦੇਗ ਲਈ ਇੱਕ ਲੱਖ ਇੱਕਵੰਜਾ ਹਜ਼ਾਰ ਰੁਪਏ ਦੀ ਰਾਸ਼ੀ ਚੈੱਕ ਰੂਪ ’ਚ ਭੇਟ ਕੀਤੀ ਹੈ। ਇਸ ਲਈ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ, ਭਾਈ ਗੋਬਿੰਦ ਸਿੰਘ ਪ੍ਰਧਾਨ ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਦੇ ਨਿੱਜੀ ਸਕੱਤਰ ਅਵਤਾਰ ਸਿੰਘ ਸੈਂਪਲਾ ਨੇ ਸਿਰੋਪਾਓ ਅਤੇ ਡਾ. ਰੂਪ ਸਿੰਘ ਵੱਲੋਂ ਲਿਖੀ ਪੁਸਤਕ ‘ਕਲਿ ਤਾਰਣਿ ਗੁਰ ਨਾਨਕੁ ਆਇਆ’ ਦੇ ਕੇ ਸਨਮਾਨਿਤ ਕੀਤਾ।

ਜ਼ਿਕਰਯੋਗ ਹੈ ਕਿ ਭਾਈ ਗੁਰਮੇਜ ਸਿੰਘ ਅੱਖਾਂ ਦੀ ਜੋਤ ਨਾ ਹੋਣ ਦੇ ਬਾਵਜੂਦ ਵੀ ਲੰਮਾ ਸਮਾਂ ਰੂਹਾਨੀਅਤ ਦੇ ਕੇਂਦਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਨਿਰੰਤਰ ਕੀਰਤਨ ਦੀ ਸੇਵਾ ਕਰਦੇ ਰਹੇ ਹਨ, ਕੁਲਵਿੰਦਰ ਸਿੰਘ ਰਮਦਾਸ ਨੇ ਦੱਸਿਆ ਕਿ ਹੁਣ ਵੀ ਸਮੇਂ-ਸਮੇਂ ਅਨੁਸਾਰ ਗੁਰਬਾਣੀ ਦੇ ਮਨੋਹਰ ਕੀਰਤਨ ਦੀ ਸੇਵਾ ਕਰਦੇ ਹਨ। ਉਨ੍ਹਾਂ ਦੱਸਿਆ ਕਿ ਗੁਰਬਾਣੀ ਪੜ੍ਹਨ ਤੋਂ ਵਾਂਝੇ ਰਹਿਣ ਵਾਲੇ ਨੇਤਰਹੀਣਾ ਲਈ ਭਾਈ ਗੁਰਮੇਜ ਸਿੰਘ ਨੇ ਸ਼ਖਤ ਮੇਹਨਤ ਕਰਕੇ ਬਰੈਲ ਲਿਪੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਦੀਆਂ ਪੋਥੀਆਂ ਵੀ ਤਿਆਰ ਕੀਤੀਆਂ ਹੋਈਆਂ ਹਨ। ਇਹ ਪੋਥੀਆਂ ਨੇਤਰਹੀਣ ਸੰਗਤਾਂ ਲਈ ਗੁਰਬਾਣੀ ਪੜ੍ਹਨ ਵਿਚ ਸਹਾਇਕ ਹੋ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਰਾਗੀ ਭਾਈ ਗੁਰਮੇਜ ਸਿੰਘ ਵੱਲੋਂ ਕੀਤੇ ਪੰਥਕ ਕਾਰਜਾਂ ਬਦਲੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਉਨ੍ਹਾਂ ਨੂੰ ਸਿੱਖ ਰਤਨ ਦੀ ਉਪਾਧੀ ਨਾਲ ਸਨਮਾਨਿਤ ਵੀ ਕੀਤਾ ਗਿਆ ਹੈ। ਇਸ ਮੌਕੇ ਸੁਖਦੇਵ ਸਿੰਘ ਭੂਰਾਕੋਹਨਾ ਐਡੀ. ਸਕੱਤਰ, ਸਤਿੰਦਰ ਸਿੰਘ ਫੂਲਪੁਰ ਸੰਪਾਦਕ ਗੁਰਮਤਿ ਪ੍ਰਕਾਸ਼ ਵੀ ਮੌਜੂਦ ਸਨ।

# 8 ਫਰਵਰੀ ਨੂੰ ਹਿੰਦੋਸਤਾਨ ਦੀ ਹਰ ਅਦਾਲਤ ’ਚ ਕੌਮੀ ਲੋਕ ਅਦਾਲਤ ਲੱਗੇਗੀ



ਫਿਰੋਜ਼ਪੁਰ, 9 ਜਨਵਰੀ (ਗਿਆਨ ਸਿੰਘ): ਨੈਸ਼ਨਲ ਲੀਗਲ ਸਰਵਿਸਜ਼ ਅਥਾਰਟੀ ਦੇ ਹੁਕਮਾਂ ਅਨੁਸਾਰ ਮਿਤੀ 8 ਫਰਵਰੀ ਨੂੰ ਹਿੰਦੋਸਤਾਨ ਦੇ ਹਰ ਇੱਕ ਰਾਜ ਦੀ ਹਰ ਅਦਾਲਤ ਵਿੱਚ ਕੌਮੀ ਲੋਕ ਅਦਾਲਤ ਲਗਾਈ ਜਾ ਰਹੀ ਹੈ। ਇਸ ਲੋਕ ਅਦਾਲਤ ਵਿੱਚ ਸੰਗੀਨ ਫੌਜਦਾਰੀ ਕੇਸਾਂ ਨੂੰ ਛੱਡ ਕੇ ਰਾਜੀਨਾਮਾ ਹੋਣ ਵਾਲੇ ਫੌਜਤਦਾਰੀ ਅਤੇ ਦਿਵਾਨੀ ਕੇਸ ਜੋ ਕਿ ਅਦਾਲਤ ਵਿੱਚ ਲੰਬਿਤ ਹਨ ਜਿਵੇਂ ਕਿ ਫੌਜਦਾਰੀ ਕੇਸ, ਘਰੇਲੂ ਝਗੜੇ ਦੇ ਕੇਸ, ਦਿਵਾਨੀ ਮੁਕੱਦਮੇ, ਬੈਂਕ ਰਿਕਵਰੀ, ਚੈੱਕ ਬਾਉਂਸ, ਬਿਜਲੀ ਬੋਰਡ ਦੇ ਕੇਸ, ਟੈਲੀਫੋਨ ਦੇ ਕੇਸਾ ਨੂੰ ਧਿਰਾ ਦੀ ਆਪਸੀ ਸਹਮਤੀ ਨਾਲ ਨਿਪਟਾਰਾ ਕਰਵਾਇਆ ਜਾਵੇਗਾ। ਇਸ ਲਈ ਪਰਮਿੰਦਰ ਪਾਲ ਸਿੰਘ, ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ ਦੇ ਦਿਸ਼ਾ ਅਨੁਦੇਸ਼ ਦੀ ਪਾਲਣਾ ਕਰਦੇ ਹੋਏ ਅਮਨਪ੍ਰੀਤ ਸਿੰਘ ਚੀਫ ਜੁਡੀਸ਼ਿਲ ਮੈਜੀਸਟ੍ਰੇਟ ਸਹਿਤ ਸਕੱਤਰ ਜਿਲ੍ਹਾ ਕਾਨੂੰਨੀ ਸੇਵਾਂਵਾ ਅਥਾਰਟੀ ਫਿਰੋਜਪੁਰ ਵੱਲੋ ਜਿਲ੍ਹਾ ਫਿਰੋਜਪੁਰ ਦੇ ਸਾਰੇ ਥਾਣਾ ਮੁੱਖੀਆਂ ਨਾਲ ਮੀਟਿੰਗ ਕੀਤੀ ਗਈ ਜਿਸ ਵਿੱਚ ਉਹਨਾ ਨੂੰ ਬੇਨਤੀ ਕੀਤੀ ਗਈ ਹੈ ਕਿ ਰਾਜੀਨਾਮਾ ਹੋਣ ਵਾਲੇ ਵੱਧ ਤੋ ਵੱਧ ਫੌਜਦਾਰੀ ਕੇਸਾ ਵਿੱਚ ਆਪਣੀ ਅੰਤਿਮ ਰਿਪੋਰਟ ਸਬੰਧਤ ਅਦਾਲਤ ਵਿੱਚ ਪੇਸ਼ ਕੀਤੀ ਜਾਵੇ ਤਾ ਕਿ ਉਹਨਾ ਦਾ ਨੈਸ਼ਨਲ ਲੋਕ ਅਦਾਲਤ ਵਿੱਚ ਰੱਖ ਕੇ ਰਾਜੀਨਾਮੇ ਨਾਲ ਨਿਪਟਾਰਾ ਕੀਤਾ ਜਾ ਸਕੇ। ਬੈਂਕ ਮਨੈਜ਼ਰਾ ਨੂੰ ਬੇਨਤੀ ਕੀਤੀ ਗਈ ਕਿ ਵੱਧ ਤੋ ਵੱਧ ਕੇਸ ਲੋਨ ਰਿਕਵਰੀ ਅਤੇ ਚੈੱਕ ਬਾਊਸ ਦੇ ਕੇਸ ਪਰੀ-ਲਿਟੀਗੇਟਿਵ ਕੇਸ 30 ਜਨਵਰੀ 2020 ਤੱਕ ਦਫਤਰ ਜਿਲ੍ਹਾ ਕਾਨੂੰਨੀ ਸੇਵਾਂਵਾਂ ਅਥਾਰਟੀ ਫਿਰੋਜਪੁਰ ਵਿਖੇ ਫਾਇਲ ਕਰਨ ਤਾ ਕਿ ਕੌਮੀ ਲੋਕ ਅਦਾਲਤ ਵਾਲੇ ਦਿਨ ਵੱਧ ਤੋ ਵੱਧ ਕੇਸਾ ਦਾ ਨਿਪਟਾਰਾ ਕੀਤਾ ਜਾ ਸਕੇ। ਇਸ ਤੋ ਬਾਅਦ ਚੀਫ ਜੂਡੀਸ਼ੀਅਲ ਮੈਜਿਸਟਰੈਟ ਫਿਰੋਜਪੁਰ ਵੱਲੋ ਆਮ ਜਨਤਾ ਨੂੰ ਬੇਨਤੀ ਕੀਤੀ ਜਾਦੀ ਹੈ ਕਿ ਜਿਨ੍ਹਾ ਦੇ ਕੇਸ ਅਦਾਲਤ ਵਿੱਚ ਲੰਬਿਤ ਹਨ ਉਹ ਵੀ ਆਪਣਾ ਕੇਸ ਕੌਮੀ ਲੋਕ ਅਦਾਲਤ ਵਿੱਚ ਲਗਵਾ ਕੇ ਰਾਜੀਨਾਮੇ ਰਾਹੀ ਆਪਣੇ ਕੇਸ ਦਾ ਨਿਪਟਾਰਾ ਕਰਵਾ ਸਕਦੇ ਹਨ । ਆਪਣਾ ਕੇਸ ਕੌਮੀ ਲੋਕ ਅਦਾਲਤ ਵਿੱਚ ਲਗਵਾਉਣ ਲਈ ਆਪਣੀ ਅਰਜੀ ਦਫਤਰ ਜਿਲ੍ਹਾ ਕਾਨੂੰਨੀ ਸੇਵਾਂਵਾ ਅਥਾਰਟੀ ਫਿਰੋਜਪੁਰ ਵਿਖੇ ਦੇ ਸਕਦੇ ਹਨ ਅਤੇ ਜਾਂ ਸਬੰਧਿਤ ਅਦਾਲਤ ਵਿੱਚ ਦੇ ਸਕਦੇ ਹਨ ।

# ਸਿਹਤ ਸਕੀਮਾਂ ਦੀ ਸਮੀਖਿਆ: ਡੀ.ਸੀ. ਵੱਲੋਂ ਸਿਹਤ ਪ੍ਰੋਗਰਾਮਾਂ ਨੂੰ ਤਨਦੇਹੀ ਨਾਲ ਲਾਗੂ ਕਰਨ ਦੇ ਆਦੇਸ਼



ਫਰੀਦਕੋਟ, 9 ਜਨਵਰੀ (ਗਿਆਨ ਸਿੰਘ): ਜਿਲ੍ਹਾ ਸਿਹਤ ਸੁਸਾਇਟੀ ਦੀ ਮੀਟਿੰਗ ਸਥਾਨਕ ਅਸ਼ੋਕਾ ਚੱਕਰ ਮੀਟਿੰਗ ਹਾਲ ਵਿਖੇ ਡਿਪਟੀ ਕਮਿਸ਼ਨਰ ਕੁਮਾਰ ਸੌਰਭ ਰਾਜ ਆਈ.ਏ.ਐਸ. ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸਿਹਤ ਵਿਭਾਗ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਹੋਏ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਡਿਪਟੀ ਕਮਿਸ਼ਨਰ ਕੁਮਾਰ ਸੌਰਭ ਰਾਜ ਨੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਸਿਹਤ ਸੰਸਥਾਵਾਂ ਵਿਖੇ ਆਪਣਾ ਇਲਾਜ ਕਰਵਾਉਣ ਵਾਲੇ ਮਰੀਜਾਂ ਅਤੇ ਉਨਾਂ ਦੇ ਵਾਰਸਾਂ ਨਾਲ ਹਮਦਰਦੀ ਤੇ ਮਿਲਵਰਤਨ ਵਾਲਾ ਵਤੀਰਾ ਅਪਣਾਇਆ ਜਾਵੇ ਤਾਂ ਜੋ ਇਲਾਜ ਸਬੰਧੀ ਕਿਸੇ ਤਰਾਂ ਦੀ ਪ੍ਰੇਸ਼ਾਨੀ ਨਾ ਆਵੇ। ਇਸ ਮੌਕੇ ਉਨਾਂ ਸਰਕਾਰੀ ਅਤੇ ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰਾਂ ਵਿੱਚ ਮਰੀਜਾਂ ਦੇ ਇਲਾਜ, ਓਟ ਸੈਂਟਰਾਂ, ਫੂਡ ਸੇਫਟੀ, ਤੰਬਾਕੂਨੋਸ਼ੀ, ਸਕੂਲ ਸਿਹਤ ਪ੍ਰੋਗਰਾਮ, ਆਂਗਣਵਾੜੀ ਕੇਂਦਰਾਂ ਦੀ ਜਾਂਚ, ਰਾਸ਼ਟਰੀ ਵੈਕਟਰ ਬੋਰਨ ਡਜੀਜ਼ ਕੰਟਰੋਲ ਪ੍ਰੋਗਰਾਮ, ਰਾਸ਼ਟਰੀ ਬਲਾਈਡਨੈਂਸ ਪ੍ਰੋਗਰਾਮ, ਰਾਸ਼ਟਰੀ ਟੀ.ਬੀ. ਕੰਟਰੋਲ ਪ੍ਰੋਗਰਾਮ, ਆਰ.ਬੀ.ਐਸ.ਕੇ./ਟਰਸਰੀ ਕੇਅਰ ਰੈਫਰਡ ਕੇਸਿਸ, ਮੋਬਾਇਲ ਮੈਡੀਕਲ ਯੂਨਿਟ, ਜਣੇਪਾ, ਲਿੰਗ ਅਨੁਪਾਤ, ਮੈਟਰਨਲ ਡੈੱਥ ਆਦਿ ਸਬੰਧੀ ਵਿਸਥਾਰ ਸਹਿਤ ਜਾਣਕਾਰੀ ਹਾਸਲ ਕੀਤੀ।

ਇਸ ਮੌਕੇ ਸਿਵਲ ਸਰਜਨ ਡਾਕਟਰ ਰਜਿੰਦਰ ਕੁਮਾਰ ਨੇ ਦੱਸਿਆ ਕਿ ਜਿਲੇ ਦੇ ਵੱਖ ਵੱਖ ਓਟ ਸੈਂਟਰਾਂ ਵਿੱਚ 5522 ਨਸ਼ਿਆਂ ਤੋਂ ਪੀੜਤ ਲੋਕਾਂ ਦਾ ਇਲਾਜ ਚੱਲ ਰਿਹਾ ਹੈ । ਉਨਾਂ ਇਹ ਵੀ ਦੱਸਿਆ ਕਿ ਮੈਡੀਕਲ ਮੋਬ-ਾਇਲ ਯੂਨਿਟ ਦੁਆਰਾ ਸਾਲ 2019 ਦੌਰਾਨ ਦਸੰਬਰ ਮਹੀਨੇ ਤੱਕ 379 ਪਿੰਡਾਂ ਦਾ ਦੌਰਾ ਕਰ ਕੇ 11762 ਲੋਕਾਂ ਨੂੰ ਇਲਾਜ ਲਈ ਸੇਵਾਵਾਂ ਦਿੱਤੀਆਂ ਗਈਆਂ ਹਨ।ਇਸ ਮੀਟਿੰਗ ਵਿੱਚ ਸੀਨੀਅਰ ਮੈਡੀਕਲ ਅਫਸਰ ਡਾ. ਚੰਦਰ ਸ਼ੇਖਰ, ਡਾ. ਕਮਲਦੀਪ ਕੌਰ ਸਮੇਤ ਜਿਲ੍ਹਾ ਸਿਹਤ ਸੁਸਾਇਟੀ ਦੇ ਮੈਂਬਰ ਤੇ ਡਾਕਟਰ ਅਤੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਰਾਣਾ ਗੁਰਜੀਤ ਵੱਲੋਂ ਟਾਈਲਾਂ ਲਗਾਉਣ ਦੇ ਕੰਮ ਦੀ ਸ਼ੁਰੂਆਤ



ਕਪੂਰਥਲਾ, 9 ਜਨਵਰੀ (ਗਿਆਨ ਸਿੰਘ): ਵਿਧਾਇਕ ਰਾਣਾ ਗੁਰਜੀਤ ਸਿੰਘ ਵੱਲੋਂ ਅੱਜ ਲਾਹੌਰੀ ਗੇਟ ਤੋਂ ਬਾਬੇ ਤੇਲੂ ਦੀ ਕੁਟੀਆ ਤੱਕ ਦੇ ਰਸਤੇ ’ਤੇ ਇੰਟਰਲਾਕ ਟਾਈਲਾਂ ਲਗਾਉਣ ਦੇ ਕੰਮ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਉਨ੍ਹਾਂ ਅਧਿਕਾਰੀਆਂ ਨੂੰ ਇਸ ਕੰਮ ਨੂੰ ਜਲਦ ਤੋਂ ਜਲਦ ਮੁਕੰਮਲ ਕਰਨ ਦੀ ਹਦਾਇਤ ਕੀਤੀ ਤਾਂ ਜੋ ਇਥੋਂ ਲੰਘਣ ਵਾਲੇ ਲੋਕਾਂ ਨੂੰ ਕਿਸੇ ਪ੍ਰੇਸ਼ਾਨੀ ਦਾ ਸਾਹ-ਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਵਿਰਾਸਤੀ ਸ਼ਹਿਰ ਕਪੂਰਥਲਾ ਦੇ ਸਰਵਪੱਖੀ ਵਿਕਾਸ ਅਤੇ ਇਥੋਂ ਦੇ ਵਸਨੀਕਾਂ ਨੂੰ ਸਾਰੀਆਂ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਉਣ ਲਈ ਲਈ ਉਹ ਪੂਰੀ ਤਰ੍ਹਾਂ ਵਚਨਬੱਧ ਹਨ। ਉਨ੍ਹਾਂ ਕਿਹਾ ਕਿ ਜਿਥੇ ਸ਼ਹਿਰ ਨੂੰ ਜੋੜਨ ਵਾਲੀਆਂ ਸਾਰੀਆਂ ਸੜਕਾਂ ਦੀ ਨੁਹਾਰ ਬਦਲੀ ਗਈ ਹੈ, ਉਥੇ ਅੰਦਰੂਨੀ ਸ਼ਹਿਰ ਦੀਆਂ ਸੜਕਾਂ ਅਤੇ ਗਲੀਆਂ ਦਾ ਵੀ ਕਾਇਆ-ਕਲਪ ਕੀਤਾ ਜਾ ਰਿਹਾ ਹੈ। ਇਸੇ ਤਰ੍ਹਾਂ ਸਾਰੇ ਵਾਰਡਾਂ ਵਿਚ ਵਿਕਾਸ ਦੇ ਵੱਖ-ਵੱਖ ਕੰਮ ਕਰਵਾਏ ਜਾ ਰਹੇ ਹਨ ਅਤੇ ਲੋਕਾਂ ਨੂੰ ਸਾਰੀਆਂ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਈਆ ਜਾ ਰਹੀਆਂ ਹਨ।

ਇਸ ਮੌਕੇ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਮਨੋਜ ਭਸੀਨ, ਰਜਿੰਦਰ ਕੌੜਾ, ਲਖਬੀਰ ਸਿੰਘ, ਨਰਿੰਦਰ ਸਿੰਘ ਮੰਨਸੂ, ਅਸ਼ਵਨੀ ਕੁਮਾਰ, ਕਮਲਜੀਤ ਸਿੰਘ, ਕੁਲਦੀਪ ਸਿੰਘ, ਹਰਸਿਮਰਨ ਸਿੰਘ ਪ੍ਰਿੰਸ, ਸ਼ਿਵ ਦਰਸ਼ਨ ਕਪੂਰ, ਜਸਵਿੰਦਰ ਸਿੰਘ ਫੌਜੀ, ਐਮ. ਪੀ ਸਿੰਘ, ਡਾ. ਜਸਪਾਲ ਸਿੰਘ, ਭੁਪਿੰਦਰ ਸਿੰਘ, ਸਤਿੰਦਰ ਕੁਮਾਰ ਸ਼ਾਸਤਰੀ, ਸੁਖਜਿੰਦਰ ਸਿੰਘ, ਪਵਨ ਕੁਮਾਰ, ਅਜੇ ਕਨੌਜੀਆ, ਰਵਿੰਦਰ ਕਾਕੂ, ਮਨਜਿੰਦਰ ਸਿੰਘ ਸਾਹੀ, ਬਲਵਿੰਦਰ ਸਿੰਘ, ਤਜਿੰਦਰ ਭੰਡਾਰੀ, ਅਸ਼ਵਨੀ ਪਿੰਕੀ ਅਤੇ ਹੋਰ ਸ਼ਖਸੀਅਤਾਂ ਹਾਜ਼ਰ ਸਨ।

ਬਰਾੜ ਗਰਾਜ ਡੋਰ
ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers
We Install
Garage Door Openers
• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਣਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Join and Represent Us
VISITOR TO CANADA INSURANCE
TRAVEL OUT INSURANCE
INTERNATIONAL STUDENT INSURANCE
OTHER INSURANCE PRODUCTS
Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ
132”
88”
8 Seated Sofa
■ ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
■ ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜ਼ਾਇਨ ਦੱਸ ਸਕਦੇ ਹਨ
■ ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20 Etobicoke ON, M9V 3Y6



# ਸੰਪਾਦਕੀ

## ਇਰਾਨ ਅਤੇ ਅਮਰੀਕਾ ਦਰਮਿਆਨ ਸਖ਼ਤੀ ਕਾਰਨ ਕੈਨੇਡਾ ਲਈ ਮੁਸ਼ਕਲਾਂ

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕੱਲ ਸਪੱਸ਼ਟ ਕੀਤਾ ਕਿ ਇਰਾਨ ਵਿੱਚ ਯੂਕਰੇਨ ਦੀ ਫਲਾਈਟ ਪੀ ਐਸ-752 (PS-752) ਦਾ ਹਾਦਸਾ ਜਹਾਜ਼ ਦਾ ਇੰਜਣ ਖਰਾਬ ਹੋਣ ਕਾਰਣ ਨਹੀਂ ਸਗੋਂ ਇਰਾਨ ਵੱਲੋਂ ਛੱਡੀਆਂ ਗਈਆਂ ਕਈ ਮਿਜ਼ਾਇਲਾਂ ਵਿੱਚੋਂ ਇੱਕ ਦੇ ਵੱਜਣ ਕਾਰਣ ਹੋਇਆ ਹੈ। ਤਹਿਰਾਨ ਤੋਂ ਕੀਵ (ਯੂਕਰੇਨ ਦੀ ਰਾਜਧਾਨੀ) ਜਾ ਰਹੀ ਇਸ ਫਲਾਈਟ ਨੇ 8 ਜਨਵਰੀ ਦੇ ਉਸ ਮਨਹੂਸ ਦਿਨ ਸ਼ਾਮੀ 6 ਵੱਜ ਕੇ 12 ਮਿੰਟ ਉੱਤੇ ਉਡਾਣ ਭਰੀ ਅਤੇ ਤਿੰਨ ਮਿੰਟ ਤੋਂ ਵੀ ਘੱਟ ਸਮੇਂ ਅੰਦਰ ਧਰਤੀ ਉੱਤੇ ਆ ਡਿੱਗੀ। ਹਾਦਸੇ ਹੋਣ ਵੇਲੇ ਜਹਾਜ਼ ਨੇ ਆਪਣੀ ਉਡਾਣ ਦੀ ਪੂਰੀ ਉਚਾਈ ਅਤੇ ਸਪੀਡ ਹਾਸਲ ਨਹੀਂ ਸੀ ਕੀਤੀ ਅਤੇ ਇਹ ਉਸ ਵੇਲੇ ਧਰਤੀ ਤੋਂ ਸਿਰਫ਼ 1410 ਮੀਟਰ ਦੀ ਉਚਾਈ ਉੱਤੇ ਸੀ ਅਤੇ ਇਸਦੀ ਸਪੀਡ 509 ਕਿਲੋਮੀਟਰ ਪ੍ਰਤੀ ਘੰਟਾ ਹੀ ਸੀ। ਕੁੱਝ ਵੀਡੀਓ ਕਲਿੱਪ ਵੀ ਸਾਹਮਣੇ ਆਏ ਹਨ ਜੋ ਦਰਸਾਉਂਦੇ ਹਨ ਕਿ ਜਹਾਜ਼ ਨੂੰ ਮਿਜ਼ਾਇਲ ਨਹੀਂ ਸਗੋਂ ਮਿਜ਼ਾਇਲ ਵੱਜੀ ਸੀ। ਇਰਾਨ ਨੇ ਇਰਾਕ ਵਿੱਚ ਸਥਿਤ ਅਮਰੀਕੀ ਬੇਸਾਂ ਉੱਤੇ ਮਿਜ਼ਾਈਲਾਂ ਆਪਣੇ ਜਰਨੈਲ ਕਾਸੇਮ ਸੁਲੇਮਾਨੀ ਦੇ ਅਮਰੀਕੀ ਡਰੋਨ ਹਮਲੇ ਵਿੱਚ ਮਾਰੇ ਜਾਣ ਦਾ ਬਦਲਾ ਲੈਣ ਲਈ ਦਾਗੀਆਂ ਸਨ।

ਇਸ ਮੰਦਭਾਗੇ ਹਾਦਸੇ ਵਿੱਚ ਸੱਭ ਤੋਂ ਵੱਧ ਨੁਕਸਾਨ ਇਰਾਨ ਦਾ ਆਪਣਾ ਹੋਇਆ ਹੈ ਕਿਉਂਕਿ ਮਾਰੇ ਗਏ 176 ਵਿਅਕਤੀਆਂ ਵਿੱਚੋਂ 130 ਵਿਅਕਤੀ ਉਸਦੇ ਆਪਣੇ ਸ਼ਹਿਰੀ ਸਨ। ਇਸਤੋਂ ਬਾਅਦ ਦੂਜਾ ਵੱਡਾ ਨੁਕਸਾਨ ਕੈਨੇਡਾ ਨੂੰ ਪੁੱਜਾ ਹੈ ਜਿਸਦੇ 63 ਸਿਟੀਜ਼ਨ ਜਾਂ ਪਰਮਾਨੈਂਟ ਰੈਜ਼ੀਡੈਂਟ ਮਾਰੇ ਗਏ। 1985 ਵਿੱਚ ਸਿੱਖ ਖਾੜਕੂਆਂ ਵੱਲੋਂ ਕਥਿਤ ਰੂਪ ਵਿੱਚ ਏਅਰ ਇੰਡੀਆ ਦੀ ਫਲਾਈਟ-182 ਨੂੰ ਬੰਬ ਨਾਲ ਉਡਾਉਣ ਨਾਲ 329 ਲੋਕ ਮਾਰੇ ਗਏ ਸਨ ਜਿਹਨਾਂ ਵਿੱਚੋਂ 268 ਕੈਨੇਡੀਅਨ ਸਿਟੀਜ਼ਨ ਸਨ। ਏਅਰ ਇੰਡੀਆ-182 ਤੋਂ ਬਾਅਦ ਇਰਾਨ ਵਿੱਚ ਹੋਇਆ ਭਿਆਨਕ ਹਵਾਈ ਹਾਦਸਾ ਕੈਨੇਡਾ ਦੇ ਇਤਿਹਾਸ ਵਿੱਚ ਸੱਭ ਤੋਂ ਭਿਆਨਕ ਹੈ। ਏਅਰ ਇੰਡੀਆ ਫਲਾਈਟ ਅਤੇ ਯੂਕਰੇਨ ਜਹਾਜ਼ ਹਾਦਸਿਆਂ ਵਿੱਚ ਇੱਕ ਫਰਕ ਜਰੂਰ ਹੈ ਕਿ ਹੁਣ ਇਰਾਨੀ ਮੂਲ ਦੇ ਕੈਨੇਡੀਅਨਾਂ ਦੀ ਮੌਤ ਨੂੰ ਕੈਨੇਡੀਅਨ ਦੁਖਾਂਤ ਵਜੋਂ ਮਨਾਇਆ ਜਾ ਰਿਹਾ ਹੈ। 1985 ਵਿੱਚ ਹਾਲਾਤ ਇਹ ਸਨ ਕਿ ਹਾਦਸਾ ਹੋਣ ਤੋਂ ਬਾਅਦ ਕੈਨੇਡਾ ਦੇ ਤਤਕਾਲੀ ਪ੍ਰਧਾਨ ਮੰਤਰੀ ਬਰਾਇਨ ਮੁਲਰੋਨੀ ਨੇ ਭਾਰਤ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਕੋਲ ਇਹ ਆਖਣ ਲਈ ਫੋਨ ਕੀਤਾ ਕਿ ਤੁਹਾਡੇ ਭਾਰਤ ਦੇ ਐਨੇ ਲੋਕ ਮਾਰੇ ਗਏ ਹਨ। ਮੁਲਰੋਨੀ ਨੂੰ ਇਹ ਇਤਿਹਾਸਕ ਚੇਤਾ ਕਰਵਾਇਆ ਗਿਆ ਕਿ ਮਰਨ ਵਾਲੇ ਬਹੁ-ਗਿਣਤੀ ਲੋਕ ਭਾਰਤੀ ਮੂਲ ਦੇ ਜਰੂਰ ਸਨ ਪਰ ਹਕੀਕਤ ਵਿੱਚ ਉਹ ਕੈਨੇਡਾ ਦੇ ਨਾਗਰਿਕ ਸਨ।

ਜਿਵੇਂ 1985 ਵਿੱਚ ਏਅਰ ਇੰਡੀਆ ਬੰਬ ਧਮਾਕੇ ਤੋਂ ਬਾਅਦ ਬਹੁਤ ਘੱਟ ਕੈਨੇਡੀਅਨਾਂ ਨੂੰ ਹਮਦਰਦੀ ਸੀ, ਹੁਣ ਇਰਾਨ ਅਤੇ ਅਮਰੀਕਾ ਦੋਵਾਂ ਮੁਲਕਾਂ ਦੇ ਆਗੂਆਂ ਦੇ ਦਿਲਾਂ ਵਿੱਚ ਕੈਨੇਡਾ ਵਾਸਤੇ ਕੋਈ ਹਮਦਰਦੀ ਵਿਖਾਈ ਨਹੀਂ ਦੇ ਰਹੀ। ਇਰਾਨ ਦੇ ਮਿਜ਼ਾਇਲ ਹਮਲਿਆਂ ਅਤੇ ਯੂਕਰੇਨ ਏਅਰਲਾਈਨ ਨੂੰ ਹੋਏ ਹਾਦਸੇ ਤੋਂ ਬਾਅਦ ਡੋਨਾਲਡ ਟਰੰਪ ਦਾ ਟਵੀਟ ਸੀ, 'ਆਲ ਇਜ਼ ਗੁੱਡ ਭਾਵ ਸੱਭ ਹੱਛਾ ਹੈ'। ਉਸਦਾ ਸੱਭ ਹੱਛਾ ਤੋਂ ਭਾਵ ਕਿਸੇ ਅਮਰੀਕੀ ਫੌਜੀ ਜਾਂ ਸ਼ਹਿਰੀ ਦੀ ਮੌਤ ਨਾ ਹੋਣ ਤੋਂ ਸੀ। ਇਰਾਨ ਦੇ ਰਾਸ਼ਟਰਪਤੀ ਦਾ ਵੀ ਇਹੀ ਹਾਲ ਹੈ। ਉਹ ਹਵਾਈ ਹਾਦਸੇ ਵਿੱਚ ਆਪਣੇ ਹੀ ਸ਼ਹਿਰੀਆਂ ਦੀ ਮੌਤ ਦੇ ਸੱਚ ਉੱਤੇ ਵੀ ਪਰਦਾ ਪਾਉਣ ਤੋਂ ਗੁਰੇਜ਼ ਨਹੀਂ ਕਰ ਰਿਹਾ। ਸੁਆਲ ਹੈ ਕਿ ਇਹਨਾਂ ਵੱਡਿਆਂ ਅਤੇ ਡਾਹਢਿਆਂ ਦੇ ਭੇੜ ਵਿੱਚ ਕੈਨੇਡਾ ਆਪਣੇ ਨੁਕਸਾਨ ਦਾ ਖਾਮਿਆਜ਼ਾ ਕਿਵੇਂ ਪੂਰਾ ਕਰੇ! ਵਰਨਣਯੋਗ ਹੈ ਕਿ ਚੀਨੀ ਕੰਪਨੀ ਹੁਆਵੇਅ (Huawei) ਦਾ ਅਮਰੀਕਾ ਨਾਲ ਝਗੜਾ ਇਰਾਨ ਵਿੱਚ ਪੈਰ ਪਸਾਰਨ ਨੂੰ ਲੈ ਕੇ ਸੀ। ਦੁਖਾਂਤ ਵੇਖੋ ਕਿ ਕੈਨੇਡਾ ਨੂੰ ਅਮਰੀਕਾ ਕਾਰਣ ਹੁਆਵੇਅ ਦੀ ਚੀਫ ਫਾਈਨਾਂਸ ਅਫਸਰ ਮੈਂਗ ਵੈਂਗਜ਼ੂਅ ਨੂੰ ਹਿਰਾਸਤ ਵਿੱਚ ਲੈਣਾ ਪਿਆ ਜਿਸਦੇ ਸਿੱਟੇ ਵਜੋਂ ਕੈਨੇਡਾ-ਚੀਨੀ ਸਬੰਧਾਂ ਨੂੰ ਨਿਘਾਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਕੈਨੇਡਾ ਦੇ ਇਰਾਨ ਨਾਲ 2012 ਤੋਂ ਬਾਅਦ ਡਿਪਲੋਮੈਟਿਕ ਸਬੰਧ ਬਿਲਕੁਲ ਟੁੱਟੇ ਹੋਏ ਹਨ। ਇਰਾਨ ਵਾਸੀਆਂ ਅਤੇ ਇਰਾਨੀ ਮੂਲ ਦੇ ਕੈਨੇਡੀਅਨਾਂ ਲਈ ਕਾਨਸੁਲਰ ਸੇਵਾਵਾਂ ਮੱਧ ਪੂਰਬ ਦੇ ਹੋਰ ਮੁਲਕਾਂ ਵਿੱਚੋਂ ਡੰਗ ਟਪਾਊ ਆਧਾਰ ਉੱਤੇ ਦਿੱਤੀਆਂ ਜਾਂਦੀਆਂ ਹਨ। ਇਵੇਂ ਹੀ ਇਰਾਨ ਨੇ ਇੱਕ ਸੈਕਸ਼ਨ ਵਾਸ਼ਿੰਗਟਨ ਡੀ.ਸੀ. ਵਿੱਚ ਪਾਕ-ਸਤਾਨ ਈ ਅੰਬੈਸੀ ਵਿੱਚ ਖੋਲਿਆ ਹੋਇਆ ਹੈ। ਬੇਸ਼ੱਕ ਜਸਟਿਨ ਟਰੂਡੋ ਦੇ 2015 ਵਿੱਚ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਦੋਵਾਂ ਕੈਨੇਡਾ ਅਤੇ ਇਰਾਨ ਦਰਮਿਆਨ ਚੰਗੇ ਸਬੰਧਾਂ ਦੀਆਂ ਆਸਾਂ ਕਈ ਵਾਰ ਜਾਗੀਆਂ ਪਰ ਸਬੰਧ ਸੁਖਾਵੇਂ ਹੋਣ ਦਾ ਨਾਮ ਨਹੀਂ ਲੈ ਪਾ ਰਹੇ। ਜਿਹੋ ਜਿਹੀ ਅੰਤਰਰਾਸ਼ਟਰੀ ਅਤਿਵਾਦ ਦੇ ਸ੍ਰੋਤਾਂ ਅਤੇ ਤੇਲ ਭੰਡਾਰਾਂ ਨੂੰ ਲੈ ਕੇ ਬਣੀ ਹੋਈ ਹੈ, ਉਹਨਾਂ ਦੇ ਚੱਲਦੇ ਕੈਨੇਡਾ ਕੋਈ ਬਹੁਤੇ ਕਾਰਗਰ ਕਦਮ ਨਹੀਂ ਚੁੱਕ ਸਕੇਗਾ।

## ਇਰਾਨ 'ਚ ਹਾਦਸਾਗ੍ਰਸਤ ਜਹਾਜ਼ ਨੂੰ ਮਿਜ਼ਾਈਲ ਰਾਹੀਂ ਬਣਾਇਆ ਗਿਆ ਸੀ ਨਿਸ਼ਾਨਾ : ਟਰੂਡੋ

...ਪੰਨਾ 1 ਦਾ ਬਾਕੀ

ਟਰੂਡੋ ਨੇ ਆਖਿਆ ਕਿ ਮ੍ਰਿਤਕਾਂ ਦੇ ਪਰਿਵਾਰ, ਉਹ ਖੁਦ ਤੇ ਸਾਰੇ ਕੈਨੇਡੀਅਨ ਇਸ ਦਾ ਜਵਾਬ ਚਾਹੁੰਦੇ ਹਨ। ਇਸ ਤੋਂ ਭਾਵ ਹੈ ਕਿ ਜਾਂਚ ਵਿੱਚ ਪਾਰਦਰਸ਼ਤਾ ਹੋਵੇ, ਜਵਾਬਦੇਹੀ ਤੈਅ ਕੀਤੀ ਜਾਵੇ ਤੇ ਸਾਨੂੰ ਇਨਸਾਫ ਮਿਲੇ। ਜਦੋਂ ਤੱਕ ਸਾਨੂੰ ਇਸ ਦਾ ਜਵਾਬ ਨਹੀਂ ਮਿਲ ਜਾਂਦਾ ਉਦੋਂ ਤੱਕ ਸਰਕਾਰ ਆਰਾਮ ਨਾਲ ਨਹੀਂ ਬੈਠੇਗੀ। ਵੀਰਵਾਰ ਨੂੰ ਇੱਕ ਸਾਂਝੀ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਵਿਦੇਸ਼ ਮੰਤਰੀ ਫਰੈਂਕੋਇਸ ਫਿਲਿਪ ਸ਼ੈਂਪੇਨ ਤੇ ਬ੍ਰਿਟਿਸ਼ ਵਿਦੇਸ਼ ਮੰਤਰੀ ਡੌਮੀਨਿਕ ਰਾਬ ਨੇ ਵੀ ਟਰੂਡੋ ਦੀ ਤਰਜ਼ ਉੱਤੇ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਵਾਏ ਜਾਣ ਦੀ ਮੰਗ ਕੀਤੀ। ਸ਼ੈਂਪੇਨ ਨੇ ਆਖਿਆ ਕਿ ਉਨ੍ਹਾਂ ਆਪਣੇ ਇਰਾਨੀ ਹਮਰੁਤਬਾ ਅਧਿਕਾਰੀ ਨਾਲ ਬੁੱਧਵਾਰ ਨੂੰ ਹੋਏ ਇਸ ਹਾਦਸੇ ਬਾਰੇ ਗੱਲ ਕੀਤੀ ਸੀ ਤੇ ਇਰਾਨ ਦੇ ਵਿਦੇਸ਼ ਮੰਤਰੀ ਨੇ ਉਨ੍ਹਾਂ ਨੂੰ ਪੂਰਾ ਸਹਿਯੋਗ ਦੇਣ ਦਾ ਵਾਅਦਾ ਕੀਤਾ।

ਇਹ ਪੁਛੇ ਜਾਣ ਉਤੇ ਕਿ ਜੇ ਇਹ ਸਿਧ ਹੋ ਜਾਂਦਾ ਹੈ ਕਿ ਮਿਜਾਈਲ ਦੇ ਹਮਲੇ ਕਾਰਨ ਹੀ ਜਹਾਜ ਨੂੰ ਹਾਦਸਾ ਪੇਸ ਆਇਆ ਤਾਂ ਕੈਨੇਡਾ ਦੀ ਅਜਿਹੇ ਵਿਚ ਕੀ ਪ੍ਰਕਿਰਿਆ ਹੋਵੇਗਾ ਤਾਂ ਟਰੂਡੋ ਨੇ ਆਖਿਆ ਕਿ ਉਹ ਅਗੇ ਚੁਕੇ ਜਾਣ ਵਾਲੇ ਕਿਸੇ ਵੀ ਤਰ੍ਹਾਂ ਦੇ ਕਦਮ ਤੋਂ ਪਹਿਲਾਂ ਜਾਂਚ ਮੁਕੰਮਲ ਹੋਣ ਦੀ ਉਡੀਕ ਕਰਨਗੇ।

## ਟਰੰਪ ਨੇ ਬਰਾਕ ਓਬਾਮਾ ਨੂੰ ਚਿਤਾਵਨੀ ਦਿੱਤੀ ਸੀ, ਖੁਦ 'ਈਰਾਨੀ ਪੱਤਾ' ਖੇਡਿਆ!

...ਪੰਨਾ 1 ਦਾ ਬਾਕੀ

ਰਿਪਬਲੀਕਨ ਨੈਸ਼ਨਲ ਕਮੇਟੀ ਦੇ ਸੰਚਾਰ ਡਾਇਰੈਕਟਰ ਮਾਈਕਲ ਅਹਿਰੈਂਸ ਨੇ ਆਖਿਆ ਹੈ ਕਿ ਲੋਕਾਂ ਦੀ ਨਜ਼ਰ ਵਿੱਚ ਰਿਪਬਲੀਕਨ ਪਾਰਟੀ ਦਾ ਅਕਸ ਅੱਤਵਾਦੀਆਂ ਪ੍ਰਤੀ ਬਹੁਤ ਸਖਤ ਹੈ ਤੇ ਅਮਰੀਕੀ ਫੌਜ ਦੇ ਹਮਲੇ ਵਿੱਚ ਜਨਰਲ ਸੁਲੇਮਾਨੀ ਦਾ ਮਾਰਿਆ ਜਾਣਾ ਇਸ ਦੀ ਯਾਦ ਦਿਵਾਉਂਦਾ ਹੈ। ਚੋਣ ਮੁਹਿੰਮ ਵਿੱਚ ਸੁਲੇਮਾਨੀ ਦੀ ਮੌਤ ਨਾਲ ਜੁੜੀਆਂ ਗੱਲਾਂ ਨੂੰ ਕਿਵੇਂ ਵਰਤਿਆ ਜਾਵੇਗਾ, ਇਸ ਦਾ ਪਤਾ ਏਥੋਂ ਲਾਇਆ ਜਾ ਸਕਦਾ ਹੈ ਕਿ ਟਰੰਪ ਦਾ ਚੋਣ ਪ੍ਰਚਾਰ ਦੇਖਦੀ ਕਮੇਟੀ ਨੇ ਫੇਸਬੁੱਕ ਉੱਤੇ ਇਸ ਮੁੱਦੇ ਲਈ ਥਾਂ ਖਰੀਦੀ ਹੈ। ਉਂਜ ਇਸ ਹਮਲੇ ਨੂੰ ਸਿਆਸੀ ਮਕਸਦ ਨਾਲ ਜੋੜਨ ਨੂੰ ਟਰੰਪ ਦੇ ਨੇੜਲੇ ਲੋਕ ਰੱਦ ਕਰਦੇ ਹਨ, ਪਰ ਡੈਮੋਕ੍ਰੇਟਿਕ ਵਿਰੋਧੀਆਂ ਦੇ ਮੁਕਾ-ਬਲੇ ਉਹ ਟਰੰਪ ਸਰਕਾਰ ਵੱਲੋਂ ਕੀਤੀ ਇਸ ਕਾਰਵਾਈ ਤੋਂ ਖੁਸ਼ ਹਨ। ਇਨ੍ਹਾਂ ਦੀ ਸੋਚ ਹੈ ਕਿ ਇਸ ਕਾਰਵਾਈ ਨਾਲ ਟਰੰਪ ਮਜ਼ਬੂਤ ਨੇਤਾ ਮੰਨੇ ਜਾਣਗੇ।

ਸਮਝਿਆ ਜਾਂਦਾ ਹੈ ਕਿ ਟਰੰਪ ਨਾਲ ਜੁੜੀਆਂ ਖਬਰਾਂ ਦਾ ਅਸਰ ਸਮਾਂ ਬਹੁਤ ਘੱਟ ਹੈ, ਪਰ ਉਨ੍ਹਾਂ ਦੇ ਸਹਿਯੋਗੀਆਂ ਦੀ ਸੋਚ ਹੈ ਕਿ ਸੁਲੇਮਾਨੀ ਉੱਤੇ ਕੀਤਾ ਹਮਲਾ ਅਗਲੀ ਮੁਹਿੰਮ ਵਿੱਚ ਵੱਡੀ ਭੂਮਿਕਾ ਨਿਭਾ ਸਕਦਾ ਹੈ ਤੇ ਜੇ ਈਰਾਨ ਅੱਗੋਂ ਜਵਾਬੀ ਕਾਰਵਾਈ ਕਰੇ ਜਾਂ ਖੇਤਰ ਵਿੱਚ ਤਣਾਅ ਦਾ ਮਾਹੌਲ ਬਣੇ ਤਾਂ ਇਹ ਹੋਰ ਵੀ ਕਾਰਗਾਰ ਹੋ ਸਕਦਾ ਹੈ। ਆਈ ਐੱਸ ਅਤੇ ਅਬੂ ਬਕਰ ਅਲ ਬਗਦਾਦੀ ਦਾ ਮਾਰਿਆ ਜਾਣਾ ਵੀ ਡੋਨਾਲਡ ਟਰੰਪ ਦੇ ਪ੍ਰਚਾਰ ਢੰਗਾਂ ਅਤੇ ਉਨ੍ਹਾਂ ਦੀਆਂ ਰੈਲੀਆਂ ਦਾ ਹਿੱਸਾ ਬਣ ਚੁੱਕੇ ਹਨ। ਇਸ ਲਈ ਮੰਨਿਆ ਜਾ ਰਿਹਾ ਹੈ ਕਿ ਸੁਲੇਮਾਨੀ ਦੀ ਮੌਤ ਨੂੰ ਵੀ ਪ੍ਰਚਾਰ ਦਾ ਹਿੱਸਾ ਬਣੇਗੀ।

## ਮੰਗੋਲੀਆ ਵਿੱਚ ਭਾਰਤੀ ਅੰਬੈਸਡਰ ਐਮਪੀ ਸਿੰਘ ਦਾ ਪੰਜਾਬ ਦੇ ਨਗੀਨੇ ਵਜੋਂ ਸਨਮਾਨ

...ਪੰਨਾ 1 ਦਾ ਬਾਕੀ

ਉਨ੍ਹਾਂ ਵੱਲੋਂ ਵੱਖ ਵੱਖ ਦੇਸ਼ਾਂ ਦੇ 200 ਤੋਂ ਵਧ ਮੁਖੀਆਂ ਤੇ ਸਰਕਾਰੀ ਅਧਿਕਾਰੀਆਂ ਦੇ ਭਾਰਤ ਦੌਰੇ ਦਾ ਪ੍ਰਬੰਧ ਕਰਨ ਤੇ ਕਾਰਜਭਾਰ ਸਾਂਭਣ ਦੀ ਭੂਮਿਕਾ ਵੀ ਬਾਖੂਬੀ ਨਿਭਾਈ ਗਈ।

ਵਰਲਡ ਪੰਜਾਬੀ ਆਰਗੇਨਾਈਜ਼ੇਸ਼ਨ ਦੇ ਸਹਿਯੋਗ ਨਾਲ ਮਨੀਸ਼ ਮੀਡੀਆ ਨੇ ਪੰਜਾਬ ਦੇ ਨਗੀਨੇ (ਜਿਊਲਜ਼ ਆਫ ਪੰਜਾਬ) ਕਿਤਾਬ ਦੇ ਦੂਜੇ ਸੰਸਕਰਣ ਨੂੰ ਲਾਂਚ ਕਰਨ ਲਈ ਬੀਤੇ ਦਿਨੀਂ ਨਵੀਂ ਦਿਲੀ ਦੇ ਅਸ਼ੋਕ ਹੋਟਲ ਵਿਚ ਸਮਾਰੋਹ ਦਾ ਆਯੋਜਨ ਕੀਤਾ। ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵਲੋਂ ਵਰਲਡ ਪੰਜਾਬੀ ਆਰਗੇਨਾਈਜ਼ੇਸ਼ਨ ਦੇ ਪ੍ਰੈਜ਼ੀਡੈਂਟ ਤੇ ਪਦਮ ਸ੍ਰੀ ਵਿਕ੍ਰਮਜੀਤ ਸਾਹਨੀ ਦੀ ਹਾਜ਼ਰੀ ਵਿੱਚ ਦੁਨੀਆ ਭਰ ਵਿੱਚ ਨਵੀਆਂ ਪੈੜਾਂ ਪਾਉਣ ਵਾਲੀਆਂ ਪੰਜਾਬੀ ਸ਼ਖਸੀਅਤਾਂ ਨਾਲ ਸਬੰਧਤ ਪੰਜਾਬ ਦੇ ਨਗੀਨੇ ਕਿਤਾਬ ਦੇ ਦੂਜੇ ਸੰਸਕਰਣ ਦੀ ਘੁੰਢ ਚੁਕਾਈ ਕੀਤੀ ਗਈ। ਇਸ ਮੌਕੇ ਰੱਖੇ ਗਏ ਸਮਾਰੋਹ ਵਿੱਚ ਦੁਨੀਆ ਭਰ ਵਿੱਚ ਨਾਮਣਾ ਖੱਟਣ ਵਾਲੀਆਂ ਹਸਤੀਆਂ ਨੇ ਸ਼ਿਰਕਤ ਕੀਤੀ।

ਇਸ ਸਮਾਰੋਹ ਵਿੱਚ ਅਹਿਮ ਮੱਲਾਂ ਮਾਰਨ ਵਾਲੇ 20 ਦੇਸ਼ਾਂ ਦੇ ਪੰਜਾਬੀ ਇੱਕ ਮੰਚ ਉੱਤੇ ਇਕੱਠੇ ਹੋਏ। ਇਨ੍ਹਾਂ ਵਿੱਚ ਕਾਰੋਬਾਰੀ, ਕੌਮਾਂਤਰੀ ਲੀਡਰ, ਐਗਰੀਕਲਚਰਿਸਟ, ਨੈਸ਼ਨਲ ਡਿਫੈਂਸ ਸਰਵਰਜ਼, ਨਿਵੇਸ਼ਕ ਤੇ ਕਈ ਹੋਰਨਾਂ ਖੇਤਰਾਂ ਵਿੱਚ ਨਿਵੇਕਲੀਆਂ ਪੈੜਾਂ ਪਾਉਣ ਵਾਲੇ ਪੰਜਾਬੀ ਸ਼ਾਮਲ ਸਨ।

### ਡੀ ਜੀ ਪੀ ਦੀ ਨਿਯੁਕਤੀ ਦਾ ਮਾਮਲਾ:

## ਮੁਸਤਫਾ ਤੇ ਚਟੋਪਾਧਿਆਏ ਦੀ ਪਟੀਸ਼ਨ ਉੱਤੇ ਫੈਸਲਾ ਕੈਟ ਵੱਲੋਂ ਰਾਖਵਾਂ

ਚੰਡੀਗੜ੍ਹ, 9 ਜਨਵਰੀ (ਪੋਸਟ ਬਿਊਰੋ)- ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਦੀ ਨਿਯੁਕਤੀ ਦੇ ਦੌਰਾਨ ਸੀਨੀਆਰਤਾ ਉਲੰਘਣ ਦੇ ਕੇਸ ਵਿੱਚ ਕੇਂਦਰੀ ਪ੍ਰਸ਼ਾਸਕੀ ਟ੍ਰਿਬਿਊਨਲ (ਕੈਟ) ਦੇ ਚੰਡੀਗੜ੍ਹ ਬੈਂਚ ਨੇ ਆਪਣਾ ਫੈਸਲਾ ਰਾਖਵਾਂ ਰੱਖ ਲਿਆ ਹੈ। ਪੰਜਾਬ ਦੇ ਆਈ ਪੀ ਐੱਸ ਦੋ ਅਫਸਰਾਂ ਮੁਹੰਮਦ ਮੁਸਤਫਾ (1985 ਬੈਚ) ਅਤੇ ਸਿਧਾਰਥ ਚਟੋਪਾਧਿਆਏ (1986 ਬੈਚ) ਨੇ ਡੀ ਜੀ ਪੀ ਦਿਨਕਰ ਗੁਪਤਾ ਦੀ ਚੋਣ ਉੱਤੇ ਸਵਾਲ ਖੜ੍ਹੇ ਕੀਤੇ ਸਨ।

ਵਰਨਣ ਯੋਗ ਹੈ ਕਿ ਮੁਹੰਮਦ ਮੁਸਤਫਾ ਪਿਛਲੇ ਮਹੀਨੇ ਕੈਟ ਵੱਲੋਂ ਉਨ੍ਹਾਂ ਦੀ ਪਟੀਸ਼ਨ 'ਤੇ ਸੁਸਤ ਸੁਣਵਾਈ ਕਰਨ ਦਾ ਦੋਸ਼ ਲਾਉਂਦੇ ਹੋਏ ਪੰਜਾਬ ਹਰਿਆਣਾ ਹਾਈ ਕੋਰਟ ਦੀ ਸ਼ਰਨ ਵਿੱਚ ਗਏ ਸਨ। ਹਾਈ ਕੋਰਟ ਵੱਲੋਂ ਇਸ ਕੇਸ 'ਤੇ 15 ਜਨਵਰੀ ਨੂੰ ਸੁਣਵਾਈ ਹੋਣੀ ਹੈ, ਪਰ ਕੱਲ੍ਹ ਕੈਟ ਨੇ ਇਸ ਬਾਰੇ ਆਪਣਾ ਫੈਸਲਾ ਰਾਖਵਾਂ ਰੱਖ ਲਿਆ ਹੈ। ਇਨ੍ਹਾਂ ਅਫਸਰਾਂ ਵੱਲੋਂ ਕੈਟ ਕੋਲ ਪਈਆਂ ਪਟੀਸ਼ਨਾਂ ਵਿੱਚ ਕਿਹਾ ਗਿਆ ਸੀ ਕਿ ਯੂ ਪੀ ਐੱਸ ਸੀ ਵੱਲੋਂ ਭੇਜੇ ਗਏ ਡੀ ਜੀ ਪੀ ਦੇ ਪੈਨਲ ਵਿੱਚੋਂ ਉਹ ਵੱਧ ਯੋਗ ਸਨ। ਉਨ੍ਹਾਂ ਦਾ ਪੁਲੀਸਿੰਗ ਦਾ ਰਿਕਾਰਡ ਵੀ ਚੰਗਾ ਹੈ। ਪਹਿਲਾਂ ਪੰਜਾਬ ਨੇ ਡੀ ਜੀ ਪੀ ਦੀ ਨਿਯੁਕਤੀ ਲਈ ਯੂ ਪੀ ਐੱਸ ਸੀ ਨੂੰ ਜੋ ਨਾਂਅ ਭੇਜੇ ਸਨ, ਉਨ੍ਹਾਂ ਵਿੱਚ ਉਨ੍ਹਾਂ ਦੇ ਨਾਂਅ ਸ਼ਾਮਲ ਸਨ, ਪਰ ਉਨ੍ਹਾਂ ਨੂੰ ਸ਼ਾਰਟ ਲਿਸਟ ਨਹੀਂ ਕੀਤਾ ਗਿਆ। ਪੈਨਲ ਵਿੱਚ ਉਨ੍ਹਾਂ ਤੋਂ ਇਲਾਵਾ ਦਿਨਕਰ ਗੁਪਤਾ, ਐੱਮ ਕੇ ਤ੍ਰਿਪਾਠੀ ਅਤੇ ਵੀ ਕੇ ਭਾਵਰਾ ਦੇ ਨਾਂਅ ਵੀ ਸਨ, ਜਿਨ੍ਹਾਂ ਵਿੱਚੋਂ ਗੁਪਤਾ ਨੂੰ ਸਿਲੈਕਟ ਕੀਤਾ ਗਿਆ ਸੀ। ਮੁਸਤਫਾ ਤੇ ਚਟੋਪਾਧਿਆਏ ਦਾ ਕਹਿਣਾ ਹੈ ਕਿ ਇਸ 'ਚ ਕੋਈ ਸ਼ੱਕ ਨਹੀਂ ਕਿ ਡੀ ਜੀ ਪੀ ਦੀ ਨਿਯੁਕਤੀ ਹਰ ਰਾਜ ਦੇ ਮੁੱਖ ਮੰਤਰੀ ਦਾ ਅਧਿਕਾਰ ਖੇਤਰ ਹੈ, ਇਸ ਨੂੰ ਕੋਈ ਚੁਣੌਤੀ ਨਹੀਂ ਦਿੱਤੀ ਜਾ ਸਕਦੀ, ਪਰ ਯੂ ਪੀ ਐੱਸ ਸੀ ਵੱਲੋਂ ਜੇ ਕਿਸੇ ਪੁਲਸ ਅਧਿਕਾਰੀ ਨਾਲ ਬਿਨਾਂ ਠੋਸ ਕਾਰਨ ਦੇ ਹੀ ਬੇਇਨਸਾਫੀ ਕੀਤੀ ਜਾਂਦੀ ਹੈ ਤਾਂ ਉਸ ਵਿਰੁੱਧ ਅਦਾਲਤ ਕੋਲ ਪਹੁੰਚ ਕੀਤੀ ਜਾ ਸਕਦੀ ਹੈ। ਪਹਿਲਾਂ ਇਸੇ ਮੁੱਦੇ ਉਤੇ ਇਹ ਅਧਿਕਾਰੀ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਇਰ ਕਰ ਚੁੱਕੇ ਹਨ, ਪਰ ਉਨ੍ਹਾਂ ਦੀ ਪਟੀਸ਼ਨ ਖਾਰਜ ਕਰ ਦਿੱਤੀ ਗਈ ਸੀ।

## ਅਫਸਰ ਦਾ ਬੇਟਾ ਖੇਡ ਕੋਟੇ ਤੋਂ ਅਫਸਰ ਬਣਿਆ, ਪਰ ਖੇਮਕਾ ਨੇ ਅੜਿੱਕਾ ਲਾ ਦਿੱਤਾ

ਚੰਡੀਗੜ੍ਹ, 9 ਜਨਵਰੀ (ਪੋਸਟ ਬਿਊਰੋ)- ਹਰਿਆਣਾ ਪਬਲਿਕ ਸਰਵਿਸ ਕਮਿਸ਼ਨ ਵੱਲੋਂ ਪਿੱਛੇ ਜਿਹੇ ਕੀਤੀ ਐੱਚ ਸੀ ਐੱਸ ਭਰਤੀ ਵਿੱਚ ਖੇਡ ਕੋਟੇ ਤੋਂ ਸਿਲੈਕਟ ਹੋਏ ਇੰਟਰਨੈਸ਼ਨਲ ਸ਼ੂਟਰ ਵਿਸ਼ਵਜੀਤ ਦੇ ਸਪੋਰਟਸ ਗ੍ਰੇਡੇਸ਼ਨ ਸਰਟੀਫਿਕੇਟ 'ਤੇ ਸੀਨੀਅਰ ਆਈ ਏ ਐਸ ਅਫਸਰ ਅਸ਼ੋਕ ਖੇਮਕਾ ਨੇ ਸਵਾਲ ਕਰ ਦਿੱਤੇ ਹਨ। ਖੇਮਕਾ ਵੱਲੋਂ ਮਾਮਲੇ ਦੀ ਪੂਰੀ ਜਾਂਚ ਕਰਾਉਣ ਲਈ ਮੁੱਖ ਸਕੱਤਰ, ਮੁੱਖ ਮੰਤਰੀ ਦੇ ਪ੍ਰਿੰਸੀਪਲ ਸੈਕਟਰੀ ਅਤੇ ਕਮਿਸ਼ਨ ਨੂੰ ਪੱਤਰ ਲਿਖਣ ਪਿੱਛੋਂ ਸਰਕਾਰ ਨੇ

*** ਸਰਕਾਰ ਨੇ ਖੇਡ ਵਿਭਾਗ ਤੋਂ ਰਿਪੋਰਟ ਮੰਗੀ**

ਇਸ ਬਾਰੇ ਖੇਡ ਵਿਭਾਗ ਤੋਂ ਰਿਪੋਰਟ ਮੰਗ ਲਈ ਹੈ।

ਅਸ਼ੋਕ ਖੇਮਕਾ ਨੇ ਲਿਖਿਆ ਹੈ ਕਿ ਵਿਸ਼ਵਜੀਤ ਅਸਲ ਵਿੱਚ ਆਈ ਏ ਐੱਸ ਅਫਸਰ ਜਗਦੀਪ ਸਿੰਘ ਦਾ ਬੇਟਾ ਹੈ ਅਤੇ ਇਹ ਗ੍ਰੇਡ-ਏ ਦਾ ਸਰਟੀਫਿਕੇਟ ਉਸ ਦੇ ਪਿਤਾ ਦੇ ਖੇਡ ਵਿਭਾਗ ਦੇ ਡਾਇਰੈਕਟਰ ਹੁੰਦੇ ਹੋਏ ਜਾਰੀ ਹੋਇਆ ਸੀ, ਜਦ ਕਿ ਉਸ ਦੇ ਮੈਡਲਾਂ ਦੇ ਹਿਸਾਬ ਨਾਲ ਗ੍ਰੇਡ-ਬੀ ਦਾ ਸਰਟੀਫਿਕੇਟ ਬਣਦਾ ਹੈ। ਜਿਸ ਖੇਡ ਵਿੱਚ ਮੈਡਲ ਜਿੱਤਣ ਕਰ ਕੇ ਸਰਟੀਫਿਕੇਟ ਦਿੱਤਾ ਗਿਆ ਹੈ, ਉਹ ਖੇਡ ਹੋਈ ਹੀ ਨਹੀਂ। ਸਰਟੀਫਿਕੇਟ 12 ਜੂਨ 2018 ਨੂੰ ਉਸ ਦਿਨ ਜਾਰੀ ਕੀਤਾ ਗਿਆ, ਜਿਸ ਦਿਨ ਇਸ ਦੇ ਪਿਤਾ ਦਾ ਤਬਾਦਲਾ ਹੋਇਆ ਸੀ। ਉਨ੍ਹਾਂ ਨੇ ਤਬਾਦਲੇ ਦੇ ਬਾਅਦ ਆਏ ਦੂਸਰੇ ਡਾਇਰੈਕਟਰ 'ਤੇ ਵੀ ਸਵਾਲ ਉਠਾਇਆ ਅਤੇ ਲਿਖਿਆ ਹੈ ਕਿ ਜਦ ਉਨ੍ਹਾਂ ਨੇ ਅਹੁਦਾ ਸੰਭਾਲਿਆ ਤਾਂ ਉਨ੍ਹਾਂ ਦੀ ਜ਼ਿੰਮੇਵਾਰੀ ਬਣਦੀ ਸੀ ਕਿ ਉਹ ਇਹ ਦੇਖਣ ਕਿ ਗ੍ਰੇਡ-ਏ ਦੇ ਪੰਜ ਹੀ ਸਰਟੀਫਿਕੇਟ ਕਿਉਂ ਬਣੇ ਹਨ।

## ਬਲਾਤਕਾਰ ਤੇ ਕਤਲ ਕੇਸ ਦੇ ਦੋ ਦੋਸ਼ੀਆਂ ਨੂੰ ਉਮਰ ਕੈਦ, ਦੋਂਹ ਨੂੰ ਸੱਤ-ਸੱਤ ਸਾਲ ਕੈਦ

ਹੁਸ਼ਿਆਰਪੁਰ, 9 ਜਨਵਰੀ (ਪੋਸਟ ਬਿਊਰੋ)- ਐਡੀਸ਼ਨਲ ਜ਼ਿਲ੍ਹਾ ਤੇ ਸੈਸ਼ਨ ਜੱਜ ਨੀਲਮ ਅਰੋੜਾ ਦੀ ਅਦਾਲਤ ਨੇ 9ਵੀਂ ਕਲਾਸ ਦੀ ਵਿਦਿਆਰਥਣ ਨਾਲ ਬਲਾਤਕਾਰ ਦੇ ਕੇਸ ਦੀ ਸੁਣਵਾਈ ਤੋਂ ਬਾਅਦ ਪਾਏ ਚਾਰ ਵਿੱਚੋਂ ਦੋ ਦੋਸ਼ੀਆਂ ਗੁਰਪ੍ਰੀਤ ਸਿੰਘ ਉਰਫ਼ ਗੋਪੀ ਵਾਸੀ ਜਲੰਧਰ ਅਤੇ ਮਨਦੀਪ ਸਿੰਘ ਵਾਸੀ ਚੱਕ ਰਾਜੂ ਨੂੰ ਉਮਰ ਕੈਦ ਦੀ ਸਜ਼ਾ ਅਤੇ 75-75 ਹਜ਼ਾਰ ਰੁਪਏ ਜੁਰਮਾਨੇ ਦੇ ਹੁਕਮ ਸੁਣਾਏ ਹਨ। ਦੋ ਹੋਰ ਦੋਸ਼ੀਆਂ ਮਨਜਿੰਦਰ ਸਿੰਘ ਤੇ ਤਰਨਜੀਤ ਸਿੰਘ ਵਾਸੀ ਕੰਦੋਲਾ ਨੂੰ ਸੱਤ-ਸੱਤ ਸਾਲ ਦੀ ਸਜ਼ਾ ਅਤੇ 26-26 ਹਜ਼ਾਰ ਰੁਪਏ ਜੁਰਮਾਨੇ ਦੇ ਹੁਕਮ ਸੁਣਾਏ ਹਨ।

ਵਰਨਣ ਯੋਗ ਹੈ ਕਿ ਥਾਣਾ ਬੁੱਲੋਵਾਲ ਦੇ ਇੱਕ ਪਿੰਡ ਦੀ 16 ਸਾਲਾ ਲੜਕੀ ਨੇ 23 ਜੂਨ 2018 ਨੂੰ ਪੁਲਸ ਕੋਲ ਕੀਤੀ ਸ਼ਿਕਾਇਤ ਵਿੱਚ ਕਿਹਾ ਸੀ ਕਿ ਉਹ ਹਰਿਆਣਾ ਰੋਡ ਦੇ ਇੱਕ ਸਕੂਲ 'ਚ 9ਵੀਂ ਕਲਾਲ ਦੀ ਵਿਦਿਆਰਥਣ ਹੈ। ਉਸ ਅਨੁਸਾਰ ਜ਼ਿਲ੍ਹਾ ਜਲੰਧਰ ਦੇ ਉਚਾ ਪਿੰਡ ਦਾ ਗੁਰਪ੍ਰੀਤ ਸਿੰਘ ਉਰਫ਼ ਗੋਪੀ ਉਸ ਦੇ ਗੁਆਂਢ 'ਚ ਆਪਣੇ ਨਾਨਕੇ ਘਰ ਰਹਿੰਦਾ ਸੀ। ਉਸ ਨੇ ਦੱਸਿਆ ਕਿ 14 ਜੂਨ ਨੂੰ ਦੋਸ਼ੀ ਦਾ ਇੱਕ ਸਾਥੀ ਉਸ ਨੂੰ ਗੁਰਪ੍ਰੀਤ ਨਾਲ ਮਿਲਾਉਣ ਦੀ ਗੱਲ ਕਰਕੇ ਆਪਣੇ ਮੋਟਰਸਾਈਕਲ 'ਤੇ ਬਿਠਾ ਕੇ ਪਿੰਡ ਸਹਾਏਪੁਰ ਦੀ ਮੋਟਰ 'ਤੇ ਲੈ ਗਿਆ ਜਿੱਥੇ ਪਹਿਲਾਂ ਹੀ ਗੁਰਪ੍ਰੀਤ ਸਿੰਘ ਮੌਜੂਦ ਸੀ ਤੇ ਉਸ ਨੇ ਉਸ ਨਾਲ ਬਲਾਤਕਾਰ ਕੀਤਾ ਸੀ। ਇਸ ਮੌਕੇ ਮੋਟਰ ਦੇ ਬਾਹਰ ਮਨਜਿੰਦਰ ਸਿੰਘ ਵਾਸੀ ਚੱਕ ਰਾਜੂ ਸਿੰਘ ਖੜ੍ਹਾ ਰਿਹਾ। ਪੀੜਤਾ ਨੇ ਦੱਸਿਆ ਕਿ ਗੁਰਪ੍ਰੀਤ ਸਿੰਘ ਉਸ ਨੂੰ ਮੋਟਰ 'ਚ ਬੰਦੀ ਬਣਾ ਕੇ ਬਾਹਰ ਚਲਾ ਗਿਆ, ਜਦੋਂ ਕੁਝ ਸਮੇਂ ਦਰਵਾਜ਼ਾਂ ਖੋਲ੍ਹਿਆ ਤਾਂ ਬਾਹਰ ਤਰਨਜੀਤ ਸਿੰਘ ਉਰਫ਼ ਤਰਨਾ ਵਾਸੀ ਕੰਧੋਲਾ ਖੜਾ ਸੀ। ਉਸ ਅਨੁਸਾਰ ਤਰਨਜੀਤ ਸਿੰਘ ਨਸਰ-ਾਲਾ 'ਚ ਮੀਟ ਦੀ ਦੁਕਾਨ ਕਰਦਾ ਹੈ। ਉਸ ਨੇ ਦੱਸਿਆ ਕਿ ਇਸ ਤੋਂ ਬਾਅਦ ਦੋਸ਼ੀ ਉਸ ਨੂੰ ਆਪਣੇ ਦੋ ਹੋਰ ਸਾਥੀਆਂ ਸਮੇਤ ਤਰਨਜੀਤ ਸਿੰਘ ਦੀ ਮੀਟ ਦੀ ਦੁਕਾਨ 'ਤੇ ਲੈ ਗਏ ਜਿੱਥੇ ਉਸ ਨੂੰ ਬੰਦੀ ਬਣਾ ਕੇ ਕੁੱਟਮਾਰ ਕਰਦੇ ਹੋਏ ਉਸ ਦੀ ਵੀਡੀਓ ਬਣਾਈ ਗਈ। ਪੁਲਸ ਨੇ ਇਸ ਬਾਰੇ ਪੀੜਤਾ ਦੀ ਸ਼ਿਕਾਇਤ ਉੱਤੇ ਦੋਸ਼ੀਆਂ ਖ਼ਿਲਾਫ਼ ਕੇਸ ਦਰਜ ਕਰ ਲਿਆ ਸੀ। ਅਦਾਲਤ ਨੇ ਉਕਤ ਮਾਮਲੇ ਦੀ ਸੁਣਵਾਈ ਤੋਂ ਬਾਅਦ ਪਾਏ ਗਏ ਦੋਸ਼ੀਆਂ ਨੂੰ ਸਜ਼ਾ ਦੇ ਹੁਕਮ ਸੁਣਾਏ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Karam Singh Punia<br>Gyan Singh; Angrej Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.





















# ਸਾਖੀ ਨਾਮ ਮਹਾਤਮ ਦੀ



ਕਰਨੈਲ ਸਿੰਘ ਟੋਰਾਂਟੋ
416-746-7642

ਇਕ ਦਿਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਵਾਨ ਵਿਚ ਸੰਗਤਾਂ ਨੂੰ ਦਰਸ਼ਨ ਦੀਦਾਰੇ ਅਤੇ ਪ੍ਰਬਚਨਾਂ ਦੁਆਰਾ ਨਿਹਾਲ ਕਰ ਰਹੇ ਸਨ ਤਾਂ ਨਾਰਦਮੁਨੀ ਬ੍ਰਹਮਾ ਜੀ ਦਾ ਪੁਤ੍ਰ ਸਾਧੂ ਸਰੂਪ ਵਿਚ ਦਰਸ਼ਨ ਕਰਨ ਆਇਆ। ਹਜੂਰ ਦੇ ਅੱਗੇ ਮੱਥਾ ਟੇਕ ਕੇ ਹਮਾਯੂੰ ਪੰਖੀ ਦੇ ਖੰਭ ਭੇਟ ਕੀਤੇ। ਇਸ ਦੀ ਦਰਸ਼ਨ ਕਰਨ ਦੀ ਅਭਿਲਾਖਾ ਸੀ। ਕਿਤਨਾ ਚਿਰ ਸਤਿਗੁਰਾਂ ਦੇ ਦਰਸ਼ਨ ਕਰਦਾ ਰਿਹਾ, ਅਤੀ ਪ੍ਰਸੰਨਤਾ ਪ੍ਰਾਪਤ ਕੀਤੀ। ਸਤਿਗੁਰੂ ਜੀ ਨੇ ਪੁੱਛਿਆ ਹੇ ਰਿਖੀ ਜੀ ਇਤਨੀ ਖੇਚਲ ਕਿਉਂ ਕੀਤੀ। ਇਹ ਖੰਭ ਤਾਂ ਬੜੇ ਕੀਮਤੀ ਹਨ ਤੁਸੀਂ ਬਿਨਾਂ ਭੇਟਾ ਦੇ ਆ ਜਾਂਦੇ। ਤੁਹਾਡੇ ਜੈਸੇ ਰਿਖੀਆਂ ਦੇ ਤਾਂ ਦਰਸ਼ਨਾਂ ਵਿਚ ਸਭ ਕੁਝ ਹੈ। ਨਾਰਦ ਨੇ ਕਿਹਾ= ਮਹਾਰਾਜ ਜੀ=ਆਪ ਜੀ ਤਾਂ ਅਕਾਲ ਪੁਰਖ ਦਾ ਸਰੂਪ ਹੋ, ਧਰਮ ਦੀ ਰਖਿਆ ਲਈ ਆਪ ਜੀ ਨੇ ਅਵਤਾਰ ਧਾਰਨ ਕੀਤਾ ਹੈ। ਮੈਂ ਸਵਰਗ ਲੋਕ ਵਿਚ ਬੈਠਾ ਹਾਂ, ਮੇਰੇ ਹਿਰਦੇ ਵਿਚ ਆਪ ਜੀ ਦੇ ਦਰਸ਼ਨਾਂ ਦੀ ਇੱਛਾ ਪ੍ਰਬਲ ਹੋਈ। ਸੋਚਿਆ ਖਾਲੀ ਹੱਥੀਂ ਨਹੀਂ ਜਾਣਾ ਚਾਹੀਦਾ ਕੋਈ ਤੁੱਛ ਭੇਟਾ ਲੈ ਚਲੀਏ।

ਰਾਜਾ, ਵੈਦ, ਗੁਰੂ ਜੋਤਸ਼ੀ, ਇਨਕੇ ਪਾਸ ਜੋ ਜਾਏ। ਖਾਲੀ ਹਾਥ ਨਾ ਜਾਈਐ ਫਲ ਦੀਏ ਫਲ ਪਾਇ। ਫਿਰ ਮੈਂ ਮਨ ਵਿਚ ਵਿਚਾਰ ਕੀਤੀ ਕਿ ਸਤਿਗੁਰੂ ਜੀ ਸ਼ਸਤ੍ਰ ਵਿਦਿਆ ਦੇ ਧਨੀ ਹਨ। ਧਨੁੱਖ ਬਾਣ ਦੀ ਵਿਦਿਆ ਵਿਚ ਨਿਪੁੰਨ ਹਨ, ਇਸ ਕਰਕੇ ਦਾਸ ਹਮਾਯੂੰ ਪੰਖੀ ਦੇ ਖੰਭ ਲੈ ਕੇ ਆਇਆ ਹੈ। ਆਪ ਆਪਣੇ ਬਾਣਾਂ ਦੇ ਅੱਗੇ ਇਹ ਖੰਭ ਲਗਾ ਲੈਣੇ।

ਅਪਨੇ ਬਾਨ ਸੰਗ ਲਗਾਵਉ। ਬਹੁ ਚਾਂਪ ਮੈਂ ਸੰਧਿ ਚਲਾਉ।
ਹੇਰਹੁ ਬੇਗ ਹੋਇ ਹੈ ਐਸੇ। ਉਡਿ ਕਰਿ ਜਾ ਇਬਿਹੰਗਮ ਜੈਸੇ॥੨੭॥

(ਗੁਰ ਪ੍ਰਤਾਪ, ਸੂਰਜ ਰੁਤ ੪ ਅੰਸੂ ੫੦)

ਮਹਾਰਾਜ ਜੀ ਨੇ ਉਹ ਖੰਭ ਲੈ ਲਏ ਅਤੇ ਨਾਰਦ ਮੁਨੀ ਗੁਰੂ ਜੀ ਦੀ ਉਸਤਤ ਕਰਦਾ ਹੋਇਆ ਸਵਰਗ ਲੋਕ ਨੂੰ ਚਲਾ ਗਿਆ। ਪਿਛੋਂ ਖਾਲਸੇ ਨੇ ਪੁੱਛਿਆ ਮਹਾਰਾਜ ਇਹ ਸਾਧੂ ਕੌਣ ਸੀ, ਸਤਿਗੁਰਾਂ ਕਿਹਾ ਇਹ ਬ੍ਰਹਮੇ ਦਾ ਪੁੱਤਰ ਨਾਰਦ ਮੁਨੀ ਸੀ। ਸਤਿਗੁਰਾਂ ਨੇ ਉਹ ਖੰਭ ਕਾਰੀਗਰ ਨੂੰ ਕਹਿਕੇ ਬਾਣਾਂ ਦੇ ਅੱਗੇ ਲਗਵਾ ਲਏ ਅਤੇ ਸਾਰਿਆਂ ਸਿੱਖਾਂ ਨੂੰ ਹੁਕਮ ਕੀਤਾ ਕਿ ਅਸੀਂ ਇਹ ਤੀਰ ਅਸਮਾਨ ਵੱਲ ਛੱਡਣ ਲੱਗੇ ਹਾਂ ਤੁਸੀਂ ਇਹਦੇ ਵਿਚ ਨਿਗਾਹ ਰੱਖਣੀ ਅਤੇ ਗੁਰੂ ਜੀ ਨੇ ਧਨੁਖ ਨੂੰ ਜ਼ੋਰ ਨਾਲ ਖਿਚਿਆ ਤੇ ਬਾਣ ਛੱਡ ਦਿਤਾ, ਪਰ ਬਾਣ ਅੱਗੇ ਤੋਂ ਅੱਗੇ ਅਸਮਾਨ ਵੱਲ ਵੱਧਦਾ ਗਿਆ ਪਿੱਛੇ ਨਹੀਂ ਆਇਆ। ਸਤਿਗੁਰਾਂ ਨੇ ਵਾਰੀ ਵਾਰੀ ਚਾਰ ਬਾਣ ਛੱਡੇ ਪਰ ਵਾਪਸ ਧਰਤੀ 'ਤੇ ਕੋਈ ਨਹੀਂ ਆਇਆ। ਸਤਿਗੁਰਾਂ ਨੇ ਵਾਰੀ ਵਾਰੀ ਚਾਰ ਬਾਣ ਛੱਡੇ ਪਰ ਵਾਪਸ ਧਰਤੀ 'ਤੇ ਕੋਈ ਨਹੀਂ ਆਇਆ। ਸਿੱਖਾਂ ਨੇ ਇਕ ਪਹਿਰ ਅਸਮਾਨ ਵੱਲ ਨਿਗ੍ਹਾ ਰੱਖੀ। ਯਾਨੀ ਤਿੰਨ ਘੰਟੇ ਅੱਖਾਂ ਅਤੇ ਗਰਦਨਾਂ ਥੱਕ ਗਈਆਂ ਅਤੇ ਬੇਨਤੀ ਕੀਤੀ ਹੇ ਸਤਿਗੁਰੂ ਆਪ ਕਿਰਪਾ ਕਰਕੇ ਦਸੋ ਇਹ ਕੀ ਕੌਤਕ ਕੀਤਾ ਹੈ ਆਪ ਜੀ ਨੇ, ਅਸੀਂ ਅਲਪੱਗ ਹਾਂ। ਆਪ ਜੀ ਦੇ ਗੁੱਝੇ ਭੇਦ ਨਹੀਂ ਜਾਣਦੇ, ਆਪ ਆਪਣੀ ਗਤੀ ਨੂੰ ਜਾਣਦੇ ਹੋ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੁਸਕਰਾ ਕੇ ਕਿਹਾ=ਜਿਵੇਂ ਬਾਣਾਂ ਦੇ ਨਾਲ ਹਮਾਯੂੰ ਪੰਖੀ ਦੇ ਖੰਭ ਲੱਗੇ ਹਨ, ਖੰਭਾਂ ਨੇ ਬਾਣਾਂ ਨੂੰ ਹਮਾਯੂੰ ਪੰਖੀਆਂ ਦੇ ਦੇਸ਼ ਵਿਚ ਪੁਚਾ ਦਿਤਾ ਹੈ। ਇਸੇ ਤਰ੍ਹਾਂ ਜੋ ਪੁਰਸ਼ ਨਾਮ ਇਕ ਰਸ ਜਪਦਾ ਹੈ। ਉਸ ਜਗਿਆਸੂ ਨੂੰ ਨਾਮ ਰੂਪੀ ਬਾਣ ਪਰਮੇਸ਼ਰ ਦੇ ਦੇਸ਼ ਵਿਚ ਪਹੁੰਚਾਉਂਦਾ ਹੈ। ਸਮੂਹ ਨਾਨਕ ਨਾਮ ਲੇਵਾ ਨਾਮ ਜਪੋ ਅਤੇ ਪਰਮ ਪਦਵੀ ਪ੍ਰਾਪਤ ਕਰੋ।

ਵਾਹਿਗੁਰੂ ਨਾਮੁ ਜਹਾਜ਼ ਹੈ, ਚੜ੍ਹੇ ਸੋ ਉਤਰੈ ਪਾਰ॥

ਤਥਾ= ਵਾਹਿਗੁਰੂ ਗੁਰਮੰਤ੍ਰ ਹੈ ਜਪ ਹਉਮੈ ਖੋਈ॥ ਭਾਈ ਗੁਰਦਾਸ ਜੀ। ਹੋਰ ਵੀ ਇਤਿਹਾਸ ਦਸਦਾ ਹੈ ਕਿ ਬਾਬਾ ਸ੍ਰੀ ਚੰਦ ਜੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਸਤਿਗੁਰੂ ਅਰਜਨ ਪਾਸ ਆਏ ਸਨ। ਬਾਬਾ ਜੀ ਨੇ ਕਿਹਾ ਅਰਜਨ ਦਾੜ੍ਹੀ ਬੜੀ ਵਧਾਈ ਹੈ ਤਾਂ ਸਤਿਗੁਰਾਂ ਕਿਹਾ ਤੁਹਾਡੇ ਜੈਸੇ ਮਹਾਂਪੁਰਖਾਂ ਦੇ ਚਰਨ ਝਾੜਨ ਵਾਸਤੇ ਵਧਾਈ ਹੈ ਜੀ। ਧੰਨ ਧੰਨ ਸਤਿਗੁਰੂ ਅਰਜਨ ਦੇਵ ਜੀ ਕਿਤਨੀ ਨਿਮਰਤਾ ਹੈ।

ਬਿਲਾਵਲੁ ਮਹਲਾ ੫॥

ਪਾਣੀ ਪਖਾ ਪੀਸੁ ਦਾਸ ਕੈ ਤਬ ਹੋਹਿ ਨਿਹਾਲੁ॥
ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ॥੧॥

(ਪੰਨਾ ੮੧੧)

ਸ੍ਰੀ ਗੁਰੂ ਅਰਜਨ ਦੇਵ ਮਨੁਖਾ ਦੇਹੀ ਵਿਚ ਸੇਵਾ ਕਰਨੀ ਦਸਦੇ ਹਨ।

ਅਰਥ:- ਪ੍ਰਭੂ ਦੇ ਦਾਸ ਪਾਸ ਜਾ ਕੇ ਪਾਣੀ ਭਰਨ ਦੀ ਸੇਵਾ ਕਰੋ, ਪੱਖਾ ਝੱਲ, ਚੱਕੀ ਵਿਚ ਦਾਣੇ ਪੀਹਕੇ, ਆਟਾ ਤਿਆਰ ਕਰਕੇ ਸੰਤਾਂ ਲਈ ਭਾਵ ਹਰਿ ਤਰ੍ਹਾਂ ਦੀ ਸੇਵਾ ਕਰ ਸੰਤਾਂ ਦੀ ਤਾਂ ਤੈਨੂੰ ਪਰਮਾਤਮਾ ਨਿਹਾਲੁ ਕਰੇਗਾ ਕਿ ਮੇਰੇ ਪਿਆਰਿਆਂ ਸੰਤਾਂ ਦੀ ਸੇਵਾ ਕੀਤੀ ਹੈ।

ਸੰਤ ਜਨਾ ਕਾ ਛੋਹਰਾ ਤਿਸੁ ਚਰਣੀ ਲਾਗਿ॥

ਅਰਥ:- ਸੰਤ ਜਨਾਂ ਛੋਹਰਾ=ਦਾਸ ਹੈ ਉਸਦੇ ਚਰਨੀ ਲੱਗ ਜਾ। ਰਾਜ ਭਾਗ=ਮਿਲਖ=ਜਗੀਰਾ, ਸਰਦਾਰੀਆਂ ਆਦਿਕ ਜੋ ਹੈ ਇਹਨਾਂ ਨੂੰ ਗਿਆਨ ਦੀ ਅੱਗ ਵਿਚ ਜਾਲ ਸਾੜ ਦੇ॥੧॥

ਮਾਇਆ ਧਾਰੀ ਛਤ੍ਰਪਤਿ ਤਿਨ੍ਹ ਛੋਡਉ ਤਿਆਗਿ॥੧॥ ਰਹਾਉ॥
ਸੰਤਨ ਕਾ ਦਾਨਾ ਰੂਖਾ ਸੋ ਸਰਬ ਨਿਧਾਨ॥

ਅਰਥ:- ਮਾਇਆਧਾਰੀ ਛਤਰਪਤੀ ਰਾਜਿਆਂ ਨੂੰ ਤਿਆਗ ਦੇ ਭਾਵ ਛੱਡਦੇ॥ ਰਹਾਉ॥ ਸੰਤਾਂ ਪਾਸੋਂ ਰੁੱਖਾਂ ਦਾਨਾ ਭਾਵ ਰੁੱਖਾ ਮਿੱਸਾ ਪ੍ਰਸਾਦਾ ਮਿਲ ਜਾਵੇ ਉਹਦੇ ਵਿਚ ਸਭ ਨਿਧਾਨ=ਖਜ਼ਾਨੇ ਹਨ। ਲੋਕ ਪਰਲੋਕ ਦੇ ਸੁਖ ਮਿਲਣਗੇ। ਰੁਖਾ ਦਾਨਾ ਅੰਮ੍ਰਿਤ ਦੇ ਬਰਾਬਰ ਹੈ।

ਗ੍ਰਿਹਿ ਸਾਕਤ ਛਤੀਹ ਪ੍ਰਕਾਰ ਤੇ ਬਿਖੂ ਸਮਾਨ॥੨॥ (ਪੰਨਾ ੮੧੧)

ਅਰਥ:- ਸਾਕਤ=ਪੁਰਸ਼ ਦੇ ਘਰਿ ਜੋ ਛੱਤਹਿ ਪ੍ਰਕਾਰ ਦੇ ਭੋਜਨ ਹਨ=ਉਹ ਬਿਖੁ ਦੇ ਸਮਾਨ ਜ਼ਹਿਰ ਦੇ ਸਮਾਨ ਦੁਖਦਾਈ ਹਨ॥੨॥

ਸਤਿਗੁਰੂ ਗੁਰੂ ਨਾਨਕ ਦੇਵ ਜੀ ਮਲਿਕ ਭਾਗੋ ਦੇ ਵੱਖ-ਵੱਖ ਪ੍ਰਕਾਰ ਦੇ ਭੋਜਨ ਛੱਡ ਕੇ ਭਾਈ ਲਾਲੋ ਦੇ ਗ੍ਰਹਿ ਵਿਖੇ ਪ੍ਰਸਾਦਿ ਛਕਿਆ ਸੀ। ਪਾਪਾਂ ਦੀ ਕਮਾਈ ਦੇ ਭੋਜਨ ਵਿਚੋਂ ਲਹੂ ਨਿਚੋੜ ਕੇ ਦਿਖਾਇਆ ਸੀ ਅਤੇ ਭਾਈ ਲਾਲੋ ਦੇ ਰੁਖੇ ਮਿਸੇ ਪ੍ਰਸ਼ਾਦ ਵਿਚੋਂ ਦੁੱਧ ਕੱਢਿਆ ਸੀ। ਮਲਿਕ ਭਾਗੋ ਸੇਠ ਨੇ ਪੁੱਛਿਆ ਸੀ ਮੇਰੇ ਘਰ ਕਿਉਂ ਨਹੀਂ ਆਏ ਮੈਂ ਆਪ ਜੀ ਨੂੰ ਨਿਉਤਾ ਦਿਤਾ ਸੀ ਤਾਂ ਸਤਿਗੁਰੂ ਜੀ ਨੇ ਇਹ ਕੌਤਕ ਦਿਖਾ ਕੇ ਮਲਿਕ ਭਾਗੋ ਦਾ ਘਮੰਡ ਤੋੜਿਆ ਵੱਡੇਪਣੇ ਵਾਲਾ ਅਤੇ ਆਪਣੇ ਪਿਆਰੇ ਨਾਮੁ ਦੇ ਰਸੀਏ ਭਾਈ ਲਾਲੋ 'ਤੇ ਕਿਰਪਾ ਕੀਤੀ। ਜਿਸ ਤਰ੍ਹਾਂ ਦੁਆਪਰ ਜੁਗ ਵਿਚ ਕ੍ਰਿਸ਼ਨ ਭਗਵਾਨ ਦੁਰਯੋਧਨ ਰਾਜੇ ਦੇ ਰਾਜ ਘਰਾਣੇ ਵਾਲੇ ਪਦਾਰਥਾਂ ਨੂੰ ਛੱਡ ਕੇ ਦਾਸੀ ਦੇ ਪੁਤਰ ਵਿਦੁਰ ਦੇ ਘਰ ਜਾਕੇ ਅਲੂਣਾ ਸਾਗ ਪ੍ਰਾਪਤ ਕੀਤਾ। ਸਾਰੀ ਰਾਤ ਵਿਦੁਰ ਭਗਤ 'ਤੇ ਅੰਮ੍ਰਿਤ ਬਰਖਾ ਕੀਤੀ ਬਚਨ ਬਿਲਾਸ ਕੀਤੇ।

ਸੂਹੀ ਮਹਲਾ ੪
ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ॥
ਪੂਛਹੁ ਬਿਦਰ ਦਾਸੀ ਸੁਤੈ ਕਿਸਨੁ ਉਤਰਿਆ ਘਰਿ ਜਿਸੁ ਜਾਇ॥੧॥

(ਪੰਨਾ ੭੩੩)

ਅਰਥ:- ਦਾਸੀ ਦੇ ਪੁੱਤਰ ਬਿਦਰ ਨੂੰ ਪੁਛਹੁ ਭਾਵ ਉਸ ਦੀ ਪੁਰਾਤਨ ਕਥਾ ਪੜ੍ਹੋ। ਦੁਰਯੋਧਨ ਰਾਜੇ ਨੂੰ ਛੱਡਕੇ ਕ੍ਰਿਸ਼ਨ ਭਗਵਾਨ ਉਤਰਿਆ=ਠਹਿਰਿਆ।

ਪਹਿਲੀ ਪੰਗਤੀ ਦੇ ਅਰਥ=ਹਰੀ ਦੇ ਨਾਮ ਨੂੰ ਜਪਣ ਕਰਕੇ ਨੀਚ ਜਾਤ ਵਾਲਾ ਪੁਰਸ਼ ਉਤਮ ਪਦਵੀ ਪਾ ਲੈਂਦਾ ਹੈ।

ਯਥਾ=ਜਿਸੁ ਨੀਚ ਕਉ ਕੋਈ ਨਾ ਜਾਨੈ॥ ਨਾਮੁ ਜਪਤ ਉਹੁ ਚਹੁ ਕੁੰਟ ਮਾਨੈ॥੧॥

(ਪੰਨਾ ੩੮੭)

ਯਥਾ=ਰਾਜਨ ਕਉਨ ਤੁਮਾਰੈ ਆਵੈ॥
ਐਸੋ ਭਾਉ ਬਿਦਰ ਕੋ ਦੇਖਿਓ ਓਹੁ ਗਰੀਬੁ ਮੋਹਿ ਭਾਵੈ॥੧॥ ਰਹਾਉ॥
ਹਸਤੀ ਦੇਖਿ ਭਰਮ ਤੇ ਭੂਲਾ ਸ੍ਰੀ ਭਗਵਾਨੁ ਨ ਜਾਨਿਆ॥

ਤੁਮਰੋ ਦੂਧੁ ਬਿਦਰ ਕੋ ਪਾਨ੍ਹੋ ਅੰਮ੍ਰਿਤ ਕਰਿ ਮੈ ਮਾਨਿਆ॥੧॥
ਖੀਰ ਸਮਾਨਿ ਸਾਗੁ ਮੈ ਪਾਇਆ ਗੁਨ ਗਾਵਤ ਰੈਨਿ ਬਿਹਾਨੀ॥

ਕਬੀਰ ਕੋ ਠਾਕੁਰੁ ਅਨਦ ਬਿਨੋਦੀ ਜਾਤਿ ਨ ਕਾਹੂ ਕੀ ਮਾਨੀ॥੨॥
(ਪੰਨਾ ੧੧੦੫)
ਤਥਾ=ਆਇਆ ਸੁਣਿਆ ਬਿਦਰ ਦੇ ਬੋਲੈ ਦੁਰਯੋਧਨ ਹੋਇ ਰੁਖਾ॥
ਘਰਿ ਅਸਾਡੇ ਛਡਿ ਕੈ ਗੋਲੇ ਦੇ ਘਰਿ ਜਾਹਿ ਕਿ ਸੁਖਾ॥
ਭੀਖਮੁ ਦ੍ਰੋਣਾ ਕਰਣ ਤਜਿ ਸਭਾ ਸੀਗਾਰ ਵਡੇ ਮਾਨੁਖਾ॥
ਝੁੰਗੀ ਜਾਇ ਵਲਾਇਓਨੁ ਸਭਨਾ ਦੇ ਜੀਅ ਅੰਦਰਿ ਧੁਖਾ॥

ਹਸ ਬੋਲੈ ਭਗਵਾਨ ਜੀ ਸੁਣਿਹੋ ਰਾਜਾ ਹੋਇ ਸਨਮੁਖਾ॥
ਤੇਰੇ ਭਾਉ ਨ ਦਿਸਈ ਮੇਰੇ ਨਾਹੀ ਅਪਦਾ ਦੁਖਾ॥

ਭਾਉ ਜਿਵੇਹਾ ਬਿਦਰ ਦੇ ਹੋਰੀ ਦੇ ਚਿਤਿ ਚਾਉ ਨ ਚੁਖਾ॥
ਗੋਬਿੰਦ ਭਾਵੁ ਭਗਤਿ ਦਾ ਭੁਖਾ॥੭॥
ਭਾਈ ਗੁਰਦਾਸ ਜੀ ਵਾਰ ੧੦

ਤਥਾ=ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥

ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥੧॥

(ਪੰਨਾ ੪੮੭)

ਤਥਾ=ਭਗਤ ਜਨਾ ਕੇ ਲੂਗਰਾ ਓਢਿ ਨਗਨ ਨ ਹੋਈ॥

ਸਾਕਤ ਸਿਰਪਾਉ ਰੇਸਮੀ ਪਹਿਰਤ ਪਤਿ ਖੋਈ॥੩॥

(ਪੰਨਾ ੮੧੧)

ਅਰਥ:- ਭਗਤ ਜਨਾ ਦਾ ਦਿਤਾ ਲੂਗਰਾ=ਭੂਰੇ ਦਾ ਟੁਕੜਾ ਪਹਿਨਕੇ ਮੁੜਕੇ ਨੰਗਾ ਨਹੀਂ ਹੁੰਦਾ। ਸਾਕਤ ਪੁਰਖ ਨਾਮ ਅਤੇ ਸਿਧਾਂਤ ਤੋਂ ਹੀਣਾ ਰੇਸ਼ਮੀ ਸਿਰਪਾਉ ਦੇ ਦੇਵੇ। ਉਸਨੂੰ ਪਹਿਰਨ ਵਾਲੇ ਦੀ ਆਪਣੀ ਪਤ ਆਬਰੋ ਖੋਈ=ਨਾਸ ਹੋ ਜਾਇਗੀ॥੩॥

ਸਾਕਤ ਸਿਉ ਮੁਖਿ ਜੋਰਿਐ ਅਧ ਵੀਚਹੁ ਟੂਟੈ॥
ਹਰਿ ਜਨਕੀ ਸੇਵਾ ਜੋ ਕਰੇ ਇਤ ਊਤਹਿ ਛੂਟੈ॥੪॥

ਅਰਥ:- ਮਨਮੁਖ ਨਾਲ ਮੂੰਹ ਜੋੜਨ ਕਰਕੇ ਭਾਵ ਪਰੀਤੀ ਕਰਨ ਨਾਲ ਅੱਧ ਵਿਚਾਲਿਓਂ ਟੁੱਟ ਜਾਂਦੀ ਹੈ। ਭਾਵ ਜੁਆਨੀ ਵਿਚ ਹੀ ਮਰ ਜਾਂਦੇ ਹਨ। ਜੋ ਪੁਰਸ਼ ਹਰੀ ਦੇ ਪਿਆਰੇ ਸੰਤ ਜਨਾਂ ਦੀ ਸੇਵਾ ਕਰਦਾ ਹੈ, ਉਹ ਲੋਕ ਪਰਲੋਕ ਦੇ ਦੁੱਖਾਂ ਤੋਂ ਛੁੱਟ ਜਾਂਦਾ ਹੈ॥੪॥

੫=ਸਭ ਕਿਛੁ ਤੁਮ ਹੀ ਤੇ ਹੋਆ ਆਪਿ ਬਣਤ ਬਣਾਈ॥
ਦਰਸ਼ਨ ਭੇਟਤ ਸਾਧ ਕਾ ਨਾਨਕ ਗੁਣ ਗਾਈ॥੫॥

(ਪੰਨਾ ੮੧੧)

ਅਰਥ:- ਸਭ ਕੁਛ ਆਪ ਜੀ ਤੋਂ ਹੀ ਹੋਇਆ ਹੈ, ਤੁਸਾਂ ਆਪ ਹੀ ਸੰਸਾਰ ਦੀ ਬਨਾਵਟ ਬਣਾਈ ਹੈ। ਗੁਰੂ ਜੀ ਕਥਨ ਕਰਦੇ ਹਨ ਸੰਤਾਂ ਦਾ ਦਰਸ਼ਨ ਮਿਲੇ ਤਾਂ ਆਪ ਜੀ ਦੇ ਗੁਣਾਂ ਦਾ ਗਾਇਨ ਹੁੰਦਾ ਹੈ॥੫॥੧੪॥੪੪॥

ਬਿਲਾਵਲੁ ਮਹਲਾ ੫॥

ਸਤਿਗੁਰੂ ਅਰਜਨ ਦੇਵ ਜੀ=ਇਸ ਸ਼ਬਦ ਦੁਆਰਾ ਸਾਧੂਆਂ ਦੀ ਸੰਗਤਿ ਕਰਨ ਦੇ ਲਾਭ ਅਤੇ ਪ੍ਰਾਪਤੀਆਂ ਦਸਦੇ ਹਨ।

ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ॥
ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ॥੧॥

ਅਰਥ:- ਪਿੰਗਲਾ ਪੁਰਖ ਪਰਬਤਾਂ ਤੋਂ ਪਾਰ ਗੁਜ਼ਰ ਜਾਂਦਾ ਹੈ, ਮੂਰਖ ਪੁਰਖ ਚਤਰ=ਪ੍ਰਬੀਨ ਬਕਤਾ ਹੋ ਜਾਂਦਾ ਹੈ। ਜਿਵੇਂ ਅੱਠਵੇਂ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੀ ਕ੍ਰਿਪਾ ਕਰਕੇ ਗੂੰਗੇ ਛੱਜੂ ਝੀਵਰ ਨੇ ਗੀਤਾ ਦਾ ਪਾਠ ਸੁਣਾ ਕੇ ਵਿਦਵਾਨ ਪੰਡਤ ਦਾ ਹੰਕਾਰ ਤੋੜਿਆ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ:-
ਮੂਕ ਉਚਰੈ ਸ਼ਾਸਤ੍ਰ ਖਟਿ ਪਿੰਗੁ ਗਿਰਨ ਚੜਿ ਜਾਇ॥

ਅੰਧ ਲਖੈ ਬਧਰੋ ਸੁਨੈ ਜੋ ਕਾਲ ਕ੍ਰਿਪਾ ਕਰਾਇ॥੨॥

ਅਰਥ=ਅੰਨ੍ਹੇ ਪੁਰਖ ਨੂੰ ਤਿੰਨਾਂ ਭਵਣਾ ਦੀ ਸੋਝੀ ਗਯਾਤ ਹੋ ਜਾਂਦੀ ਹੈ

ਪੂਰਨ ਗੁਰਾਂ ਦੇ ਮਿਲਣ ਕਰਕੇ ਪੁਨੀਤ ਹੋ ਜਾਂਦਾ ਹੈ।

ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ॥

ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ॥ ਰਹਾਉ॥

ਅਰਥ:- ਹੇ ਮੇਰੇ ਮਿੱਤਰ ਸੰਤ ਜਨੋਂ=ਸਾਧੂਆਂ ਦੀ ਸੰਗਤ ਦੀ ਮਹਿਮਾ ਸੁਣੋ। ਸਾਧੂਆਂ ਦੀ ਸੰਗਤ ਕਰਕੇ ਦ੍ਵੈਸ਼ ਮਿਟ ਜਾਂਦੀ ਹੈ ਅਤੇ ਕਰੋੜਾਂ ਪਾਪਾਂ ਦਾ ਨਾਸ਼ ਹੋ ਜਾਂਦਾ ਹੈ। ਮਨ ਕਰਕੇ, ਤਨ ਕਰਕੇ, ਚਿਤ ਕਰਕੇ, ਨਿਰਮਲ ਹੋ ਜਾਂਦਾ ਹੈ।
ਐਸੀ ਭਗਤਿ ਗੋਵਿੰਦ ਕੀ ਕੀਟ ਹਸਤੀ ਜੀਤਾ॥

ਜੋ ਜੋ ਕੀਨੋ ਆਪਨੋ ਤਿਸੁ ਅਭੈ ਦਾਨੁ ਦੀਤਾ॥੨॥

(ਪੰਨਾ ੮੦੯)

ਅਰਥ:- ਗੋਬਿੰਦ ਦੀ ਭਗਤੀ ਪ੍ਰਤੱਖ ਕੀੜੀ ਹਾਥੀ ਨੂੰ ਜਿੱਤ ਸਕਦੀ ਹੈ। ਜਾਂ ਜਿੱਤ ਲਿਆ ਭਾਵ ਮਨ ਜੋ ਹਾਥੀ ਵਾਂਗ ਪਾਪਾਂ ਕਰਕੇ ਮੋਟਾ ਦੁਬਲਾ ਹੋਇਆ ਅਤੇ ਹੰਕਾਰੀ ਹੋਇਆ ਸੀ। ਸੰਤਾਂ ਦੀ ਕ੍ਰਿਪਾ ਕਰਕੇ ਮਲ, ਆਵਰਨ, ਅਵਸ਼ੇਖ ਰੂਪੀ ਕਾਈ ਲੱਥ ਗਈ। ਪਾਪ ਸੜ ਗਏ ਨਾਮੁ ਦੁਆਰਾ, ਬੁਧੀ ਨਿਰਮਲ ਹੋ ਗਈ। ਮਨ ਰੂਪੀ ਹਾਥੀ ਜਿੱਤ ਲਿਆ। ਜਿਨ੍ਹਾਂ ਜਿਨ੍ਹਾਂ ਨੂੰ ਪ੍ਰਭੂ ਨੇ ਆਪਣਾ ਦਾਸ ਕੀਤਾ ਹੈ ਉਸਨੂੰ ਅਭੈ ਨਿਰਭੈ ਦਾਨ ਦੇ ਦਿਤਾ ਹੈ। ਹੁਣ ਸਤਿਗੁਰੂ ਪੂਰਨ ਸਾਧੂ ਦੇ ਲੱਖਨ ਦਸਦੇ ਹਨ।
ਸਿਰੀ ਰਾਗ ਮਹਲਾ ੩॥ (ਪੰਨਾ ੨੯)

ਸੋ ਸਾਧੂ ਬੈਰਾਗੀ ਸੋਈ ਹਿਰਦੈ ਨਾਮੁ ਵਸਾਏ॥
ਅੰਤਰਿ ਲਾਗਿ ਨ ਤਾਮਸੁ ਮੂਲੇ ਵਿਚਹੁ ਆਪ ਗਵਾਏ॥

ਅਰਥ:- ਪੂਰਨ ਗੁਣਾਂ ਵਾਲਾ ਸਾਧੂ ਉਹੀ ਹੈ ਅਤੇ ਵੈਰਾਗੀ ਵੀ ਉਹੀ ਹੈ ਜਿਸ ਦੇ ਹਿਰਦੇ ਵਿਚ ਨਾਮ ਵਸਦਾ ਹੈ।

ਜਿਸ ਸਾਧੂ ਦੇ ਹਿਰਦੇ ਵਿਚੋਂ ਹੰਕਾਰ ਆਪਾ ਭਾਵ ਮਿਟ ਗਿਆ ਹੈ, ਤਾਮਸੁ ਤਮੋਂ ਗੁਣੀ ਜਿਥੇ ਨਹੀਂ ਹੈ।

ਨਾਮੁ ਨਿਧਾਨੁ ਸਤਿਗੁਰੂ ਦਿਖਾਲਿਆ ਹਰਿ ਰਸੁ ਪੀਆ ਅਘਾਏ॥੩॥

(ਪੰਨਾ ੨੯)

ਉਹਨੂੰ ਸਤਿਗੁਰਾਂ ਨੇ ਸੁਖਾਂ ਦਾ ਨਿਧਾਨੁ=ਖਜਾਨਾ ਨਾਮ ਵਿਖਾਇਆ ਹੈ, ਉਹ ਸਾਧੂ ਹਰੀ ਨਾਮ ਰਸ ਨੂੰ ਪੀ ਕੇ ਰਜ ਗਏ ਹਨ॥੩॥

ਸੂਹੀ ਮਹਲਾ ੫॥

ਅੰਮ੍ਰਿਤ ਬਚਨ ਸਾਧ ਕੀ ਬਾਣੀ॥ ਜੋ ਜੋ ਜਪੈ ਤਿਸ ਕੀ ਗਤਿ ਹੋਵੈ

ਹਰਿ ਹਰਿ ਨਾਮੁ ਨਿਤ ਰਸਨ ਬਖਾਨੀ॥੧॥ ਰਹਾਉ॥

ਅਰਥ:- ਸੰਤਾਂ ਦੇ ਮੂੰਹ ਚੋਂ ਨਿਕਲੀ ਬਾਣੀ, ਅੰਮ੍ਰਿਤ ਜੈਸੇ ਮਿੱਠੇ ਬਚਨ ਹਨ। ਜੋ ਪੁਰਸ਼ ਉਸ ਬਾਣੀ ਨੂੰ ਜਪਦਾ ਹੈ। ਉਸ ਪੁਰਸ਼ ਦੀ ਮੁਕਤੀ ਹੁੰਦੀ ਹੈ। ਇਸ ਕਰਕੇ ਹਰਿ ਹਰਿ ਨਾਮ ਨੂੰ ਹਰਿ ਰੋਜ਼ ਜਪਣਾ ਕਰ ਅਤੇ ਕਥਨ ਕਰੋ।

ਰਹਾਉ॥ ਕਲੀ ਕਾਲ ਕੇ ਮਿਟੇ ਕਲੇਸਾ॥ ਏਕੋ ਨਾਮੁ ਮਨ ਮਹਿ ਪਰਵੇਸਾ॥੧॥
ਸਾਧੂ ਧੂਰਿ ਮੁਖਿ ਮਸਤਕਿ ਲਾਈ॥ ਨਾਨਕ ਉਧਰੇ ਹਰਿ ਗੁਰ ਸਰਣਾਈ॥੨॥

(ਪੰਨਾ ੭੪੪)

ਗੁਰੂ ਜੀ ਕਥਨ ਕਰਦੇ ਹਨ ਉਹ ਹਰੀ ਪਰਮਾਤਮਾ ਦੀ ਸ਼ਰਨ ਵਿਚ ਆ ਕੇ ਸੰਸਾਰ ਸਮੁੰਦਰ ਤੋਂ ਤਰ ਗਏ ਹਨ॥੨॥੩੧॥੨॥੩੭॥

ਤਥਾ=ਮ:੫॥ ਕੋਟਿ ਮਧੇ ਕੋਈ ਸੰਤੁ ਦਿਖਾਇਆ॥ ਨਾਨਕ ਤਿਨਕੈ ਸੰਗਿ ਤਰਾਇਆ॥੮॥
ਪੰਨਾ ੧੩੪੯

# ਪਿੱਪਲਾ ਵੇ ਮੇਰੇ ਪਿੰਡ ਦਿਆ, ਤੇਰੀਆਂ ਠੰਢੀਆਂ ਛਾਵਾਂ..

ਡਾ. ਲਖਵਿੰਦਰ ਸਿੰਘ ਲੱਖੇਵਾਲੀ

ਅੱਜ ਸ਼ਹਿਰਾਂ ਤਾਂ ਕੀ, ਪਿੰਡਾਂ ਵਿੱਚ ਵੀ ਘਰ-ਘਰ ਇੰਟਰਨੈਟ ਤੇ ਸਮਾਰਟ ਫੋਨਾਂ ਨੇ ਕਰੋੜਾਂ ਦੀ ਜਨਸੰਖਿਆ ਵਾਲੇ ਦੇਸ਼ ਵਿੱਚ ਹਰ ਬੱਚੇ, ਜਵਾਨ ਤੋਂ ਲੈ ਕੇ ਬਜ਼ੁਰਗ ਤੱਕ ਨੂੰ ਇਕੱਲੇ ਰਹਿਣ ਦੀ ਆਦਤ ਪਾ ਦਿੱਤੀ ਹੈ। ਕਿਸੇ ਵੇਲੇ ਲੋਕ ਦਿਨ ਦਾ ਜ਼ਿਆਦਾ ਸਮਾਂ ਸੱਥਾਂ, ਦਰਵਾਜ਼ਿਆਂ, ਖੂਹਾਂ-ਟੋਭਿਆਂ 'ਤੇ ਲੱਗੇ ਪਿੱਪਲ ਵਰਗੇ ਵਿਸ਼ਾਲ ਰੁੱਖਾਂ ਹੇਠ ਇਕੱਠੇ ਗੁਜ਼ਾਰਦੇ ਸਨ। ਮੁਟਿਆਰਾਂ ਗੀਟੇ ਖੇਡਣ ਤੋਂ ਲੈ ਕੇ ਕਿੱਕਲੀ ਪਾਉਣਾ, ਪੀਂਘਾਂ ਝੂਟਣੀਆਂ, ਚਾਦਰਾਂ ਕੱਢਣੀਆਂ, ਚਰਖੇ ਕੱਤਣੇ ਆਦਿ ਤੇ ਗੱਭਰੂਆਂ ਦਾ ਬਜ਼ੁਰਗਾਂ ਨਾਲ ਤਾਸ਼ ਖੇਡਣਾ, ਪਿੰਡ ਤੋਂ ਲੈ ਕੇ ਦੇਸ਼ ਤੱਕ ਦੀ ਰਾਜਨੀਤੀ ਵਿਚਾਰਨਾ, ਗੱਲਾਂ ਕਰਦੇ-ਕਰਦੇ ਵਾਣ ਵੱਟਣਾ, ਮੰਜੇ ਬੁਣਨਾ ਤੇ ਘਰੇਲੂ ਕੰਮ, ਅਮਲੀਆਂ ਦਾ ਆਉਂਦੀ ਜਾਂਦੀ ਨੂੰ ਟਿੱਚਰ ਕਰਨਾ, ਸਭ ਕੁਝ ਪਿੱਪਲਾਂ ਬੋਹੜਾਂ ਵਰਗੇ ਰੁੱਖਾਂ ਹੇਠ ਹੁੰਦਾ ਸੀ। ਸਾਉਣ ਮਹੀਨੇ ਤੀਆਂ ਦੇ ਦਿਨੀਂ ਇਨ੍ਹਾਂ ਰੁੱਖਾਂ ਹੇਠ ਮੁਟਿਆਰਾਂ ਖੂਬ ਹੱਸਦੀਆਂ ਖੇਡਦੀਆਂ ਤੇ ਉਨ੍ਹਾਂ ਦੇ ਸਹੁਰੇ ਜਾਣ ਮਗਰੋਂ ਵੀ ਰੁੱਖ ਦਿਲ ਦਿਮਾਗ ਵਿੱਚ ਰਹਿੰਦੇ ਸਨ। ਪਿੱਪਲਾਂ ਦਾ ਸਾਡੀ ਰੋਜ਼ਮਰਾ ਜ਼ਿੰਦਗੀ ਵਿੱਚ ਜੁੜੇ ਹੋਣ ਸਬੰਧੀ ਅਨੇਕਾਂ ਸਾਹਿਤਕ ਵੰਨਗੀਆਂ ਵੇਖਣ ਨੂੰ ਮਿਲਦੀਆਂ ਹਨ:

ਪਿੱਪਲਾ ਵੇ ਮੇਰੇ ਪੇਕੇ ਪਿੰਡ ਦਿਆ,
ਤੇਰੀਆਂ ਠੰਢੀਆਂ ਛਾਵਾਂ।
ਢਾਬ ਤੇਰੀ ਦਾ ਗੰਧਲਾ ਪਾਣੀ,
ਉਤੋਂ ਬੂਰ ਹਟਾਵਾਂ।
ਪਿੱਪਲੀ 'ਤੇ ਦੋ ਪੀਂਘਾਂ ਪਾਈਆਂ,
ਦੋ ਮੁਟਿਆਰਾਂ ਝੂਟਣ ਆਈਆਂ,
ਪੀਂਘ ਚੜ੍ਹਾਈ, ਵੰਗ ਟਕਰਾਈ,
ਜੋੜਾ ਟੁੱਟ ਗਿਆ ਵੰਗਾਂ ਦਾ
ਮੈਂ ਆਸ਼ਕ ਹੋ ਗਈ ਵੇ ਰਾਂਝਣਾ,
ਪੀੜ ਵੇਖ ਕੇ ਦੰਦਾਂ ਦਾ।

ਪਿੱਪਲ ਦਾ ਸਬੰਧ ਸਾਡੇ ਸਾਹਿਤ ਸਭਿਆਚਾਰ ਤੱਕ ਹੀ ਸੀਮਤ ਨਹੀਂ, ਹਿੰਦੂ ਧਰਮ ਦੀਆਂ ਕਈ ਮਿਥਿਹਾਸਿਕ ਵੰਨਗੀਆਂ ਵਿੱਚ ਇਸ ਦਾ ਜ਼ਿਕਰ ਮਿਲਦਾ ਹੈ। ਗੀਤਾ ਵਿੱਚ ਭਗਵਾਨ ਸ੍ਰੀ ਕ੍ਰਿਸ਼ਨ ਨੇ ਅਰਜੁਨ ਨੂੰ ਕਿਹਾ ਕਿ 'ਰੁੱਖਾਂ ਵਿੱਚ ਮੈਂ ਪਿੱਪਲ ਹਾਂ।' ਹਿੰਦੂ ਧਰਮ ਵਿੱਚ ਇਸ ਨੂੰ ਬ੍ਰਹਮਾ ਦਾ ਅਵਤਾਰ ਮੰਨਿਆ ਜਾਂਦਾ ਹੈ। ਇਸੇ ਤਰ੍ਹਾਂ ਇਸ ਦਾ ਸਬੰਧ ਵਿਸ਼ਨੂੰ ਮਹਾਰਾਜ ਨਾਲ ਜੋੜਿਆ ਜਾਂਦਾ ਹੈ। ਦਰਅਸਲ ਇਸ ਰੁੱਖ ਦੀ ਪੂਜਾ ਪੁਰਾਤਨ ਵੇਲੇ ਤੋਂ ਹੀ ਕੀਤੀ ਜਾਂਦੀ ਹੈ ਅਤੇ ਇਸ ਨੂੰ ਪਵਿੱਤਰ ਤੇ ਪੂਜਣਯੋਗ ਰੁੱਖ ਮੰਨਿਆ ਜਾਂਦਾ ਹੈ।

ਪਿੱਪਲਾ ਵੇ ਹਰਿਔਲਿਆ ਤੇਰਾ ਪੂਜਾ ਮੁੱਢ
ਤੈਨੂੰ ਪੂਜ ਕੇ ਪਿੱਪਲਾ ਮੈਂ ਕਦੀ ਨਾ ਪਾਵਾਂ ਦੁੱਖ।

ਪਿੱਪਲ ਦੀ ਪਛਾਣ ਵਿਸ਼ਵ ਪੱਧਰ 'ਤੇ ਉਦੋਂ ਬਣੀ, ਜਦੋਂ ਗੌਤਮ ਬੁੱਧ ਨੂੰ ਗਿਆਨ ਦੀ ਪ੍ਰਾਪਤੀ ਇਸ ਰੁੱਖ ਹੇਠ ਹੋਈ। ਇਸੇ ਮਹਾਨਤਾ ਸਦਕਾ ਪਿੱਪਲ ਅੱਜ ਸੰਸਾਰ ਦੇ ਜ਼ਿਆਦਾ ਦੇਸ਼ਾਂ ਵਿੱਚ 'ਬੋਧੀ ਰੁੱਖ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਸ੍ਰੀਲੰਕਾ ਵਿੱਚ ਮੌਜੂਦਾ ਤਕਰੀਬਨ 2000 ਸਾਲ ਤੋਂ ਵੀ ਪੁਰਾਤਨ ਰੁੱਖ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਇਸ ਦੀ ਉਮਰ ਆਮ ਰੁੱਖਾਂ ਤੋਂ ਕਾਫੀ ਵੱਧ ਹੈ। ਭਾਰਤੀ ਲੋਕ ਕਥਾਵਾਂ ਵਿੱਚ ਪਿੱਪਲ ਨੂੰ ਬੋਹੜ ਦੀ ਪਤਨੀ ਮੰਨਿਆ ਜਾਂਦਾ ਹੈ ਤੇ ਲੋਕ ਰੀਤੀ ਰਿਵਾਜਾਂ ਅਨੁਸਾਰ ਇਸ ਦਾ ਵਿਆਹ 'ਨਿੰਮ' ਨਾਲ ਕਰਦੇ ਹਨ। ਹਿੰਦੂ ਅਤੇ ਬੋਧੀ ਲੋਕਾਂ ਵਿੱਚ ਇਸ ਦੀ ਮੰਨਤ ਐਨੀ ਜ਼ਿਆਦਾ ਹੁੰਦੀ ਹੈ ਕਿ ਲੋਕ ਇਸ ਦੇ ਮੁੱਢ ਜਾਂ ਟਾਹਣੀਆਂ ਤੱਕ ਨੂੰ ਵੀ ਕੱਟਣਾ ਪਾਪ ਸਮਝਦੇ ਹਨ।

ਹੋਰਨਾਂ ਧਰਮਾਂ ਤੋਂ ਇਲਾਵਾ ਸਿੱਖ ਧਰਮ ਵਿੱਚ ਵੀ ਪਿੱਪਲ ਦੇ ਰੁੱਖ ਦਾ ਜ਼ਿਕਰ ਵੇਖਣ ਨੂੰ ਮਿਲਦਾ ਹੈ। ਇਕ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਨਾਨਕ ਮਤੇ ਵਿਖੇ ਨੈਨੀਤਾਲ ਦੀ ਤਹਿਸੀਲ ਸਤਾਰਗੰਜ ਅੰਦਰ ਹੈ, ਜਿਸ ਨੂੰ ਪਿੱਪਲ ਸਾਹਿਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਕਿਸੇ ਜ਼ਮਾਨੇ ਵਿੱਚ ਇਥੇ ਗੋਰਖ ਪੰਥੀ ਨਾਥ ਜੋਗੀਆਂ ਦਾ ਮਠ ਹੋਇਆ ਕਰਦਾ ਸੀ। ਇਸ ਤੋਂ ਇਲਾਵਾ ਇਕ ਗੁਰਦੁਆਰਾ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਸਬੰਧਤ ਹੈ, ਜਿਸ ਨੂੰ ਗੁਰਦੁਆਰਾ ਪਿੱਪਲੀ ਸਾਹਿਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਤੇ ਇਹ ਪੁਤਲੀਘਰ, ਅੰਮ੍ਰਿਤਸਰ ਵਿਖੇ ਹੈ ਅਤੇ ਇਕ ਹੋਰ ਗੁਰਦੁਆਰਾ ਪਿੱਪਲੀ ਸਾਹਿਬ, ਬਿਲਗਾ ਜ਼ਿਲਾ ਜਲੰਧਰ ਵਿਖੇ ਵੀ ਹੈ।



ਵਿਸ਼ਾਲ ਘੇਰੇ, ਉਚਾਈ ਵਾਲੇ ਇਸ ਪੱਤਝੜੀ ਰੁੱਖ ਦੇ ਸਰਦੀ ਦੇ ਦਿਨਾਂ ਵਿੱਚ ਪੱਤੇ ਝੜ ਜਾਂਦੇ ਹਨ। ਪਿੱਪਲ ਦੇ ਪੱਤਿਆਂ ਦੀ ਖੜ-ਖੜ ਦਾ ਜ਼ਿਕਰ ਲੋਕ ਗੀਤਾਂ ਵਿੱਚ ਅਕਸਰ ਸੁਣਨ ਨੂੰ ਮਿਲਦਾ ਹੈ:

ਪਿੱਪਲ ਦਿਆ ਪੱਤਿਆ ਤੇਰੇ ਪੱਤ ਨੇ ਸਾਵੇ ਵੇ,
ਨਿੱਤ ਕੁਰਲਾਵਾਂ ਬੀਬਾ, ਮੈਂ ਤੇਰੇ ਹਾਵੇ ਵੇ।
ਪਿੱਪਲ ਦਿਆ ਪੱਤਿਆ ਵੇ, ਕੇਹੀ ਖੜ-ਖੜ ਲਾਈ ਆ,
ਪੱਤ ਝੜੇ ਪੁਰਾਣੇ ਵੇ, ਰੁੱਤ ਨਵਿਆਂ ਦੀ ਆਈ ਆ।

ਮਾਰਚ ਮਹੀਨੇ ਦੇ ਅਖੀਰ ਜਾਂ ਅਪਰੈਲ ਦੇ ਸ਼ੁਰੂਆਤੀ ਦਿਨਾਂ ਵਿੱਚ ਨਿਕਲੇ ਨਵੇਂ ਗੁਲਾਬੀ ਅਤੇ ਤਾਂਬੇ ਰੰਗੇ ਪੱਤੇ ਲਿਸ਼ਕਾਂ ਮਾਰਦੇ ਰੁੱਖ ਨੂੰ ਖੂਬਸੂਰਤ ਬਣਾਉਂਦੇ ਹਨ। ਪਿੱਪਲ ਦੇ ਅੰਡਾਕਾਰ, ਦਿਲ ਦੀ ਸ਼ਕਲ ਵਾਲੇ ਅਤੇ ਲੰਮੀ ਪਤਲੀ ਪੂਛ ਜਿਹੀ ਵਾਲੇ ਹਲਕੇ ਪੱਤੇ ਇਸ ਦੀ ਅਲੱਗ ਪਛਾਣ ਹਨ। ਹਲਕੀ ਜਿਹੀ ਹਵਾ ਨਾਲ ਪੱਤਿਆਂ ਦੀ ਹੁੰਦੀ ਖੜ-ਖੜ ਜੇਠ ਹਾੜ੍ਹ ਦੀਆਂ ਧੁੱਪਾਂ ਵਿੱਚ ਪਿੱਪਲ ਹੇਠਾਂ ਸੁੱਤੇ ਇਨਸਾਨ ਨੂੰ ਲੋਰੀ ਦੇਣ ਦਾ ਅਹਿਸਾਸ ਕਰਵਾਉਂਦੀ ਹੈ। ਪਿੱਪਲ ਦੇ ਫੁੱਲਾਂ ਬਾਰੇ ਸੋਚਣ 'ਤੇ ਇਕ ਸਵਾਲ ਉਠਦਾ ਹੈ ਕਿ ਕੀ ਤੁਸੀਂ ਪਿੱਪਲ ਦੇ ਫੁੱਲਾਂ ਨੂੰ ਵੇਖਿਆ ਹੈ? ਇਹ ਬੜੀ ਰੌਚਕ ਗੱਲ ਹੈ ਕਿ ਪਿੱਪਲ ਨੂੰ ਲੱਗਣ ਵਾਲੀਆਂ ਗੋਲ੍ਹਾਂ ਅਸਲ ਵਿੱਚ ਫਲ ਨਹੀਂ ਹੁੰਦੀਆਂ, ਬਲਕਿ ਉਹ ਇਕ ਅਜਿਹਾ ਖੋਲ ਜਾਂ ਭਾਂਡਾ ਹੁੰਦੀਆਂ ਹਨ, ਜਿਸ ਵਿੱਚ ਫੁੱਲ ਅਤੇ ਫਲ ਦੋਵੇਂ ਪਾਏ ਜਾਂਦੇ ਹਨ। ਗੋਲ੍ਹਾਂ ਪਿੱਪਲ ਬੋਹੜ ਅਤੇ ਗੂਲਰ ਆਦਿ ਸਭ ਇਕੋ ਜਾਤੀ ਦੇ ਰੁੱਖ ਹੋਣ ਕਰਕੇ ਸਭਨਾਂ 'ਤੇ ਨਜ਼ਰ ਆਉਂਦੀਆਂ ਹਨ।

ਪਿੱਪਲਾਂ ਉਤੇ ਆਈਆਂ ਬਹਾਰਾਂ,
ਬੋਹੜਾਂ ਨੂੰ ਲੱਗ ਗਈਆਂ ਗੋਲ੍ਹਾਂ।
ਛੱਡ ਕੇ ਨਾ ਜਾਈਂ ਮਿੱਤਰਾ,
ਦਿਲ ਦੇ ਬੋਲ ਮੈਂ ਬੋਲਾਂ।

ਗੋਲ੍ਹਾਂ ਸ਼ੁਰੂ ਦੇ ਦਿਨਾਂ ਵਿੱਚ ਲਾਲ ਤੇ ਪੱਕ ਕੇ ਹੌਲੀ-ਹੌਲੀ ਗੂੜ੍ਹੇ ਜਾਮਣੀ ਰੰਗ ਦੀਆਂ ਹੋ ਜਾਂਦੀਆਂ ਹਨ। ਅਨੇਕਾਂ ਤਰ੍ਹਾਂ ਦੇ ਪੰਛੀ ਇਨ੍ਹਾਂ ਗੋਲ੍ਹਾਂ ਨੂੰ ਖਾਣਾ ਬਹੁਤ ਪਸੰਦ ਕਰਦੇ ਹਨ ਅਤੇ ਇਨ੍ਹਾਂ ਪੰਛੀਆਂ ਦੀਆਂ ਬਿੱਠਾਂ ਰਾਹੀਂ ਪਿੱਪਲ ਦੇ ਬੀਜ ਅਨੇਕਾਂ ਰੁੱਖਾਂ, ਇਮਾਰਤਾਂ ਵਿੱਚ ਪੁੱਜ ਜਾਂਦੇ ਹਨ, ਜਿੱਥੋਂ ਬਾਅਦ ਵਿੱਚ ਪਿੱਪਲ ਉਗੇ ਵਿਖਾਈ ਦਿੰਦੇ ਹਨ। ਪਿੱਪਲ ਦੀਆਂ ਵਧੀਆਂ ਹੋਈਆਂ ਜੜ੍ਹਾਂ ਇਮਾਰਤਾਂ ਵਿੱਚ ਤਰੇੜਾਂ ਪਾ ਦਿੰਦੀਆਂ ਹਨ। ਇਸ ਦਾ ਮਤਲਬ ਇਹ ਨਹੀਂ ਕਿ ਸਾਨੂੰ ਪਿੱਪਲ ਨਹੀਂ ਲਾਉਣਾ ਚਾਹੀਦਾ, ਬਲਕਿ ਖੁੱਲ੍ਹੀਆਂ ਥਾਵਾਂ 'ਤੇ ਵਿਉਂਤਬੰਦੀ ਅਨੁਸਾਰ ਲਾਉਣਾ ਚਾਹੀਦਾ ਹੈ। ਬੀਜ ਅਤੇ ਕਲਮ ਦੋਵਾਂ ਤਰੀਕਿਆਂ ਰਾਹੀਂ ਅਸੀਂ ਇਸ ਰੁੱਖ ਦੀ ਪੌਦ ਤਿਆਰ ਕਰ ਸਕਦੇ ਹਾਂ।

ਛਾਂ ਦੀ ਪ੍ਰਾਪਤੀ ਤੋਂ ਇਲਾਵਾ ਪਿੱਪਲ ਦੇ ਸੱਕ ਤੋਂ ਮਸੂੜਿਆਂ ਦੇ ਰੋਗ, ਚਮੜੀ ਰੋਗ, ਕਬਜ਼, ਅਸਥਮਾ ਯਾਨੀ ਸਾਹ ਰੋਗ, ਬਾਂਝਪਣ, ਨਕਸੀਰ ਫੁੱਟਣਾ ਆਦਿ ਅਨੇਕ ਬਿਮਾਰੀਆਂ ਦੇ ਇਲਾਜ ਲਈ ਦਵਾਈਆਂ ਤਿਆਰ ਕੀਤੀਆਂ ਜਾਂਦੀਆਂ ਹਨ। ਪਿੱਪਲ ਦੇ ਪੱਤੇ ਚਾਰੇ ਦੇ ਰੂਪ ਵਿੱਚ ਸੁਕਾ ਕੇ ਕਲਾ ਦੇ ਕੰਮਾਂ ਵਿੱਚ ਖੂਬ ਵਰਤੇ ਜਾਂਦੇ ਹਨ। ਪਿੱਪਲ ਦੇ ਮਾਮਲੇ ਵਿੱਚ ਇਕ ਅਹਿਮ ਗੱਲ ਇਹ ਸਾਂਝੀ ਕਰਨੀ ਲਾਜ਼ਮੀ ਹੈ ਕਿ ਪਿੱਪਲ ਸਾਡੇ ਸਭਨਾਂ ਲਈ ਪੂਜਣਯੋਗ ਰੁੱਖ ਹੈ ਅਤੇ ਇਸ ਵਿੱਚ ਕੋਈ ਸ਼ੱਕ ਵੀ ਨਹੀਂ, ਪਰ ਕਈ ਵਾਰ ਇਸ ਰੁੱਖ ਨੂੰ ਪੂਜਣ ਸਮੇਂ ਤੇਲ ਅਰਪਣ ਕੀਤਾ ਜਾਂਦਾ ਹੈ, ਜੋ ਸਮਾਂ ਪਾ ਕੇ ਰੁੱਖ ਖਤਮ ਹੋਣ ਦਾ ਕਾਰਨ ਜਾ ਬਣਦਾ ਹੈ। ਪੂਜਾ ਕਰਨ ਦਾ ਇਹ ਵੀ ਤਰੀਕਾ ਅਪਣਾਇਆ ਜਾ ਸਕਦਾ ਹੈ ਕਿ ਅਸੀਂ ਪੁਰਾਣੇ ਲੱਗੇ ਰੁੱਖਾਂ ਨੂੰ ਕੱਟਣ ਤੋਂ ਗੁਰੇਜ਼ ਕਰੀਏ, ਨਵੇਂ ਅਤੇ ਢੁਕਵੇਂ ਸਥਾਨਾਂ 'ਤੇ ਵਿਉਂਤਬੰਦੀ ਅਨੁਸਾਰ ਰੁੱਖ ਲਾਉਣੇ ਚਾਹੀਦੇ ਹਨ ਤਾਂ ਜੋ ਸਾਡੇ ਪਿੰਡਾਂ ਸ਼ਹਿਰਾਂ ਵਿੱਚ ਕੁਦਰਤੀ ਤੇ ਹਰਿਆਵਲ ਭਰਪੂਰ ਮਾਹੌਲ ਬਣਿਆ ਰਹੇ। ਲੋਕ ਆਪਣੇ ਗਲੀ ਮੁਹੱਲਿਆਂ ਵਿੱਚ ਇਨ੍ਹਾਂ ਨੂੰ ਹਮੇਸ਼ਾ ਤੋਂ ਨਿਹਾਰਦੇ ਅਤੇ ਰੋਜ਼ ਦੀ ਜ਼ਿੰਦਗੀ ਵਿੱਚ ਵਰਤੋਂ ਵਿੱਚ ਲਿਆਉਂਦੇ ਰਹਿਣ। ਕਿੰਨਾ ਚੰਗਾ ਹੋਵੇ ਜੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਵੀ ਆਪਣੇ ਘਰ ਆਉਂਦਿਆਂ ਨੂੰ ਇਨ੍ਹਾਂ ਬੋਲਾਂ ਰਾਹੀਂ ਘਰਾਂ ਦੀ ਨਿਸ਼ਾਨੀ ਦੱਸਣ:

ਬਾਜ਼ਾਰ ਵਿਕੇਂਦੀ ਤਰ ਵੇ,
ਮੇਰਾ ਸਾਹਮਣੀ ਗਲੀ ਵਿੱਚ ਘਰ ਵੇ,
ਪਿੱਪਲ ਨਿਸ਼ਾਨੀ, ਜੀਵੇਂ ਢੋਲਾ।
ਢੋਲ ਜਾਨੀ,
ਸਾਡੀ ਗਲੀ ਆਵੇਂ, ਤੇਰੀ ਮਿਹਰਬਾਨੀ।

# ਗੁਰਦੁਆਰਾ ਮਾਲ ਜੀ ਸਾਹਿਬ, ਕੰਗਣਪੁਰ, ਜ਼ਿਲਾ ਕਸੂਰ



ਜਗਤ ਗੁਰੂ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਜਦ ਇਸ ਪਿੰਡ ਨੂੰ ਵਸਾਉਣ ਆਏ ਤਾਂ ਇੱਥੋਂ ਦੇ ਵਸਨੀਕਾਂ ਉਹਨਾ ਨੂੰ ਇੱਥੇ ਵਸਣ ਨਾ ਦਿੱਤਾ ਅਤੇ ਵੱਟੇ ਮਾਰੇ । ਇਸ ਉੱਤੇ ਸਤਿਗੁਰ ਇਹਨਾ ਲੋਕਾ ਨੂੰ "ਵਸਦੇ ਰਹੋ ਕਹਿ ਕੇ ਕੂਚ ਕੀਤਾ। ਜਿਸ ਵਣ ਦੇ ਰੁੱਖ ਹੇਠ ਆਪ ਨੇ ਨਿਵਾਸ ਕੀਤਾ, ਉਹ ਮਾਲ ਸਾਹਿਬ ਕਰਕੇ ਪ੍ਰਸਿੱਧ ਸੀ । ਇਸ ਤੋਂ ਉਠ ਕੇ ਆਪ ਨੇ ਕੋਈ ਦੋ ਕਿਲੋਮੀਟਰ ਦੀ ਵਿੱਥ ਉੱਤੇ ਇੱਕ ਹੋਰ ਪਿੰਡ ਮਾਣਕ ਦੇਕੇ ਵਿੱਚ ਜਦ ਚਰਨ ਪਾਏ ਤਾ ਉਹਨਾ ਲੋਕਾ ਨੇ ਆਪ ਦਾ ਬਹੁਤ ਸਤਿਕਾਰ ਕੀਤਾ ਤੇ ਆਪ ਨੇ ਉਹਨਾ ਨੂੰ ਉਂਜੜ ਜਾਣ ਦੀ ਅਸੀਸ ਦਿੱਤੀ । ਇਸ ਉੱਤੇ ਭਾਈ ਮਰਦਾਨਾ ਜੀ ਨੇ ਹੈਰਾਨ ਹੋ ਕੇ ਪੁੱਛਿਆ ਕਿ ਜਿਹਨਾ ਨੇ ਆਪ ਨੂੰ ਦੁੱਖ ਦਿੱਤਾ, ਉਹਨਾ ਨੂੰ ਆਪ ਨੇ ਵਸਦੇ ਰਹਿਣ ਦੀ ਅਸੀਸ ਦਿੱਤੀ ਅਤੇ ਜਿਹਨਾ ਨੇ ਆਪ ਦਾ ਸਤਿਕਾਰ ਕੀਤਾ ਉਹਨਾ ਨੂੰ ਉਂਜੜ ਜਾਣ ਦੀ ਅਸੀਸ ਕੀਤੀ । ਆਪ ਨੇ ਫਰਮਾਇਆ ਕਿ ਇਹ ਉਂਜੜ ਕੇ ਜਿੱਥੇ ਵੀ ਜਾਣਗੇ, ਨੇਕੀ ਤੇ ਭਲਾਈ ਹੀ ਵਰਤਾਉਣਗੇ ਤੇ ਉਹ ਜਿੱਥੇ ਵੀ ਜਾਣਗੇ, ਭੈੜ ਹੀ ਖਲਾਰਨਗੇ । ਇਸ ਵਾਸਤੇ ਉਹਨਾ ਨੂੰ ਵੱਸਣ ਤੇ ਇਹਨਾ ਨੂੰ ਉਂਜੜਨ ਦਾ ਹੁਕਮ ਦਿੱਤਾ ਹੈ ।

ਕੰਗਣਪੁਰ ਅੱਜ ਵੀ ਵਸ ਰਿਹਾ ਹੈ । ਇੱਥੇ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ । ਇਸ ਦੇ ਪੁਜਾਰੀ ਨਾਮਧਾਰੀ ਸਿੰਘ ਸਨ, ਹੁਣ ਇੱਥੇ ਪਰਕਾਸ਼ ਨਹੀਂ ਹੁੰਦਾ । ਪਹਿਲੀ ਚੇਤਰ ਨੂੰ ਮੇਲਾ ਜੁੜਦਾ ਸੀ । ਇੱਥੋਂ ਦੇ ਲੋਕਾਂ ਵਿੱਚ ਮਸ਼ਹੂਰ ਹੈ ਕਿ ਉਹ ਲੋਕ ਜਿਹਨਾ ਨੇ ਬਾਬੇ ਨੂੰ ਰੋੜੇ ਮਾਰੇ, ਉਹਨਾ ਦੀ ਵੰਸ਼ ਦੇ ਲੋਕਾ ਨੂੰ ਗਿੱਲੜ ਦੀ ਬੀਮਾਰੀ ਹੋ ਜਾਂਦੀ ਹੈ । ਪੂਰੇ ਪੰਜਾਬ ਵਿੱਚ ਇਹ ਹੀ ਇੱਕ ਇਲਾਕਾ ਹੈ ਜਿੱਥੇ ਲੋਕਾਂ ਨੂੰ ਇਹ ਬੀਮਾਰੀ ਹੁੰਦੀ ਹੈ । ਅਜੋਕੀ ਇਮਾਰਤ 1939 ਨੂੰ ਉਸਾਰੀ ਗਈ ਸੀ ਜੋ ਅੱਜ ਵੀ ਚੰਗੀ ਹਾਲਤ ਵਿੱਚ ਹੈ। ਸੇਵਾ ਸੰਭਾਲ ਉੱਕਾ ਕੋਈ ਨਹੀ।

# ਡਾਕਟਰੀ ਨੂੰ ਅੰਧ ਵਿਸ਼ਵਾਸਾਂ ਨਾਲ ਜੋੜਨਾ ਗੈਰ ਵਿਗਿਆਨਕ

-ਡਾ. ਅਰੁਣ ਮਿੱਤਰਾ

ਭਾਜਪਾ ਦੇ ਪਾਰਲੀਮੈਂਟ ਮੈਂਬਰ ਗਣੇਸ਼ ਸਿੰਘ ਨੇ ਇੱਕ ਦਿਲਚਸਪ ਬਿਆਨ ਦਿੱਤਾ ਹੈ ਕਿ ਹਰ ਰੋਜ਼ ਸੰਸਕ੍ਰਿਤ ਭਾਸ਼ਾ ਬੋਲਣ ਨਾਲ ਨਾੜੀਆਂ ਨੂੰ ਤਾਕਤ ਮਿਲਦੀ ਤੇ ਸ਼ੂਗਰ ਦੀ ਬਿਮਾਰੀ (ਡਾਇਬਟੀਜ਼) ਅਤੇ ਸਰੀਰ ਵਿੱਚ ਚਰਬੀ (ਕੋਲੈਸਟ੍ਰੋਲ) ਨੂੰ ਕੰਟਰੋਲ ਕੀਤਾ ਜਾ ਸਕਦਾ ਹੈ। ਇਸ ਤੋਂ ਪਹਿਲਾਂ ਵੀ ਕੁਝ ਸਿਆਸੀ ਆਗੂ ਏਦਾਂ ਦੇ ਬਿਆਨ ਦੇ ਚੁੱਕੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 2014 ਵਿੱਚ ਕਿਹਾ ਸੀ ਕਿ ਪੁਰਾਣੇ ਸਮੇਂ ਦੇ ਭਾਰਤ ਵਿੱਚ ਪਲਾ-ਸਟਿਕ ਸਰਜਰੀ ਇੰਨੀ ਉਨਤ ਸੀ ਕਿ ਹਾਥੀ ਦਾ ਸਿਰ ਮਨੁੱਖ ਦੇ ਸਰੀਰ ਉਤੇ ਲਾਇਆ ਜਾ ਸਕਦਾ ਸੀ। ਉਨ੍ਹਾਂ ਦੇ ਇਸ ਬਿਆਨ ਤੋਂ ਖਿੜੇ ਹੋਏ ਉਨ੍ਹਾਂ ਦੀ ਪਾਰਟੀ ਦੇ ਕਈ ਆਗੂ ਮੈਦਾਨ ਵਿੱਚ ਕੁੱਦ ਪਏ ਤੇ ਇੱਕ ਦੂਜੇ ਤੋਂ ਵੱਧ ਚੜ੍ਹ ਕੇ ਏਦਾਂ ਦੇ ਬਿਆਨ ਦੇਣੇ ਸ਼ੁਰੂ ਕਰ ਦਿੱਤੇ।

ਭੋਪਾਲ ਤੋਂ ਪਾਰਲੀਮੈਂਟ ਮੈਂਬਰ ਪ੍ਰੱਗਿਆ ਠਾਕੁਰ ਨੇ ਇਹ ਬਿਆਨ ਦਿੱਤਾ ਕਿ ਉਸ ਦੀ ਛਾਤੀ ਦਾ ਕੈਂਸਰ ਗਊ ਮੂਤਰ ਨਾਲ ਠੀਕ ਹੋਇਆ ਸੀ। ਲਖਨਊ ਦੇ ਰਾਮ ਮਨੋਹਰ ਲੋਹੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ ਦੇ ਇੱਕ ਸਰਜਨ ਡਾਕਟਰ ਐੱਸ ਰਾਜਪੂਤ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਕੈਂਸਰ ਤੋਂ ਛੁਟਕਾਰਾ ਪਾਉਣ ਲਈ ਪ੍ਰੱਗਿਆ ਠਾਕੁਰ ਦੇ ਤਿੰਨ ਆਪਰੇਸ਼ਨ ਉਨ੍ਹਾਂ ਨੇ ਕੀਤੇ ਸਨ। ਪ੍ਰੱਗਿਆ ਠਾਕੁਰ ਨੇ ਡਾਕਟਰ ਦੇ ਇਸ ਕਥਨ ਤੋਂ ਇਨਕਾਰ ਕੀਤਾ ਹੈ।

ਉਤਰਾਖੰਡ ਦੇ ਮੁੱਖ ਮੰਤਰੀ ਤ੍ਰਿਵੇਂਦਰ ਸਿੰਘ ਰਾਵਤ ਨੇ ਹਾਲ ਹੀ ਵਿੱਚ ਕਿਹਾ ਸੀ ਕਿ ਗਾਂ ਹੀ ਇੱਕੋ ਇੱਕ ਅਜਿਹਾ ਜਾਨਵਰ ਹੈ, ਜੋ ਆਕਸੀਜਨ ਨੂੰ ਸਾਹ ਨਾਲ ਬਾਹਰ ਕੱਢਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਗਾਂ ਦੀ ਮਾਲਿਸ਼ ਕਰਨ ਨਾਲ ਸਾਹ ਦੀਆਂ ਬਿਮਾਰੀਆਂ ਦੂਰ ਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਗਾਵਾਂ ਨੇੜੇ ਰਹਿਣ ਨਾਲ ਟੀ ਬੀ ਦਾ ਇਲਾਜ ਹੁੰਦਾ ਹੈ। ਉਤਰਾਖੰਡ ਦੇ ਪ੍ਰਦੇਸ਼ ਭਾਜਪਾ ਪ੍ਰਧਾਨ ਤੇ ਨੈਨੀਤਾਲ ਦੇ ਪਾਰਲੀਮੈਂਟ ਮੈਂਬਰ ਅਜੈ ਭੱਟ ਨੇ ਕਿਹਾ ਸੀ ਕਿ ਗਰਭਵਤੀ ਔਰਤਾਂ ਬਾਗੇਸਵਰ ਜ਼ਿਲੇ ਦੀ ਨਦੀ ਗਰੁਣ ਗੰਗਾ ਦਾ ਪਾਣੀ ਪੀਣ ਤਾਂ ਸਿਜ਼ੇਰੀਅਨ ਆਪਰੇਸ਼ਨ ਤੋਂ ਬਚ ਸਕਦੀਆਂ ਹਨ।

ਅਰੋਗਿਆ ਭਾਰਤੀ ਵੱਲੋਂ 'ਗਰਭ ਵਿ-ਗਆਨ ਸੰਸਕਾਰ' ਹੇਠ ਜੋੜਿਆਂ ਨੂੰ ਮਿਲਣ ਦੇ ਸਮੇਂ ਸਲੋਕ ਉਚਾਰਨ ਦੀ ਸਲਾਹ ਦਿੱਤੀ ਜਾਂਦੀ ਹੈ ਤਾਂ ਜੋ ਉਹ ਆਪਣੀ ਪਸੰਦ ਦੇ ਬੱਚੇ ਪੈਦਾ ਕਰ ਸਕਣ। ਸੰਸਥਾ ਮੁਤਾਬਕ ਉਨ੍ਹਾਂ ਨੂੰ ਇਹ ਵਿਚਾਰ ਜਰਮਨੀ ਤੋਂ ਮਿਲਿਆ ਹੈ। ਉਨ੍ਹਾਂ ਦੇ ਇਸ ਤਰੀਕੇ ਨਾਲ ਪੈਦਾ ਹੋਏ ਅਨੁਕੂਲਿਤ ਬੱਚਿਆਂ ਦੀ ਗਿਣਤੀ ਦੀ ਪੁਸ਼ਟੀ ਕਰਨ ਵਾਲੇ ਕੋਈ ਅੰਕੜੇ ਸਾਹਮਣੇ ਨਹੀਂ ਆਏ ਹਨ। ਜਰਮਨੀ ਦੇ ਡਾਕਟਰਾਂ ਨੇ ਇਸ ਗੱਲ ਨੂੰ ਮਨਘੜਤ ਦੱਸਿਆ ਹੈ। ਇਹੀ ਨਹੀਂ, ਗੁਜਰਾਤ ਸਰਕਾਰ ਦੇ ਕੁਝ ਮੰਤਰੀ ਤਾਂ ਤੰਤਰਿਕਾਂ ਦੇ ਸਨਮਾਨ ਸਮਾਗਮ 'ਚ ਸ਼ਾਮਲ ਹੋਏ ਸਨ।

ਅਜਿਹੇ ਬਿਆਨ ਸਿਰਫ ਰਾਜਨੀਤਕ ਲੋਕਾਂ ਤੱਕ ਹੀ ਸੀਮਿਤ ਨਹੀਂ। ਆਂਧਰਾ ਪ੍ਰਦੇਸ਼ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਜੀ ਨਾਗੇਸ਼ਵਰ ਰਾਓ ਨੇ ਜਲੰਧਰ ਵਿੱਚ ਇੰਡੀਅਨ ਸਾਇੰਸ ਕਾਂਗਰਸ ਭਾਸ਼ਣ ਕਰਦਿਆਂ ਕਿਹਾ ਸੀ ਕਿ ਸਟੈਮ ਸੈੱਲ ਦੀ ਖੋਜ ਅਤੇ ਟੈਸਟ ਟਿਊਬ ਬੇਬੀ ਟੈਕਨਾਲੋਜੀ ਦੇ ਕਾਰਨ ਸਾਡੀ ਇੱਕ ਮਾਂ ਤੋਂ ਸੈਂਕੜੇ ਕੌਰਵ ਪੈਦਾ ਹੋਏ ਹਨ। ਇਹ ਕੁਝ ਹਜ਼ਾਰ ਸਾਲ ਪਹਿਲਾਂ ਹੋਇਆ ਸੀ। ਰਾਜਸਥਾਨ ਦੇ ਹਾਈ ਕੋਰਟ ਦੇ ਸੇਵਾ ਮੁਕਤ ਜੱਜ ਨੇ ਇੱਕ ਬਿਆਨ ਦਿੱਤਾ ਸੀ ਕਿ ਮੋਰਨੀ ਜਦੋਂ ਮੋਰ ਦੇ ਹੰਝੂ ਚੂਸਦੀ ਹੈ ਤਾਂ ਉਹ ਔਲਾਦ ਨੂੰ ਜਨਮ ਦਿੰਦੀ ਹੈ।

ਸਾਡੇ ਸਮਾਜ ਵਿੱਚ ਬਿਮਾਰੀ ਦੇ ਕਾਰਨ ਤੇ ਇਲਾਜ ਬਾਰੇ ਪਹਿਲਾਂ ਹੀ ਬਹੁਤ ਸਾਰੇ ਗੈਰ ਵਿਗਿਆਨਕ ਵਿਚਾਰ ਤੇ ਮਿੱਥ ਹਨ। ਵੱਡੀ ਗਿਣਤੀ ਵਿੱਚ ਲੋਕ ਰੋਗਾਂ ਜਿਵੇਂ ਕਿ ਕਨੇਡੂ, ਲਕਵਾ ਜਾਂ ਛੋਟੀ ਮਾਤਾ (ਚਿਕਨ ਪੌਕਸ) ਦੇ ਇਲਾਜ ਲਈ ਸਿਆਣਿਆਂ ਕੋਲ ਜਾਂਦੇ ਹਨ। ਇੱਕ ਹੋਰ ਕਥਾ ਇਹ ਹੈ ਕਿ ਕੰਨ ਦੇ ਪਰਦੇ ਵਿੱਚ ਮੋਰੀ ਕਰ ਕੇ ਇਸ ਵਿੱਚੋਂ ਪੀਲੀਆ ਕੱਢ ਦਿੱਤਾ ਜਾਂਦਾ ਹੈ। ਡਾਕਟਰੀ ਵਿਗਿਆਨ ਕਲਪਨਾ ਨਹੀਂ ਅਤੇ ਨਾ ਇਹ ਵਿਸ਼ਵਾਸ ਪ੍ਰਣਾਲੀ ਹੈ। ਇਹ ਸਬੂਤਾਂ 'ਤੇ ਆਧਾਰਤ ਵਿਗਿਆਨ ਹੈ। ਆਧੁਨਿਕ ਮੈਡੀਕਲ ਦੀ ਇਲਾਜ ਦੀ ਕਿਸੇ ਪ੍ਰਣਾਲੀ ਨੂੰ ਵਿਕਸਿਤ ਕਰਨ ਤੋਂ ਪਹਿਲਾਂ ਇਸ ਨੂੰ ਪ੍ਰਯੋਗਸ਼ਾਲਾ ਵਿੱਚ, ਫਿਰ ਜਾਨਵਰਾਂ ਅਤੇ ਅਖੀਰ ਵਿੱਚ ਮਨੁੱਖਾਂ 'ਤੇ ਪ੍ਰਯੋਗ ਕੀਤਾ ਜਾਂਦਾ ਹੈ। ਅੰਤ ਵਿੱਚ ਉਸ ਨੂੰ ਮਨੁੱਖੀ ਸਰੀਰ ਨੂੰ ਨੁਕਸਾਨ ਨਾ ਪਹੁੰਚੇ, ਇਹ ਯਕੀਨੀ ਬਣਾ ਕੇ ਇਲਾਜ ਲਈ ਵਰਤੋਂ ਵਿੱਚ ਲਿਆਂਦਾ ਜਾਂਦਾ ਹੈ। ਰਾਜਸੀ ਨੇਤਾਵਾਂ ਜਾਂ ਕੁਝ ਹੋਰ ਲੋਕਾਂ ਦੇ ਇਨ੍ਹਾਂ ਊਲ ਜਲੂਲ ਵਿਚਾਰਾਂ ਦੇ ਪ੍ਰਚਾਰ ਨਾਲ ਆਮ ਅਨਪੜ੍ਹ ਲੋਕਾਂ 'ਤੇ ਬੁਰਾ ਪ੍ਰਭਾਵ ਪੈਂਦਾ ਤੇ ਉਹ ਇਨ੍ਹਾਂ ਨੂੰ ਸੱਚਾਈ ਮੰਨ ਲੈਂਦੇ ਹਨ। ਇਹ ਨਾ ਸਿਰਫ ਖਤਰਨਾਕ ਹੈ, ਬਲਕਿ ਇੱਕ ਅਪਰਾਧਕ ਕੰਮ ਵੀ ਹੈ, ਜਿਸ ਦੀ ਸਜ਼ਾ ਚਾਹੀਦੀ ਹੈ। ਦੁੱਖ ਦੀ ਗੱਲ ਹੈ ਕਿ ਸਰਕਾਰੀ ਤੰਤਰ ਸਿਹਤ ਬਾਰੇ ਬਹੁਤ ਸਾਰੇ ਤਰਕਹੀਣ ਵਿਚਾਰਾਂ ਪ੍ਰਤੀ ਨਾ ਸਿਰਫ ਉਦਾਸੀਨ ਹੈ, ਬਲਕਿ ਉਨ੍ਹਾਂ ਨੂੰ ਬੜੀ ਚਲਾਕੀ ਨਾਲ ਅੱਗੇ ਵਧਾ ਰਿਹਾ ਹੈ ਤਾਂ ਜੋ ਸਮਾਜ ਨੂੰ ਰੂੜ੍ਹੀਵਾਦ ਵਿੱਚ ਹੀ ਰੱਖਿਆ ਜਾਏ।

ਇਹ ਅਫਸੋਸ ਦੀ ਗੱਲ ਹੈ ਕਿ ਅਜੋਕੇ ਸਮੇਂ ਵਿੱਚ ਅਜਿਹੇ ਬਿਆਨ ਸਾਹਮਣੇ ਆ ਰਹੇ ਹਨ, ਜਦੋਂ ਵਿਗਿਆਨ ਨੇ ਸਬੂਤ ਦੇ ਆਧਾਰ 'ਤੇ ਕਿੰਨਾ ਵਿਕਾਸ ਕੀਤਾ ਹੈ। ਅਤਿ ਦੁਖਦਾਈ ਸਥਿਤੀ ਇਹ ਵੀ ਹੈ ਕਿ ਇਸ ਤਰ੍ਹਾਂ ਦੇ ਬੇਤੁਕੇ ਬਿਆਨਾਂ ਦਾ ਵਿਰੋਧ ਓਨਾ ਨਹੀਂ ਹੋ ਰਿਹਾ, ਜਿੰਨਾ ਹੋਣਾ ਚਾਹੀਦਾ ਹੈ। ਵਿ-ਗਆਨਕ ਜਾਂ ਮੈਡੀਕਲ ਸੰਸਥਾਵਾਂ ਇਨ੍ਹਾਂ ਅਸਪੱਸ਼ਟ ਅਤੇ ਤਰਕਹੀਣ ਗੈਰ ਵਿ-ਗਆਨਕ ਵਿਚਾਰਾਂ ਦੇ ਵਿਰੁੱਧ ਦਲੇਰੀ ਨਾਲ ਖੁੱਲ੍ਹ ਕੇ ਸਾਹਮਣੇ ਨਹੀਂ ਆ ਰਹੀਆਂ। ਇਨ੍ਹਾਂ ਵਿਚਾਰਾਂ ਨਾਲ ਉਹ ਸਹਿਮਤ ਹਨ ਜਾਂ ਫਿਰ ਉਹ ਖੁੱਲ੍ਹ ਕੇ ਸਾਹਮਣੇ ਆਉਣ ਤੋਂ ਡਰਦੇ ਹਨ, ਇਹ ਉਹੀ ਜਾਣਦੇ ਹਨ।

# ਉੱਦਮ ਦੀ ਮਹਿਮਾ

-ਕਰਨੈਲ ਸਿੰਘ ਸੋਮਲ

ਸਾਡੀ ਭਾਸ਼ਾ ਦੇ ਅਨੇਕਾਂ ਅਜਿਹੇ ਸ਼ਬਦ ਹਨ। ਜਿਨ੍ਹਾਂ ਵਿੱਚ ਸਮਾਏ ਅਰਥਾਂ ਨੂੰ ਵੇਖਦਿਆਂ ਧੰਨ-ਧੰਨ ਹੋ ਜਾਈਦਾ ਹੈ। ਮਿਸਾਲ ਵਜੋਂ 'ਸੰਜਮ', 'ਸਹਿਜ' ਅਤੇ 'ਉੱਦਮ' ਵੇਖੇ ਜਾ ਸਕਦੇ ਹਨ। ਇੱਥੇ ਅਸੀਂ 'ਉੱਦਮ'' ਦੀ ਗੱਲ ਕਰਨੀ ਹੈ। ਬੰਦਾ ਹਾਰਾਂ ਦਾ ਭੰਨਿਆ ਹੋਵੇ, ਲੱਖ ਢੇਰੀ ਢਾਹ ਕੇ ਬੈਠਾ ਹੋਵੇ, ਬਸ ਉੱਦਮ ਕਰਨ ਦਾ ਭਾਵ ਉਸ ਦੇ ਮਨ ਵਿੱਚ ਆ ਜਾਵੇ, ਉਸ ਦੀਆਂ ਸੋਤੇ ਵਿੱਚ ਪਈਆਂ ਸਮਰੱਥਾਵਾਂ ਜਾਗ ਪੈਂਦੀਆਂ ਹਨ।

ਸੰਸਾਰ ਵਿੱਚ ਜੋ ਕੁਝ ਵੀ ਉਸਾਰੂ ਅਤੇ ਨਵੀਂ ਲੀਹ ਪਾਉਣ ਵਾਲਾ ਹੋਇਆ ਹੈ, ਉਹ ਮਨੁੱਖ ਦੇ ਉੱਦਮ ਸਦਕਾ ਹੈ। ਅੱਗ ਨੂੰ ਸਾਂਭਣਾ, ਉਸ ਤੋਂ ਅਨੇਕ ਪ੍ਰਕਾਰ ਦੇ ਕੰਮ ਲੈਣੇ, ਪਹੀਏ ਦੀ ਕਾਢ, ਖਾਣ-ਪੀਣ ਦੀਆਂ ਵਸਤਾਂ ਨੂੰ ਲੰਮੇ ਸਮੇਂ ਤੱਕ ਸੰਭਾਲਣ ਦੇ ਤਰੀਕੇ, ਅਨੇਕਾਂ ਕਿਸਮ ਦੇ ਔਜ਼ਾਰ, ਇੰਜਨੀਅਰਿੰਗ ਤੇ ਤਕਨਾਲੋਜੀ ਦੀਆਂ ਹੈਰਾਨੀ ਵਾਲੀਆਂ ਪ੍ਰਾਪਤੀਆਂ, ਗੱਡੇ ਤੋਂ ਹਵਾਈ-ਜ਼ਹਾਜ਼ ਤੱਕ ਬੜੀ ਲੰਮੀ ਸੂਚੀ ਹੈ ਜਿਸ ਵਿੱਚੋਂ ਮਨੁੱਖੀ ਉੱਦਮ ਦੀ ਕਹਾਣੀ ਪੜ੍ਹੀ ਜਾ ਸਕਦੀ ਹੈ। ਦੂਜੇ ਸ਼ਬਦਾਂ ਵਿੱਚ ਮਨੁੱਖ ਦੇ ਆਦਿ-ਵਾਸ ਤੋਂ ਲੈ ਕੇ ਅਜੋਕੀਆਂ ਅਣਗਿਣਤ ਸੁਵਿਧਾਵਾਂ ਵਾਲੀ ਹਾਲਤ ਤੱਕ, ਉਹ ਸਾਰਾ ਕੁਝ ਉਸ ਦੇ ਉੱਦਮ ਦਾ ਹੀ ਪੰਧ ਹੈ।

ਉੱਦਮ ਦੀ ਵਡਿਆਈ ਸਦਾ ਤੋਂ ਰਹੀ ਹੈ। ਕਹਿ ਸਕਦੇ ਹਾਂ ਕਿ ਇਹ ਸਭ ਸਮਿਆਂ ਵਿੱਚ ਮਾਨਤਾ ਰੱਖਦੀ ਰਹੀ ਕਦਰ ਹੈ। ਸਮੁੱਚੇ ਤੌਰ 'ਤੇ ਉਦਮ ਹਰ ਮਨੱਖ ਦੇ ਵੱਸ ਦੀ ਗੱਲ ਹੈ। ਵਿਅਕਤੀ ਦੇ ਪੱਧਰ ਉਤੇ ਜੋ ਕੁਝ ਕਰਨਾ ਜ਼ਰੂਰੀ ਹੈ ਉਹ ਉੱਦਮ ਕੀਤਿਆਂ ਹੀ ਸੰਭਵ ਹੁੰਦਾ ਹੈ। ਉੱਦਮ ਇਕੱਲਾ ਕਦੇ ਨਹੀਂ ਹੁੰਦਾ। ਪਹਿਲਾਂ ਕੋਈ ਸੰਕਲਪ ਪੈਦਾ ਹੁੰਦਾ ਹੈ। ਪ੍ਰੇਰਨਾ ਨਾਲ ਤੁਰ ਪੈਂਦੀ ਹੈ। ਚਾਅ ਯਾਨੀ ਉਤਸ਼ਾਹ ਪਿੱਛੇ ਨਹੀਂ ਰਹਿੰਦਾ। ਮਿਹਨਤ ਦਾ ਮਾਦਾ ਅੰਗੜਾਈ ਲੈਣ ਲੱਗਦਾ ਹੈ। ਸੋਹਣੇ-ਸੋਹਣੇ ਸੁਪਨੇ ਖੰਭ ਖੋਲ੍ਹਣ ਲੱਗਦੇ ਹਨ। ਫਿਰ ਦ੍ਰਿੜਤਾ ਊਰਜਾ ਦੇ ਨਵੇਂ ਤੋਂ ਨਵੇਂ ਸਰੋਤ ਲੱਭਦੀ ਜਾਂਦੀ ਹੈ। ਜਾਣੋ, ਕਿੰਨੀਆਂ ਹੀ ਹਾਂ-ਵਾਚੀ ਸ਼ਕਤੀਆਂ ਮਨੁੱਖ ਦਾ ਸੰਗ-ਸਾਥ ਦੇਣ ਲਈ ਉਸ ਨਾਲ ਹੋ ਜਾਂਦੀਆਂ ਹਨ। ਉੱਦਮੀ ਬੰਦੇ ਦਾ ਤਨ ਤੇ ਮਨ ਇਕਸੁਰ ਹੋ ਜਾਂਦੇ ਹਨ। ਫਿਰ 'ਉਦਮੁ ਕਰਤ ਆਨਦੁ ਭਇਆ' ਵਾਲੀ ਹਾਲਤ ਹੋ ਜਾਂਦੀ ਹੈ। ਪੰਜਾਬੀ ਦੀ ਕਹਾਵਤ ਹੈ- 'ਹਿੰਮਤ ਦਾ ਹਮਾਇਤੀ ਰੱਬ।' ਭਾਵ ਸਾਰੀ ਕਾਇਨਾਤ ਉਸ ਦੀ ਹਮਾਇਤ ਵਿੱਚ ਹੋਣ ਲੱਗਦੀ ਹੈ। ਇੱਕ ਹੋਰ ਆਖਾਣ ਹੈ- 'ਉੱਦਮ ਅੱਗੇ ਲੱਛਮੀ, ਪੱਖੇ ਅੱਗੇ ਪੌਣ।' ਪੰਜਵੇਂ ਗੁਰੂ ਜੀ ਦੀਆਂ ਉੱਦਮ ਦੀ ਵਡਿਆਈ ਕਰਦੀਆਂ ਕਈ ਤੁਕਾਂ ਮਿਲਦੀਆਂ ਹਨ। ਇਨ੍ਹਾਂ ਵਿੱਚੋਂ ਤਿੰਨ ਇਸ ਪ੍ਰਕਾਰ ਹਨ:

*ਉਦਮੁ ਕਰਤ ਮਨੁ ਨਿਰਮਲੁ ਹੋਆ॥*
*ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥*
*ਉਦਮੁ ਕਰਤ ਆਨਦੁ ਭਇਆ ਸਿਮਰਤ ਸੁਖ ਸਾਰੁ॥*

ਉਦਮ ਦੀ ਅਹਿਮੀਅਤ ਇਸ ਪੱਖੋਂ ਵੀ ਹੈ ਕਿ ਇਸ ਸਦਕਾ ਖੜੋਤ ਟੁੱਟਦੀ ਹੈ। ਨਵੇਂ ਤੋਂ ਨਵਾਂ ਸਿੱਖਦਿਆਂ, ਅਕੇਵਾਂ ਪੈਦਾ ਕਰਦੀ ਰੱਟ ਵਿੱਚੋਂ ਨਿਕਲ ਨਵੇਂ ਰਾਹਾਂ 'ਤੇ ਤੁਰਨ ਦਾ ਚਾਅ ਪੈਦਾ ਹੁੰਦਾ ਹੈ। ਜੀਵਨ-ਲੈਅ ਨਾਲ ਜੁੜ ਕੇ ਆਪਣੇ ਜੀਵਨ-ਰਸ ਨੂੰ ਨਵਿਆਉਣ ਦਾ ਸਿਲਸਿਲਾ ਚੱਲਦਾ ਰਹਿੰਦਾ ਹੈ। ਉੱਦਮ ਸਦਾ ਹਾਂ-ਵਾਚੀ ਹੁੰਦਾ ਹੈ। ਕਿਸੇ ਬੇਦੋਸ਼ੇ ਦੀ ਜਾਨ ਲੈਣ ਨੂੰ ਉੱਦਮ ਨਹੀਂ ਕਿਹਾ ਜਾ ਸਕਦਾ। ਕਿਸੇ ਡੁੱਬਦੇ ਨੂੰ ਬਚਾਉਣਾ, ਕਿਸੇ ਦੁਰਘਟਨਾ ਦੇ ਸ਼ਿਕਾਰ ਵਿਅਕਤੀ ਨੂੰ ਤਤਕਾਲ ਹਸਪਤਾਲ ਪਹੁੰਚਾਉਣਾ ਉੱਦਮ ਹੋਵੇਗਾ। ਉੱਦਮੀ ਹੋਣਾ ਨਿੱਜ ਅਤੇ ਪਰ ਦੋਹਾਂ ਲਈ ਕਲਿਆਣਕਾਰੀ ਹੁੰਦਾ ਹੈ। ਆਲਸ ਨੂੰ ਤਿਆਗਣਾ, ਦੁਚਿਤੀ ਨੂੰ ਛੰਡਣਾ, ਕੀਤੇ ਜਾਣ ਵਾਲੇ ਕਾਰਜ ਬਾਰੇ ਸਪੱਸ਼ਟਤਾ ਤੇ ਕੁਰਬਾਨੀ ਦਾ ਜਜ਼ਬਾ ਉੱਦਮੀ ਵਿੱਚ ਸਹਿਜੇ ਹੀ ਆ ਜਾਂਦੇ ਹਨ।

ਕਈ ਵਿਅਕਤੀ ਬੜੇ ਉੱਦਮੀ ਹੁੰਦੇ ਹਨ। ਕਈ ਪਰਵਾਰ ਇਸ ਭਾਂਤ ਦੇ ਹੁੰਦੇ ਹਨ ਅਤੇ ਕਈ ਕੌਮਾਂ ਦਾ ਸੁਭਾਅ ਉੱਦਮੀ ਬਣ ਜਾਂਦਾ ਹੈ। ਅਸਲ ਵਿੱਚ ਜੋ ਕੋਈ ਉੱਦਮ ਨਾਲ ਲੈਸ ਹੁੰਦਾ ਹੈ, ਉਸ ਲਈ ਔਕੜਾਂ ਰਾਹ ਦੇ ਅੜਿੱਕੇ ਨਹੀਂ ਬਣਦੀਆਂ। ਉੱਦਮੀ ਉਨ੍ਹਾਂ ਨੂੰ ਚੁਣੌਤੀ ਵਜੋਂ ਲੈਂਦਾ ਹੈ। ਇਸ ਤਰ੍ਹਾਂ ਉਹ ਆਪਣੇ ਸਿਰੜ ਨਾਲ ਅੱਗੇ ਵਧਦਾ ਜਾਂਦਾ ਹੈ। ਆਪਣੇ ਮਾਨਸਿਕ ਦਿਸਹੱਦੇ ਨੂੰ ਵਿਸ਼ਾਲ ਕਰਨਾ, ਚੰਗੀਆਂ ਕਿਤਾਬਾਂ ਪੜ੍ਹ ਕੇ ਪ੍ਰੇਰਨਾ ਲੈਣੀ, ਨਰੋਈ ਸੋਚ ਵਾਲੇ ਬੰਦਿਆਂ ਦੀ ਸੰਗਤ ਮਾਣਨਾ, ਵਕਤ ਵਿਹਾ ਚੁੱਕੀਆਂ ਗੱਲਾਂ ਛੱਡ ਨਵੇਂ ਉਸਾਰੂ ਰੁਝਾਨਾਂ ਵੱਲ ਹੋ ਜਾਣਾ-ਅਜਿਹਾ ਕਿੰਨਾ ਕੁਝ ਵਿਅਕਤੀ ਨੂੰ ਉੱਦਮੀ ਬਣਾਉਂਦਾ ਹੈ। ਅੱਗੋਂ ਬੰਦੇ ਦੀ ਕਾਇਆ ਕਲਪ ਹੋ ਜਾਣੀ, ਉੱਦਮੀ ਹੋਣ ਦਾ ਪ੍ਰਤੀਫਲ ਹੈ। ਉੱਦਮੀ ਬੰਦੇ ਨੂੰ ਹਰ ਪਲ ਨਵੇਂ ਰੰਗ ਵਿੱਚ ਦਿੱਸਣ ਦੀ ਪ੍ਰਕਿਰਤੀ ਉਦਮ ਲਈ ਉਤਸ਼ਾਹਤ ਕਰਦੀ ਹੈ। ਦਿਨ-ਰਾਤ ਦੀ ਖੇਡ, ਸੋਹਣੀ ਸਵੇਰ, ਪਿਆਰੀ ਸ਼ਾਮ, ਕਦੇ ਦੁਪਹਿਰ, ਵਕਤ ਨੂੰ ਮਿਣਨ-ਗਿਣਨ ਦੇ ਆਹਰ ਲੱਗੀਆਂ ਘੜੀਆਂ ਅਤੇ ਘੰਟੇ, ਏਕਮ, ਦੂਜ, ਤੀਜ, ਦਸਮੀ, ਵਾਰੀ ਬੰਨ੍ਹੀ ਆਉਂਦੀ ਕਦੇ ਪੂਰਨਮਾਸ਼ੀ ਅਤੇ ਕਦੇ ਮੱਸਿਆ, ਕਦੇ ਘਟਦਾ-ਘਟਦਾ ਲੋਪ ਹੁੰਦਾ ਤੇ ਕਦੇ ਬਾਲ ਵਾਂਗ ਵਾਧੇ ਪਿਆ ਚੰਨ, ਕਦੇ ਤਾਰਾ ਕੋਈ-ਕੋਈ, ਕਦੇ ਸਾਰਾ ਅੰਬਰ ਜਗ-ਮਗ, ਜਗ-ਮਗ ਕਰਦਾ, ਖੇਤਾਂ ਵਿੱਚ ਗਨਗੌਰਾਂ ਵਾਂਗ ਜੰਮਦੀਆਂ ਫ਼ਸਲਾਂ, ਕਦੇ ਨਿੱਸਰਦੀਆਂ ਤੇ ਕਦੇ ਪੱਕਦੀਆਂ-ਅਜਿਹੇ ਭਾਂਤ-ਸੁਭਾਂਤੇ ਦ੍ਰਿਸ਼ ਮਨੁੱਖ ਦੇ ਉੱਦਮ ਨੂੰ ਹੁੰਗਾਮਾ ਦੇਈ ਜਾਂਦੇ ਹਨ।

ਇੱਕ ਦੂਜਾ ਪੱਖ ਵੀ ਹੈ, ਮਨੁੱਖ ਨੂੰ ਆਲੇ-ਦੁਆਲੇ ਦੇ ਸਮਾਜ ਤੋਂ ਬਿਨਾਂ ਕਈ ਪ੍ਰਕਾਰ ਦੇ ਪ੍ਰਬੰਧ ਜਿਵੇਂ ਰਾਜਨੀਤਕ ਤੇ ਆਰਥਿਕ ਵੀ ਪ੍ਰਭਾਵਿਤ ਕਰਦੇ ਹਨ। ਜਿੱਥੇ ਇਹ ਪ੍ਰਬੰਧ ਵਿਅਕਤੀ ਜਾਂ ਪਰਵਾਰ ਨੂੰ ਸਮਰੱਥਨ ਦੇਣ ਵਾਲੇ ਹੋਣ, ਉਥੇ ਵਿਅਕਤੀ ਦੇ ਉੱਦਮ ਨੂੰ ਚੰਗਾ ਫ਼ਲ ਪੈਂਦਾ ਹੈ। ਜਦੋਂ ਮਨੁੱਖ ਸਮੂਹ ਨਾਲ ਜੁੜਿਆ ਹੋਵੇ ਤਾਂ ਬੰਦਾ ਨਿਆਸਰਾ ਨਹੀਂ ਪ੍ਰਤੀਤ ਕਰਦਾ। ਪੰਜਾਬ ਵਿੱਚ ਬਹੁਤਾ ਸਮਾਂ ਨਹੀਂ ਹੋਇਆ ਜਦੋਂ ਕਿਸਾਨ ਸਾਰਾ-ਸਾਰਾ ਦਿਨ ਹੱਡ-ਭੰਨਵੀਂ ਮਿਹਨਤ ਕਰਦੇ ਸਨ। ਉੱਦਮੀ ਹੋਣ ਸਦਕਾ ਉਨ੍ਹਾਂ ਵਿੱਚ ਪਰਸਪਰ ਸਹਿਯੋਗ ਤੇ ਭਾਈਵਾਲੀ ਬਣੀ ਹੁੰਦੀ ਸੀ। ਸਮੇਂ ਦੇ ਬਦਲਾਅ ਨਾਲ ਉੱਦਮ ਦੀ ਦਸ਼ਾ ਤੇ ਦਿਸ਼ਾ ਪਹਿਲਾਂ ਵਾਲੀ ਨਹੀਂ ਰਹੀ। ਪੂੰਜੀਵਾਦੀ ਪ੍ਰਬੰਧ ਦੇ ਗ਼ਲਬੇ ਨੇ ਮਜ਼ਦੂਰਾਂ ਤੇ ਕਿਸਾਨਾਂ ਦੇ ਰਵਾਇਤੀ ਰਿਸ਼ਤੇ ਲੱਗਭਗ ਖ਼ਤਮ ਕਰ ਦਿੱਤੇ। ਸੋ, ਉੱਦਮ ਵੀ ਨਵੀਂ ਸੋਚ ਅਤੇ ਵੱਖਰੇ ਢੰਗ-ਤਰੀਕਿਆਂ ਨਾਲ ਕਰਨਾ ਬਣਦਾ ਹੈ।

ਜਦੋਂ ਦੇਸ ਗ਼ੁਲਾਮੀ ਦੀ ਜਕੜ ਵਿੱਚ ਸੀ ਤਾਂ ਸਰਾਭਾ, ਉਧਮ ਸਿੰਘ, ਭਗਤ ਸਿੰਘ, ਰਾਜਗੁਰ, ਸੁਖਦੇਵ ਜਿਹੇ ਦੇਸ਼ ਦੇ ਕਿੰਨੇ ਹੀ ਨੌਜਵਾਨ ਅੱਗੇ ਆਏ। ਕਿਸੇ ਵੱਡੇ ਆਦਰਸ਼ ਲਈ ਸ਼ਹੀਦੀ ਪਾ ਜਾਣਾ ਉਨ੍ਹਾਂ ਦਾ ਅਨੋਖਾ ਉੱਦਮ ਆਖਿਆ ਜਾ ਸਕਦਾ ਹੈ। ਅਜੋਕੇ ਸਮੇਂ ਵਿੱਚ ਸਾਡੇ ਨੌਜਵਾਨ ਤੇ ਮੁਟਿਆਰਾਂ ਜਿੱਥੇ ਕਿਤੇ ਵੀ ਪੈਰ ਟਿਕਾਉਣ ਨੂੰ ਜਗ੍ਹਾ ਮਿਲਦੀ ਦਿੱਸਦੀ ਹੈ, ਉਡ ਕੇ ਜਾ ਰਹੇ ਹਨ। ਧਰਤੀ ਦਾ ਕੋਈ ਕੋਨਾ ਵੀ ਉਨ੍ਹਾਂ ਲਈ ਓਪਰਾ ਨਹੀਂ ਹੈ। ਮੁੱਕਦੀ ਗੱਲ, 'ਹਾਸ਼ਮ ਫ਼ਤਹ ਨਸੀਬ ਤਿਨ੍ਹਾਂ ਨੂੰ ਜਿਨ੍ਹਾਂ ਹਿੰਮਤ ਯਾਰ ਬਣਾਈ।'

# ਪ੍ਰਧਾਨ ਮੰਤਰੀ ਮੋਦੀ ਦੇ ਨਾਂਅ ਖੁੱਲ੍ਹਾ ਪੱਤਰ

-ਯੋਗੇਂਦਰ ਯਾਦਵ

ਇਸ ਚਿੱਠੀ ਰਾਹੀਂ ਮੈਂ ਤੁਹਾਨੂੰ ਦੇਸ਼ ਦੇ ਹਿੱਤ ਵਿੱਚ ਤਤਕਾਲ ਕੁਝ ਕਦਮ ਚੁੱਕਣ ਦੀ ਬੇਨਤੀ ਕਰਨੀ ਚਾਹੁੰਦਾ ਹਾਂ। ਪਿਛਲੇ ਕੁਝ ਦਿਨਾਂ ਤੋਂ ਦੇਸ਼ 'ਚ ਜੋ ਹਾਲਾਤ ਬਣ ਰਹੇ ਹਨ, ਉਹ ਨਾ ਲੰਬੇ ਸਮੇਂ ਲਈ ਰਾਸ਼ਟਰੀ ਹਿੱਤ 'ਚ ਹਨ ਅਤੇ ਨਾ ਹੀ ਤੁਹਾਡੇ ਨਿੱਜੀ ਅਕਸ ਅਤੇ ਹਰਮਨ ਪਿਆਰਤਾ ਲਈ ਉਚਿਤ ਹਨ। ਜੇ ਤੁਸੀਂ ਤੱਤਕਾਲ ਕੁਝ ਐਲਾਨ ਕਰ ਦਿਓ ਤਾਂ ਦੇਸ਼ ਵਿੱਚ ਬਣ ਰਿਹਾ ਇਹ ਮਾਹੌਲ ਟਾਲਿਆ ਜਾ ਸਕਦਾ ਹੈ। ਆਸ ਹੈ ਕਿ ਤੁਸੀਂ ਇਸ ਬੇਨਤੀ 'ਤੇ ਤੁਰੰਤ ਵਿਚਾਰ ਕਰੋਗੇ।

ਪਿਛਲੇ ਇੱਕ ਮਹੀਨੇ ਭਰ ਤੋਂ ਦੇਸ਼ ਵਿੱਚ ਜੋ ਬੇਮਿਸਾਲ ਮਾਹੌਲ ਬਣਿਆ ਹੈ, ਉਹ ਤੁਹਾਡੇ ਤੋਂ ਲੁਕਿਆ ਨਹੀਂ। ਮੇਰੀ ਜਾਣਕਾਰੀ ਟੀ ਵੀ, ਅਖਬਾਰ, ਫੋਨ ਅਤੇ ਸੋਸ਼ਲ ਮੀਡੀਆ ਤੱਕ ਸੀਮਿਤ ਹੈ, ਪਰ ਤੁਹਾਡੇ ਕੋਲ ਤਾਂ ਜਾਣਕਾਰੀ ਦੇ ਬਿਹਤਰ ਸਰੋਤ ਹੋਣਗੇ। ਜਦੋਂ ਤੋਂ ਨਾਗਰਿਕਤਾ ਸੋਧ ਕਾਨੂੰਨ ਨੂੰ ਪਾਰਲੀਮੈਂਟ ਵਿੱਚ ਪੇਸ਼ ਕੀਤਾ ਗਿਆ ਹੈ, ਉਦੋਂ ਤੋਂ ਦੇਸ਼ ਵਿੱਚ ਰੋਸ ਵਿਖਾਵੇ ਤੇ ਅੰਦੋਲਨ ਹੋ ਰਹੇ ਹਨ। ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ, ਅਲੀਗੜ੍ਹ ਯੂਨੀਵਰਸਿਟੀ ਅਤੇ ਜਵਹਰ ਲਾਲ ਨਹਿਰੂ ਯੂਨੀਵਰਸਿਟੀ ਸਮੇਤ ਦੇਸ਼ ਦੇ ਅਨੇਕ ਕੈਂਪਸ 'ਚ ਵਿਦਿਆਰਥੀਆਂ ਉਤੇ ਇਸ ਦੌਰਾਨ ਪੁਲਸ ਦਾ ਜ਼ੁਲਮ ਹੋਇਆ, ਜਿਸ ਦੇ ਵਿਰੁੱਧ ਦੇਸ਼ 'ਚ ਨੌਜਵਾਨ ਖੜ੍ਹੇ ਹੋ ਰਹੇ ਹਨ। ਲੇਖਕ ਅਤੇ ਕਲਾਕਾਰ ਜੋ ਪਹਿਲਾਂ ਨਹੀਂ ਬੋਲ ਰਹੇ ਸਨ, ਉਹ ਵੀ ਅੱਜ ਬੋਲਣ 'ਤੇ ਮਜਬੂਰ ਹੋਣ ਲੱਗੇ ਹਨ। ਨਾਗਰਿਕਤਾ ਸੋਧ ਕਾਨੂੰਨ, ਰਾਸ਼ਟਰੀ ਨਾਗਰਿਕ ਰਜਿਸਟਰ ਅਤੇ ਮਰਦਮ ਸ਼ੁਮਾਰੀ ਦੇ ਰਾਸ਼ਟਰੀ ਰਜਿਸਟਰ ਬਾਰੇ ਅੱਜ ਵੱਖ-ਵੱਖ ਵਰਗ ਦੇ ਲੋਕਾਂ 'ਚ ਵੱਖ-ਵੱਖੇ ਤਰ੍ਹਾਂ ਦੀ ਚਿੰਤਾ ਹੈ।




ਪੂਰਬ-ਉੱਤਰ ਵਿੱਚ ਪਿਛਲੇ ਇੱਕ ਮਹੀਨੇ ਤੋਂ ਚੱਲ ਰਹੇ ਲੋਕਾਂ ਦੇ ਗੁੱਸੇ ਦੀ ਖਬਰ ਰਾਸ਼ਟਰੀ ਮੀਡੀਆ 'ਚ ਠੀਕ ਢੰਗ ਨਾਲ ਨਹੀਂ ਆਉਂਦੀ, ਪਰ ਤੁਹ-ਾਡੇ ਤੱਕ ਇਹ ਪਹੁੰਚ ਰਹੀ ਹੋਵੇਗੀ। ਹਿੰਦੂ ਅਤੇ ਮੁਸਲਮਾਨ ਦੋਵੇਂ ਹੈਰਾਨ ਹਨ ਕਿ 1985 ਵਿੱਚ ਹੋਏ ਆਸਾਮ ਸਮਝੌਤੇ ਨੂੰ ਇਕਤਰਫਾ ਢੰਗ ਨਾਲ ਤੋੜ ਦਿੱਤਾ ਗਿਆ ਹੈ। ਉਨ੍ਹਾਂ ਨੂੰ ਡਰ ਹੈ ਕਿ ਬੰਗਲਾ ਦੇਸ਼ ਤੋਂ ਆਏ ਲੱਖਾਂ ਹਿੰਦੂ ਬੰਗਾਲੀਆਂ ਨੂੰ ਨਾਗਰਿਕਤਾ ਦੇ ਦਿੱਤੀ ਜਾਵੇਗੀ ਅਤੇ ਅਸਮੀਆ ਭਾਸ਼ਾ ਆਪਣੇ ਹੀ ਘਰ ਵਿੱਚ ਘੱਟ ਗਿਣਤੀ ਹੋ ਜਾਵੇਗੀ। ਇਹੀ ਡਰ ਤ੍ਰਿਪੁਰਾ ਦੇ ਹਿੰਦੂ ਆਦਿ ਵਾਸੀ ਸਮਾਜ ਦਾ ਵੀ ਹੈ, ਜੋ ਪਹਿਲਾਂ ਬੰਗਾਲੀ ਪਰਵਾਸੀਆਂ ਦੀ ਗਿਣਤੀ ਦੇ ਬੋਝ ਹੇਠਾਂ ਦੱਬ ਚੁੱਕਾ ਹੈ। ਇਹ ਡਰ ਉਨ੍ਹਾਂ ਰਾਜਾਂ ਵਿੱਚ ਵੀ ਹੈ, ਜਿਨ੍ਹਾਂ ਨੂੰ ਫਿਲਹਾਲ ਨਾਗਰਿਕਤਾ ਸੋਧ ਕਾਨੂੰਨ ਤੋਂ ਮੁਕਤ ਰੱਖਿਆ ਗਿਆ ਹੈ। ਉਨ੍ਹਾਂ ਨੂੰ ਲੱਗਦਾ ਹੈ ਕਿ ਦੇਰ-ਸਵੇਰ ਉਨ੍ਹਾਂ ਦਾ ਵੀ ਨੰਬਰ ਆਵੇਗਾ। ਪੂਰਬ-ਉਤਰ ਦੇ ਇਸ ਨਾਜ਼ੁਕ ਇਲਾਕੇ ਦੇ ਕਰੋੜਾਂ ਨਾਗਰਿਕਾਂ ਨੂੰ ਅੱਜ ਆਪਣੀ ਪਛਾਣ ਗੁਆਚਣ ਦਾ ਡਰ ਹੈ।

ਉੱਤਰ ਪ੍ਰਦੇਸ਼ ਦੇ ਲਗਭਗ 20 ਕਰੋੜ ਮੁਸਲਮਾਨ ਨਾਗਰਿਕਾਂ ਨੂੰ ਭਾਰਤੀ ਨਾਗਰਿਕਤਾ ਖੁੱਸਣ ਦਾ ਡਰ ਹੈ। ਇਹ ਗੱਲ ਸਹੀ ਹੈ ਕਿ ਖਾਲੀ ਨਾਗਰਿਕਤਾ ਸੋਧ ਕਾਨੂੰਨ ਨਾਲ ਅਜਿਹੇ ਕਿਸੇ ਵਿਅਕਤੀ ਦੀ ਨਾਗਰਿਕਤਾ ਨਹੀਂ ਖੋਹੀ ਜਾ ਸਕਦੀ, ਜੋ ਅੱਜ ਭਾਰਤ ਦਾ ਨਾਗਰਿਕ ਹੈ, ਪਰ ਡਰ ਇਹ ਹੈ ਕਿ ਜਦੋਂ ਨਾਗਰਿਕਤਾ ਦਾ ਰਜਿਸਟਰ ਬਣੇਗਾ ਅਤੇ ਆਸਾਮ ਵਾਂਗ ਉਨ੍ਹਾਂ ਨੂੰ ਆਪਣੀ ਨਾਗਰਿਕਤਾ ਦਾ ਸਬੂਤ ਦੇਣ ਲਈ ਕਿਹਾ ਗਿਆ ਤਾਂ ਕਰੋੜਾਂ ਲੋਕ ਪੱਕੇ ਕਾਗਜ਼ ਨਾ ਦੇ ਸਕਣ ਕਾਰਨ ਸ਼ੱਕ ਦੇ ਘੇਰੇ ਵਿੱਚ ਆ ਜਾਣਗੇ। ਇਨ੍ਹਾਂ 'ਚ ਖਾਨਾਬਦੋਸ਼ ਅਤੇ ਗਰੀਬ ਲੋਕ ਹੋਣਗੇ, ਸਮਾਜ ਦੇ ਹਾਸ਼ੀਏ 'ਤੇ ਰਹਿਣ ਵਾਲੇ ਲੋਕ ਹੋਣਗੇ। ਇਸ ਹਾਲਤ ਵਿੱਚ ਨਾਗਰਿਕਤਾ ਸੋਧ ਕਾਨੂੰਨ ਕਾਰਨ ਗੈਰ ਮੁਸਲਿਮ ਲੋਕ ਫਿਰ ਵੀ ਬਚ ਜਾਣਗੇ, ਪਰ ਲੱਖਾਂ ਮੁਸਲਮਾਨਾਂ ਦੇ ਸਿਰ 'ਤੇ ਆਪਣੇ ਹੀ ਘਰ ਵਿੱਚ ਵਿਦੇਸ਼ੀ ਕਰਾਰ ਦਿੱਤੇ ਜਾਣ ਦੀ ਤਲਵਾਰ ਲਟਕ ਜਾਵੇਗੀ।

ਇਸ ਮਾਮਲੇ ਵਿੱਚ ਖਦਸ਼ਾ ਕਰਨ ਵਾਲੇ ਲੋਕਾਂ 'ਚ ਮੇਰੇ ਵਰਗੇ ਨਾਗਰਿਕ ਵੀ ਹਨ, ਜਿਨ੍ਹਾਂ ਨੂੰ ਸਿੱਧੇ-ਸਿੱਧੇ ਆਪਣੀ ਪਛਾਣ ਜਾਂ ਨਾਗਰਿਕਤਾ ਖੁੱਸਣ ਦਾ ਡਰ ਨਹੀਂ। ਸਾਡਾ ਡਰ ਆਪਣੀਆਂ ਸੰਵਿਧਨਕ ਕਦਰਾਂ-ਕੀਮਤਾਂ ਗੁਆਚਣ ਦਾ ਹੈ। ਡਰ ਇਹ ਹੈ ਕਿ ਆਜ਼ਾਦ ਭਾਰਤ ਵਿੱਚ ਪਹਿਲੀ ਵਾਰ ਨਾਗਰਕਿਤਾ ਨੂੰ ਧਰਮ ਨਾਲ ਜੋੜਨ 'ਤੇ ਸਾਡੇ ਸੰਵਿਧਾਨ ਦਾ ਧਰਮ ਨਿਰਪੱਖ ਚਰਿੱਤਰ ਨਹੀਂ ਬਚੇਗਾ। ਡਰ ਇਹ ਹੈ ਕਿ ਮੁਸਲਿਮ ਤੇ ਗੈਰ ਮੁਸਲਿਮ 'ਚ ਵਿਤਕਰਾ ਕਰਨ ਵਾਲਾ ਇਹ ਕਾਨੂੰਨ ਸਾਡੇ ਸੰਵਿਧਾਨ ਵਿੱਚ ਮਿਲੇ ਬਰਾਬਰੀ ਦੇ ਮੌਲਿਕ ਅਧਿਕਾਰ ਦਾ ਘਾਣ ਕਰਦਾ ਹੈ। ਡਰ ਇਹ ਹੈ ਕਿ ਅਜਿਹੇ ਕਾਨੂੰਨ ਪਾਸ ਕਰ ਕੇ ਅਸੀਂ ਮੁਹੰਮਦ ਅਲੀ ਜਿੱਨਾਹ ਦੇ ਉਸ ਦੋ ਕੌਮਾਂ ਦੇ ਸਿਧਾਂਤ ਨੂੰ ਪ੍ਰਵਾਨ ਕਰ ਰਹੇ ਹਾਂ, ਜਿਸ ਨੂੰ ਸਾਡੇ ਆਜ਼ਾਦੀ ਦੇ ਅੰਦੋਲਨ ਨੇ ਰੱਦ ਕੀਤਾ ਸੀ। ਤੁਹਾਡੀ ਸਰਕਾਰ ਅਤੇ ਤੁਹਾਡੀ ਪਾਰਟੀ ਦਾ ਮੰਨਣਾ ਹੈ ਕਿ ਇਹ ਸਭ ਫਰਜ਼ੀ ਹਨ। ਤੁਸੀਂ ਵਾਰ-ਵਾਰ ਕਿਹਾ ਹੈ ਕਿ ਇਸ ਮੁੱਦੇ 'ਤੇ ਲੋਕਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ ਅਤੇ ਲੋਕਾਂ 'ਚ ਝੂਠੇ ਡਰ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਮੈਂ ਤੁਹਾਡੇ ਗ੍ਰਹਿ ਮੰਤਰੀ ਦੇ ਬਿਆਨਾਂ ਅਤੇ ਸਰਕਾਰੀ ਦਸਤਾਵੇਜ਼ਾਂ ਨੂੰ ਧਿਆਨ ਨਾਲ ਪੜ੍ਹਿਆ ਹੈ। ਮੈਨੂੰ ਨਹੀਂ ਜਾਪਦਾ ਕਿ ਇਨ੍ਹਾਂ ਤਿੰਨਾਂ ਗਰੁੱਪਾਂ ਦੇ ਡਰ ਨਿਰਾਧਾਰ ਹਨ, ਪਰ ਜੇ ਇੱਕ ਵਾਰ ਮੰਨ ਵੀ ਲਈਏ ਕਿ ਲੋਕ ਬਿਨਾਂ ਕਾਰਨ ਡਰੇ ਹੋਏ ਹਨ, ਫਿਰ ਵੀ ਉਹ ਡਰੇ ਹੋਏ ਹਨ। ਦੇਸ਼ ਦੀ ਇੰਨੀ ਵੱਡੀ ਆਬਾਦੀ ਜੇ ਡਰ ਅਤੇ ਖਦਸ਼ੇ ਤੋਂ ਪ੍ਰਭਵਤ ਹੈ ਤਾਂ ਉਸ ਦੀ ਚਿੰਤਾ ਤਾਂ ਤੁਹਾਨੂੰ ਹੋਣੀ ਚਾਹੀਦੀ ਹੈ। ਤੁਸੀਂ ਵੀ ਚਾਹੋਗੇ ਕਿ ਜਨਤਾ ਦੇ ਮਨ 'ਚੋਂ ਡਰ ਖਤਮ ਹੋਵੇ ਤੇ ਉਸ ਤੋਂ ਬਾਅਦ ਹੀ ਇਸ ਤਰ੍ਹਾਂ ਦੇ ਕਾਨੂੰਨਾਂ ਨੂੰ ਲਾਗੂ ਕੀਤਾ ਜਾਵੇ। ਤੁਸੀਂ ਵੀ ਜਾਣਦੇ ਹੋ ਕਿ ਇਸ ਕਾਨੂੰਨ ਨੂੰ ਇਕਦਮ ਲਾਗੂ ਕਰਨ ਦੀ ਕੋਈ ਕਾਹਲੀ ਨਹੀਂ ਹੈ। ਜੇ ਇਸ ਕਾਨੂੰਨ ਨੂੰ ਸਹੀ ਮੰਨ ਵੀ ਲਈਏ, ਤਾਂ ਵੀ ਇਸ ਨੂੰ ਦੋ ਸਾਲ, ਪੰਜ ਸਾਲ ਲਾਗੂ ਨਾ ਕਰਨ ਨਾਲ ਦੇਸ਼ ਦਾ ਕੋਈ ਵੱਡਾ ਨੁਕਸਾਨ ਹੋਣ ਵਾਲਾ ਨਹੀਂ ਹੈ।

ਇਸ ਲਈ ਮੈਂ ਤੁਹਾਨੂੰ ਇਹ ਬੇਨਤੀ ਕਰ ਰਿਹਾ ਹਾਂ ਕਿ ਦੇਸ਼ ਵਿੱਚ ਪੇਦਾ ਡਰ, ਖਦਸ਼ਾ, ਤਣਾਅ, ਪ੍ਰਤੀਰੋਧ ਅਤੇ ਘਾਣ ਦੇ ਮਾਹੌਲ ਨੂੰ ਦੇਖਦੇ ਹੋਏ ਤੁਸੀਂ ਨਾਗਰਿਕਤਾ ਦੇ ਸਾਰੇ ਮਾਮਲੇ 'ਤੇ ਕਿਸੇ ਵੀ ਕਾਰਵਾਈ ਨੂੰ ਇਕਦਮ ਰੋਕ ਦਿਓ। ਜੇ ਤੁਸੀਂ ਆਪਣੇ ਅਹੁਦੇ ਤੋਂ ਦੇਸ਼ ਦੀ ਜਨਤਾ ਨੂੰ ਸਪੱਸ਼ਟ ਭਰੋਸਾ ਦਿੰਦੇ ਹੋ ਤਾਂ ਤੁਹਾਡੀ ਸਰਕਾਰ ਜਨਤਾ ਨਾਲ ਗੱਲਬਾਤ ਕਰ ਕੇ ਇਸ ਮੁੱਦੇ 'ਤੇ ਇੱਕ ਰਾਏ ਬਣਾਏਗੀ ਤੇ ਉਸ ਨੂੰ ਲਾਗੂ ਕੀਤਾ ਜਾਵੇਗਾ ਤਾਂ ਇਕਦਮ ਦੇਸ਼ ਦਾ ਮਾਹੌਲ ਵਧੀਆ ਹੋਵੇਗਾ।

ਇਸ ਭਰੋਸੇ ਦਾ ਮਤਲਬ ਹੈ ਕਿ ਸਰਕਾਰ ਐਲਾਨੇ ਕਿ ਅਪ੍ਰੈਲ ਦੇ ਮਹੀਨੇ ਵਿੱਚ ਸ਼ੁਰੂ ਹੋ ਰਹੀ ਮਰਦਮ ਸ਼ੁਮਾਰੀ ਦੀ ਪ੍ਰਕਿਰਿਆ 'ਚੋਂ ਉਹ ਦੋ ਸਵਾਲ ਹਟਾ ਦਿੱਤੇ ਜਾਣਗੇ, ਜਿਨ੍ਹਾਂ ਬਾਰੇ ਨਾਗਰਿਕਤਾ ਦਾ ਡਰ ਹੈ ਭਾਵ ਕਿ ਰਾਸ਼ਟਰੀ ਆਬਾਦੀ ਰਜਿਸਟਰ ਵਿੱਚ ਇਹ ਨਵੇਂ ਸਵਾਲ ਨਹੀਂ ਜੋੜੇ ਜਾਣਗੇ, ਜੋ ਹਰ ਨਾਗਰਿਕ ਦੇ ਮਾਂ-ਪਿਓ ਦੇ ਜਨਮ ਸਥਾਨ ਅਤੇ ਜਨਮ ਦੀ ਤਰੀਕ ਪੁੱਛਦੇ ਹਨ। ਨਾਲ ਹੀ ਤੁਸੀਂ ਇਸ਼ਾਰੇ ਕਰਨ ਦੀ ਬਜਾਏ ਸਪੱਸ਼ਟ ਐਲਾਨ ਕਰੋ ਕਿ ਰਾਸ਼ਟਰੀ ਨਾਗਰਿਕ ਰਜਿਸਟਰ ਬਣਾਉਣ ਦੀ ਸਰਕਾਰ ਦੀ ਕੋਈ ਯੋਜਨਾ ਨਹੀਂ ਹੈ ਜਾਂ ਤੁਸੀਂ ਕੋਈ ਸਮਾਂ ਮਿਆਦ ਨਿਰਧਾਰਤ ਕਰ ਸਕਦੇ ਹੋ, ਉਦੋਂ ਤੱਕ ਸਰਕਾਰ ਇਸ ਰਜਿਸਟਰ 'ਤੇ ਕਾਰਵਾਈ ਨਹੀਂ ਕਰੇਗੀ। ਇਸ ਨੂੰ ਪੱਕਾ ਕਰਨ ਲਈ ਤੁਸੀਂ ਇਹ ਐਲਾਨ ਕਰ ਸਕਦੇ ਹੋ ਕਿ ਹਾਲਾਂਕਿ ਨਾਗਰਿਕਤਾ ਸੋਧ ਕਾਨੂੰਨ ਪਾਰਲੀਮੈਂਟ 'ਚ ਪਾਸ ਹੋ ਚੁੱਕਾ ਹੈ, ਉਸ 'ਤੇ ਰਾਸ਼ਟਰਪਤੀ ਦੇ ਦਸਤਖਤ ਹੋ ਚੁੱਕੇ ਹਨ, ਪਰ ਉਸ ਨੂੰ ਸਰਕਾਰ ਅਜੇ ਨੋਟੀਫਾਈ ਨਹੀਂ ਕਰੇਗੀ ਤਾਂ ਕਿ ਉਸ 'ਤੇ ਤੱਤਕਾਲ ਅਮਲ ਸ਼ੁਰੂ ਨਾ ਹੋਵੇ। ਉਸ ਦੇ ਲਈ ਵੀ ਤੁਸੀਂ ਕੋਈ ਸਮਾਂ ਮਿਆਦ ਐਲਾਨ ਸਕਦੇ ਹੋ।

ਪ੍ਰਧਾਨ ਮੰਤਰੀ ਜੀ ਕੁਝ ਮਹੀਨੇ ਪਹਿਲਾਂ ਹੀ ਇਸ ਦੇਸ਼ ਦੀ ਜਨਤਾ ਨੇ ਤੁਹਾਨੂੰ ਦੁਬਾਰਾ ਸੱਤਾ ਸੌਂਪੀ ਹੈ। ਮੇਰੇ ਵਰਗੇ ਵਿਰੋਧੀਆਂ ਦੀ ਗੱਲ ਨਾ ਸੁਣ ਕੇ ਜਨਤਾ ਨੇ ਤੁਹਾਡੇ 'ਚ ਭਰੋਸਾ ਪ੍ਰਗਟਾਇਆ ਹੈ। ਇਸ ਲਈ ਮੈਨੂੰ ਯਕੀਨ ਹੈ ਕਿ ਜੇ ਤੁਸੀਂ ਸਪੱਸ਼ਟ ਸ਼ਬਦਾਂ ਵਿੱਚ ਇਹ ਐਲਾਨ ਕਰੋਗੇ ਕਿ ਦੇਸ਼ ਵਿੱਚ ਅੱਜ ਜੋ ਖਦਸ਼ਾ ਅਤੇ ਤਣਾਅ ਦਾ ਮਾਹੌਲ ਹੈ, ਉਹ ਇਕਦਮ ਸੁਧਰ ਜਾਵੇਗਾ। ਮੈਨੂੰ ਇਹ ਵੀ ਯਕੀਨ ਹੈ ਕਿ ਆਪਣੇ ਅਹੁਦੇ ਦੀ ਸ਼ਾਨ ਨੂੰ ਦੇਖਦੇ ਹੋਏ ਤੁਸੀਂ ਅਜਿਹੀ ਹੋਰ ਕੋਈ ਟਿੱਪਣੀ ਨਹੀਂ ਕਰੋਗੇ, ਜਿਸ ਨਾਲ ਹਾਲਾਤ ਹੋਰ ਵਿਗੜਨ।

ਨੇਤਾ ਆਉਣਗੇ, ਜਾਣਗੇ ਪਾਰਟੀਆਂ ਚੋਣਾਂ ਜਿੱਤਣਗੀਆਂ-ਹਾਰਨੀਆਂ, ਪਰ ਦੇਸ਼ ਦਾ ਹਿੱਤ ਸਭ ਤੋਂ ਉਪਰ ਹੈ। ਮੈਨੂੰ ਯਕੀਨ ਹੈ ਕਿ ਤੁਸੀਂ ਦੇਸ਼ ਦੇ ਹਿੱਤ ਨੂੰ ਧਿਆਨ ਵਿੱਚ ਰੱਖਦੇ ਹੋਏ ਤੁਰੰਤ ਅਜਿਹਾ ਕੋਈ ਕਦਮ ਚੁੱਕੋਗੇ।



# ਖ਼ਬਰਾਂ ਪੰਜਾਬ ਦੀਆਂ

## ਖਹਿਰਾ ਨੂੰ ਇੱਕ ਹੋਰ ਮੌਕਾ, 31 ਜਨਵਰੀ ਤੱਕ ਜਵਾਬ ਦੇਣ ਲਈ ਕਿਹਾ

ਚੰਡੀਗੜ੍ਹ, 9 ਜਨਵਰੀ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਲਗੱਭਗ ਇੱਕ ਸਾਲ ਪਹਿਲਾਂ ਅਸਤੀਫਾ ਦੇ ਕੇ ਇਸ ਪਾਰਟੀ ਦੇ ਵਿਧਾਇਕ ਸੁਖਪਾਲ ਸਿੰਘ ਨੇ ਪੰਜਾਬ ਏਕਤਾ ਪਾਰਟੀ ਬਣਾ ਕੇ ਇਸ ਸਾਲ ਲੋਕ ਸਭਾ ਦੀ ਚੋਣ ਲੜੀ ਸੀ। ਇਸ ਦੇ ਬਾਅਦ ਉਸ ਦੀ ਵਿਧਾਨ ਸਭਾ ਮੈਂਬਰੀ ਦਾ ਮਾਮਲਾ ਅਜੇ ਲਟਕ ਰਿਹਾ ਹੈ। ਉਨ੍ਹਾਂ ਨੇ ਦਲ ਬਦਲੀ ਵਿਰੋਧੀ ਕਾਨੂੰਨ ਦੇ ਕਾਰਨ ਵਿਧਾਨ ਸਭਾ ਤੋਂ ਦਿੱਤਾ ਅਸਤੀਫ਼ਾ ਵਾਪਸ ਲੈ ਲਿਆ ਸੀ, ਪਰ ਵਿਧਾਇਕੀ ਤੋਂ ਅਯੋਗ ਠਹਿਰਾਉਣ ਦੀ ਪਟੀਸ਼ਨ ਅਜੇ ਵਿਚਾਲੇ ਲਟਕ ਰਹੀ ਹੈ। ਉਨ੍ਹਾਂ ਨੇ ਕੁਝ ਸਮਾਂ ਪਹਿਲਾਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣ ਕੇ ਪੀ ਸਿੰਘ ਤੋਂ ਆਪਣੇ ਬੇਟੇ ਦੇ ਵਿਆਹ ਵਿੱਚ ਮਸਰੂਫ਼ ਰਹਿਣ ਕਾਰਨ ਹੋਰ ਸਮਾਂ ਮੰਗ ਲਿਆ ਸੀ।

ਪਤਾ ਲੱਗਾ ਹੈ ਕਿ ਸਪੀਕਰ ਨੇ ਉਨ੍ਹਾਂ ਨੂੰ 31 ਜਨਵਰੀ ਤੱਕ ਸਮਾਂ ਦੇ ਦਿੱਤਾ ਹੈ। ਉਨ੍ਹਾਂ ਵਿਰੁੱਧ ਦਲਬਦਲੀ ਕਰਨ ਦੇ ਦੋਸ਼ ਵਿੱਚ ਤਿੰਨ ਪਟੀਸ਼ਨਾਂ ਅਜੇ ਬਕਾਇਆ ਹਨ, ਪਰ ਉਨ੍ਹਾਂ ਦੀਆਂ ਸਿਆਸੀ ਸਰਗਰਮੀਆਂ ਤੋਂ ਇਹ ਪ੍ਰਭਾਵ ਜਾਂਦਾ ਹੈ ਕਿ ਉਹ ਅੱਜ ਕੱਲ੍ਹ ਕੁਝ ਠੰਢੇ ਪਏ ਗਏ ਹਨ। ਇਸ ਦੌਰਾਨ ਬਾਗੀ ਅਕਾਲੀ ਆਗੂ ਪਰਮਿੰਦਰ ਸਿੰਘ ਢੀਂਡਸਾ। ਜੋ ਰਾਜ ਵਿਧਾਨ ਸਭਾ ਵਿੱਚ ਹਲਕਾ ਲਹਿਰਾ ਦੀ ਪ੍ਰਤੀਨਿਧਤਾ ਕਰਦੇ ਹਨ, ਨੇ ਆਪਣੇ ਪਿਤਾ ਸੁਖਦੇਵ ਸਿੰਘ ਢੀਂਡਸਾ ਮੈਂਬਰ ਰਾਜ ਸਭਾ ਦੇ ਨਾਲ ਖੜੇ ਹੋ ਕੇ ਪਿੱਛੇ ਜਿਹੇ ਅਕਾਲੀ ਵਿਧਾਇਕ ਦਲ ਦੇ ਪ੍ਰਧਾਨ ਵਜੋਂ ਅਸਤੀਫ਼ਾ ਦੇ ਦਿੱਤਾ ਸੀ ਪਰ ਉਨ੍ਹਾਂ ਦੀ ਥਾਂ 'ਤੇ ਸ਼ਰਨਜੀਤ ਸਿੰਘ ਵੱਲੋਂ ਨਵਾਂ ਲੀਡਰ ਚੁਣੇ ਜਾਣ ਬਾਰੇ ਅਜੇ ਤੱਕ ਸਪੀਕਰ ਨੂੰ ਲਿਖਤੀ ਜਾਣਕਾਰੀ ਨਹੀਂ ਦਿੱਤੀ ਗਈ।

## ਆਈ ਟੀ ਪਾਰਕ ਪ੍ਰੋਜੈਕਟ :

# ਪੰਜਾਬ ਸਰਕਾਰ ਆਪਣੇ ਵਿਧਾਇਕਾਂ ਲਈ ਆਲੀਸ਼ਾਨ ਫਲੈਟ ਲੈਣ ਲੱਗੀ

ਚੰਡੀਗੜ੍ਹ, 9 ਜਨਵਰੀ (ਪੋਸਟ ਬਿਊਰੋ)- ਚੰਡੀਗੜ੍ਹ ਹਾਊਸਿੰਗ ਬੋਰਡ ਵੱਲੋਂ ਆਈ ਟੀ ਪਾਰਕ ਵਿੱਚ ਆਲੀਸ਼ਾਨ ਫਲੈਟਾਂ ਦੀ ਉਸਾਰੀ ਕਰਵਾਈ ਜਾ ਰਹੀ ਹੈ, ਜਿਸ ਵਿੱਚ ਹਾਲੇ ਅਧਿਕਾਰੀਆਂ ਦੇ ਨਾਲ ਪੰਜਾਬ ਸਰਕਾਰ ਨੇ ਵਿਧਾਇਕਾਂ ਲਈ ਵੀ ਫਲੈਟ ਲੈਣ ਦੀ ਇੱਛਾ ਜਤਾਈ ਹੈ। ਪੰਜਾਬ ਸਰਕਾਰ ਨੇ ਵਿਧਾਇਕਾਂ ਲਈ ਦੋ ਟਾਵਰ ਬਣਾਉਣ ਦੀ ਮੰਗ ਚੰਡੀਗੜ੍ਹ ਯੂ ਟੀ ਨੂੰ ਭੇਜੀ ਹੈ, ਜਿਸ ਨੂੰ ਪੰਜਾਬ ਦੇ ਗਵਰਨਰ ਅਤੇ ਯੂ ਟੀ ਪ੍ਰਸ਼ਾਸਕ ਨੇ ਮਨਜ਼ੂਰ ਕਰ ਲਿਆ ਹੈ। ਇਸ ਤੋਂ ਇਲਾਵਾ ਪੰਜਾਬ, ਹਰਿਆਣਾ ਅਤੇ ਯੂ ਟੀ ਦੇ ਅਧਿਕਾਰੀਆਂ ਲਈ ਇਥੇ ਫਲੈਟ ਬਣਾਏ ਜਾਣੇ ਹਨ।

ਪਤਾ ਲੱਗਾ ਹੈ ਕਿ ਏਥੇ ਪੰਜਾਬ, ਹਰਿਆਣਾ ਅਤੇ ਯੂ ਟੀ ਪ੍ਰਸ਼ਾਸਨ ਨੇ 28-28 ਫਲੈਟ ਆਪਣੇ ਅਧਿਕਾਰੀਆਂ ਲਈ ਖਰੀਦਣੇ ਹਨ ਅਤੇ ਹਰ ਅਧਿਕਾਰੀ ਲਈ ਇਹ 1.75 ਕਰੋੜ ਰੁਪਏ ਵਿੱਚ ਪਵੇਗਾ। ਅੱਗੋਂ ਦੋ ਟਾਵਰਾਂ ਵਿੱਚ 56 ਫਲੈਟਸ ਪੰਜਾਬ ਦੇ ਵਿਧਾਇਕਾਂ ਲਈ ਬਣਨਗੇ। ਇਸ ਸੰਬੰਧ ਵਿੱਚ ਸੀ ਐੱਚ ਬੀ (ਚੰਡੀਗੜ੍ਹ ਹਾਊਸਿੰਗ ਬੋਰਡ)ਦੇ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਪੰਜਾਬ ਨੇ ਅਧਿਕਾਰੀਆਂ ਤੋਂ ਬਾਅਦ ਆਪਣੇ ਵਿਧਾਇਕਾਂ ਲਈ ਵੀ ਫਲੈਟ ਬਣਵਾਉਣ ਵਾਸਤੇ ਉਨ੍ਹਾਂ ਕੋਲ ਬੇਨਤੀ ਭੇਜੀ ਸੀ, ਜਿਸ ਨੂੰ ਯੂ ਟੀ ਪ੍ਰਸ਼ਾਸਕ ਨੇ ਮਨਜ਼ੂਰ ਕਰ ਦਿੱਤਾ ਹੈ। ਉਹ ਅੱਗੇ ਇਸ 'ਤੇ ਕੰਮ ਸ਼ੁਰੂ ਕਰ ਦੇਣਗੇ। ਇਹ ਆਲੀਸ਼ਾਨ ਫਲੈਟ ਹੋਣਗੇ, ਕਿਉਂਕਿ ਇਸ ਬੈਸਟ ਡਿਜ਼ਾਈਨ ਲਈ ਬੋਰਡ ਵੱਲੋਂ ਡਿਜ਼ਾਈਨ ਮੁਕਾਬਲਾ ਵੀ ਕਰਾਇਆ ਜਾਣਾ ਹੈ। ਪਤਾ ਲੱਗਾ ਹੈ ਕਿ ਬੋਰਡ ਨੇ 6.73 ਏਕੜ ਏਰੀਏ ਵਿੱਚ ਅਧਿਕਾਰੀਆਂ ਲਈ ਫਲੈਟ



ਬਣਵਾਉਣੇ ਹਨ। ਇੱਕ ਟਾਵਰ ਵਿੱਚ 27 ਫਲੈਟ ਅਧਿਕਾਰੀਆਂ ਲਈ ਹੋਣਗੇ, 28 ਇਕਨਾਮਿਕ ਵੀਕਰ ਸੈਕਸ਼ਨ (ਈ ਡਬਲਯੂ ਐੱਸ) ਫਲੈਟ ਦੂਜੇ ਟਾਵਰ ਵਿੱਚ ਅਤੇ ਨਾਲ ਸਰਵੈਂਟ ਕੁਆਰਟਰ ਹੋਣਗੇ। ਇਸ ਤਰ੍ਹਾਂ ਤਿੰਨਾਂ ਨੂੰ 28-28 ਫਲੈਟਾਂ ਲਈ ਟੈਕਸ ਸਮੇਤ ਕੁਲ ਰਾਸ਼ੀ 66 ਕਰੋੜ ਰੁਪਏ ਪਵੇਗੀ। ਐੱਮ ਐੱਲ ਏ ਫਲੈਟਾਂ ਦੀ ਉਸਾਰੀ ਵੀ ਇਸੇ ਤਰ੍ਹਾਂ ਕਰਵਾਈ ਜਾ ਰਹੀ ਹੈ।

ਵਰਨਣ ਯੋਗ ਹੈ ਕਿ ਪੰਜਾਬ ਸਰਕਾਰ ਕੋਲ ਇਸ ਸਮੇਂ ਐੱਮ ਐੱਲ ਏ ਲਈ ਫਲੈਟਾਂ ਦੀ ਘਾਟ ਹੈ। ਇਹੀ ਕਾਰਨ ਹੈ ਕਿ ਐੱਮ ਐੱਲ ਏ ਹੋਸਟਲ ਵਿੱਚ ਕਈ ਐੱਮ ਐੱਲ ਏ ਨੂੰ ਰੋਕਿਆ ਜਾਂਦਾ ਹੈ, ਪਰ ਇਹ ਫਲੈਟ ਬਣਨ ਪਿੱਛੋਂ ਉਨ੍ਹਾਂ ਨੂੰ ਇਥੇ ਫਲੈਟ ਅਲਾਟ ਕੀਤੇ ਜਾ ਸਕਣਗੇ। ਮਿਲੀ ਜਾਣਕਾਰੀ ਅਨੁਸਾਰ ਅਫਸਰਾਂ ਲਈ ਬਣਨ ਵਾਲੇ ਹਰ ਫਲੈਟ 'ਚ ਚਾਰ ਬੈੱਡਰੂਮ ਅਤੇ ਇੱਕ ਸਰਵੈਂਟ ਕੁਆਰਟਰ ਹੋਵੇਗਾ। ਬੋਰਡ ਦੇ ਅਧਿਕਾਰੀਆਂ ਅਨੁਸਾਰ ਤਿੰਨੇ ਫਲੈਟ ਖਰੀਦਣ ਲਈ ਰਾਜ਼ੀ ਹਨ, ਇਸ ਲਈ ਉਨ੍ਹਾਂ ਨੇ ਡਰਾਇੰਗ ਦਾ ਕੰਮ ਸ਼ੁਰੂ ਕਰ ਦਿੱਤਾ ਹੈ, ਜਦੋਂ ਅਮਾਊਂਟ ਡਿਪਾਜ਼ਟ ਹੋ ਗਈ ਤਾਂ ਉਸਾਰੀ ਦਾ ਕੰਮ ਸ਼ੁਰੂ ਹੋਵੇਗਾ। ਪਹਿਲਾਂ ਸਾਲ 2006 ਵਿੱਚ ਸੀ ਐੱਚ ਬੀ ਨੇ ਇਹ 123 ਏਕੜ ਜ਼ਮੀਨ ਪਾਸ਼ਰਵਨਾਥ ਡਿਵੈਲਪਰਜ਼ ਲਿਮਟਿਡ ਬਿਲਡਰ ਨੂੰ ਅਲਾਟ ਕੀਤੀ ਸੀ, ਪਰ ਕੁਝ ਕਾਰਨਾਂ ਕਰ ਕੇ ਬਿਲਡਰ ਇਸ ਜ਼ਮੀਨ ਨੂੰ ਡਿਵੈਲਪ ਨਹੀਂ ਕਰ ਸਕੇ ਅਤੇ ਉਸ ਨੇ ਆਪਣੇ ਪੈਸੇ ਵਾਪਸ ਮੰਗਣੇ ਸ਼ੁਰੂ ਕਰ ਦਿੱਤੇ। ਉਸ ਤੋਂ ਬਾਅਦ ਬਿਲਡਰ ਕੋਰਟ ਚਲਿਆ ਗਿਆ। 2015 'ਚ ਸੀ ਐੱਚ ਬੀ ਨੇ ਬਿਲਡਰ ਨੂੰ 527 ਕਰੋੜ ਰੁਪਏ ਵਾਪਸ ਕਰ ਕੇ ਜ਼ਮੀਨ ਵਾਪਸ ਲੈ ਲਈ। ਆਈ ਟੀ ਪਾਰਕ ਦੀ ਬਹੁ ਕੀਮਤੀ ਜ਼ਮੀਨ ਦਾ ਅੰਦਾਜ਼ਾ ਏਥੋਂ ਲੱਗ ਸਕਦਾ ਹੈ ਕਿ ਇਥੇ 8.23 ਏਕੜ ਜ਼ਮੀਨ ਦੀ ਹਸਪਤਾਲ ਸਾਈਟ ਦਾ ਲੀਜ਼ ਹੋਲਡ ਬੇਸ 'ਤੇ ਰਿਜ਼ਰਵ ਪ੍ਰਾਈਜ਼ 344.3 ਕਰੋੜ ਰੁਪਏ ਰੱਖੀ ਗਈ ਸੀ। ਰੈਜ਼ੀਡੈਂਸ਼ੀਅਲ ਪਲਾਟ ਨੂੰ ਫ੍ਰੀ ਹੋਲਡ ਬੇਸ 'ਤੇ ਨੀਲਾਮ ਕੀਤਾ ਜਾਣਾ ਤੈਅ ਹੋਇਆ ਸੀ। 4.55 ਏਕੜ ਦੇ ਪਲਾਟ ਦਾ ਰਿਜ਼ਰਵ ਪ੍ਰਾਈਜ਼ 181.39 ਕਰੋੜ ਰੁਪਏ ਮਿਥਿਆ ਗਿਆ ਸੀ। ਹਾਲੇ ਤੱਕ ਸਭ ਤੋਂ ਮਹਿੰਗੀ ਡੀਲ ਇਸ ਨੂੰ ਕਿਹਾ ਜਾ ਰਿਹਾ ਸੀ, ਇਸ ਦੇ ਬਾਵਜੂਦ ਕਿਸੇ ਵੀ ਖਰੀਦਦਾਰ ਨੇ ਰੁਚੀ ਨਹੀਂ ਵਿਖਾਈ, ਬਾਅਦ ਵਿੱਚ ਸੀ ਐੱਚ ਬੀ ਨੇ ਪੰਜਾਬ ਅਤੇ ਹਰਿਆਣਾ ਸਰਕਾਰ ਸਾਹਮਣੇ ਉਨ੍ਹਾਂ ਲਈ ਫਲੈਟ ਬਣਾਉਣ ਦਾ ਇਹ ਪ੍ਰਸਤਾਵ ਰੱਖਿਆ ਸੀ।

# 40 ਲੱਖ ਦੇਣ ਤੋਂ ਮੁਕਰਨ ਤੇ ਧਮਕੀਆਂ ਤੋਂ ਪ੍ਰੇਸ਼ਾਨ ਫਾਈਨੈਂਸਰ ਨੇ ਖੁਦਕੁਸ਼ੀ ਕਰ ਲਈ

ਲੁਧਿਆਣਾ, 9 ਜਨਵਰੀ (ਪੋਸਟ ਬਿਊਰੋ)- ਫਾਈਨੈਂਸਰ ਦੇ ਕੋਲੋਂ ਵਿਆਜ ਉੱਤੇ ਲਏ ਚਾਲੀ ਲੱਖ ਰੁਪਏ ਮੋੜਨ ਦੀ ਥਾਂ ਦੋਸ਼ੀਆਂ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਉਸ ਨੂੰ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਜਦ ਫਾਈਨੈਂਸਰ ਨੇ ਇਸ ਬਾਰੇ ਪੁਲਸ ਨੂੰ ਸ਼ਿਕਾਇਤ ਕੀਤੀ ਤਾਂ ਦੋਸ਼ੀਆਂ ਨੇ ਉਥੇ ਰਾਜ਼ੀਨਾਮਾ ਕਰ ਕੇ ਜਲਦੀ ਰੁਪਏ ਮੋੜਨ ਦੀ ਗੱਲ ਕਹੀ, ਪਰ ਪੰਜ ਜਨਵਰੀ ਨੂੰ ਇਨ੍ਹਾਂ ਨੇ ਫਿਰ ਇੱਕ ਸਾਥੀ ਨਾਲ ਮਿਲ ਕੇ ਫਾਈਨੈਂਸਰ ਨੂੰ ਬੇਇੱਜ਼ਤ ਕੀਤਾ ਤੇ ਧਮਕੀਆਂ ਦਿੱਤੀਆਂ। ਇਸ ਤੋਂ ਪਰੇਸ਼ਾਨ ਹੋ ਕੇ ਫਾਈਨੈਂਸਰ ਨੇ ਜ਼ਹਿਰੀਲਾ ਪਦਾਰਥ ਨਿਗਲ ਲਿਆ। ਉਸ ਨੂੰ ਡੀ ਐੱਮ ਸੀ ਹਸਪਤਾਲ ਦਾਖਲ ਕਰਾਇਆ ਗਿਆ, ਜਿੱਥੇ ਉਸ ਦੀ ਇਲਾਜ ਦੌਰਾਨ ਮੌਤ ਹੋ ਗਈ।

ਥਾਣਾ ਡੇਹਲੋਂ ਦੀ ਪੁਲਸ ਨੇ ਇਸ ਬਾਰੇ ਦੋਸ਼ੀਆਂ ਦੇ ਖਿਲਾਫ ਖੁਦਕੁਸਲੀ ਲਈ ਉਕਸਾਉਣ ਦਾ ਮਾਮਲਾ ਦਰਜ ਕਰ ਲਿਆ ਹੈ। ਦੋਸ਼ੀਆਂ ਦੀ ਪਛਾਣ ਗੁਰਮੇਲ ਸਿੰਘ, ਅਮਰਜੀਤ ਸਿੰਘ ਅਤੇ ਰਾਜੂ ਵਜੋਂ ਹੋਈ ਹੈ, ਪਰ ਅਜੇ ਤੱਕ ਕਿਸੇ ਦੀ ਗ੍ਰਿਫਤਾਰੀ ਨਹੀਂ ਹੋਈ। ਪੁਲਸ ਨੇ ਇਹ ਕੇਸ ਮ੍ਰਿਤਕ ਫਾਈਨੈਂਸਰ ਸੁਰਿੰਦਰ ਪਾਲ ਦੀ ਪਤਨੀ ਜਸਵੀਰ ਕੌਰ ਦੇ ਬਿਆਨਾਂ 'ਤੇ ਦਰਜ ਕੀਤਾ ਹੈ। ਜਸਵੀਰ ਕੌਰ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਦੋ ਬੱਚੇ ਹਨ। ਦੋਵੇਂ ਵਿਆਹੇ ਹੋਏ ਹਨ ਤੇ ਕੈਨੇਡਾ ਵਿੱਚ ਰਹਿੰਦੇ ਹਨ। ਉਸ ਦੇ ਪਤੀ ਫਾਈਨੈਂਸ ਦਾ ਕੰਮ ਕਰਦੇ ਹਨ। ਉਨ੍ਹਾਂ ਦੀ ਆਲਮਗੀਰ ਮੋਟਰ ਫਾਈਨੈਂਸ ਕੰਪਨੀ, ਗਿੱਲ ਚੌਕ ਵਿੱਚ ਹੈ। ਉਸ ਨੇ ਦੱਸਿਆ ਕਿ ਉਨ੍ਹਾਂ ਦੀ ਕੰਪਨੀ ਤੋਂ ਸਾਲ 2010 ਤੋਂ ਅਮਰਜੀਤ ਸਿੰਘ ਤੇ ਗੁਰਮੇਲ ਸਿੰਘ ਦੋਵਾਂ ਭਰਾਵਾਂ ਨੇ ਕਈ ਵਾਰ ਰੁਪਏ ਲਏ ਅਤੇ ਪੰਜ-ਛੇ ਸਾਲ ਵਿੱਚ ਬਿਨਾਂ ਵਿਆਜ ਦੇ ਇਹ ਰਕਮ ਵਧ ਕੇ



ਚਾਲੀ ਲੱਖ ਰੁਪਏ ਹੋ ਗਈ। ਇਨ੍ਹਾਂ ਨੇ ਵਾਅਦਾ ਕੀਤਾ ਕਿ ਉਹ ਆਪਣੀ ਜ਼ਮੀਨ ਵੇਚ ਕੇ ਜਲਦੀ ਉਨ੍ਹਾਂ ਦੇ ਪੈਸੇ ਮੋੜ ਦੇਣਗੇ, ਪਰ ਉਨ੍ਹਾਂ ਨੇ ਨਾ ਜ਼ਮੀਨ ਵੇਚੀ ਅਤੇ ਨਾ ਉਨ੍ਹਾਂ ਦੇ ਰੁਪਏ ਵਾਪਸ ਕੀਤੇ। ਜਸਵੀਰ ਕੌਰ ਦਾ ਕਹਿਣਾ ਹੈ ਕਿ ਫਿਰ ਇਨ੍ਹਾਂ ਦੋਵਾਂ ਦਾ ਇੱਕ ਹਮਾਇਤੀ ਰਾਜੂ ਆਇਆ ਅਤੇ ਉਸ ਦੇ ਪਤੀ ਨੂੰ ਧਮਕੀਆਂ ਦੇਣੀਆਂ ਸ਼ੁਰ ਕਰ ਦਿੱਤੀਆਂ। ਇਸ ਦੇ ਬਾਅਦ ਉਸ ਦੇ ਪਤੀ ਨੇ ਥਾਣਾ ਡੇਹਲੋਂ ਵਿੱਚ ਦਰਖਾਸਤ ਦਿੱਤੀ, ਜਿਸ 'ਤੇ ਇਨ੍ਹਾਂ ਨੇ ਥਾਣੇ ਵਿੱਚ ਰਾਜ਼ੀਨਾਮਾ ਕਰ ਲਿਆ ਅਤੇ ਜਲਦੀ ਰੁਪਏ ਦੇਣ ਦੀ ਗੱਲ ਕਹੀ। ਪੰਜ ਜਨਵਰੀ ਨੂੰ ਦੋਸ਼ੀਆਂ ਨੇ ਉਸ ਦੇ ਪਤੀ ਨਾਲ ਗਾਲੀ ਗਲੌਚ ਕੀਤਾ ਅਤੇ ਧਮਕੀਆਂ ਦਿੱਤੀਆਂ। ਉਨ੍ਹਾਂ ਨੇ ਸਾਫ ਕਿਹਾ ਕਿ ਉਹ ਉਸ ਦੇ ਰੁਪਏ ਨਹੀਂ ਮੋੜਨਗੇ। ਉਸ ਰਾਤ ਨੂੰ ਉਸ ਦੇ ਪਤੀ ਘਰ ਆਏ ਤਾਂ ਬਹੁਤ ਪ੍ਰੇਸ਼ਾਨ ਸਨ।

ਜਸਵੀਰ ਕੌਰ ਦੇ ਮੁਤਾਬਕ ਸੁਰਿੰਦਰ ਪਾਲ ਨੇ ਉਸ ਨੂੰ ਦੱਸਿਆ ਕਿ ਤਿੰਨੇ ਨੇ ਮਿਲ ਕੇ ਉਸ ਦੀ ਬਹੁਤ ਬੇਇੱਜ਼ਤੀ ਕੀਤੀ। ਉਸ ਨੇ ਕਿਹਾ ਕਿ ਅਜਿਹੀ ਬੇਇੱਜ਼ਤੀ ਤੋਂ ਮਰਨਾ ਬਿਹਤਰ ਹੈ। ਉਸ ਨੇ ਆਪਣੇ ਪਤੀ ਨੂੰ ਸਮਝਾਇਆ। ਇਸ ਦੇ ਬਾਅਦ ਉਹ ਸੌਂ ਗਏ। ਰਾਤ ਤਕਰੀਬਨ ਤਿੰਨ ਵਜੇ ਉਸ ਦੇ ਪਤੀ ਨੇ ਉਠ ਕੇ ਬਾਥਰੂਮ ਗਏ। ਕੁਝ ਦੇਰ ਬਾਅਦ ਵਾਪਸ ਆਏ ਤਾਂ ਮੂੰਹ 'ਚੋਂ ਝੱਗ ਨਿਕਲ ਰਹੀ ਸੀ। ਉਨ੍ਹਾਂ ਨੇ ਕਿਹਾ ਕਿ ਮੈਂ ਜਾ ਰਿਹਾ ਹਾਂ, ਤੂੰ ਆਪਣਾ ਖਿਆਲ ਰੱਖਣਾ।

## ਗਲੀ ਵਿੱਚ ਝਗੜ ਰਹੇ ਜੋੜੇ ਵਿੱਚੋਂ ਪਤੀ ਨੂੰ ਰਾਹ ਜਾਂਦੇ ਨੌਜਵਾਨ ਨੇ ਗੋਲੀ ਮਾਰ ਦਿੱਤੀ

ਜਲੰਧਰ, 9 ਜਨਵਰੀ (ਪੋਸਟ ਬਿਊਰੋ)- ਗੋਪਾਲ ਨਗਰ ਦੇ ਇਲੈਕਟ੍ਰੀਸ਼ੀਅਨ ਪ੍ਰਹਿਲਾਦ ਅਤੇ ਉਸ ਦੀ ਪਤਨੀ ਕਿਰਨ ਦੇ ਝਗੜੇ ਦੌਰਾਨ ਉਥੋਂ ਜਾਂਦੇ ਇੱਕ ਨੌਜਵਾਨ ਪ੍ਰਹਿਲਾਦ 'ਤੇ ਗੋਲੀ ਚਲਾ ਦਿੱਤੀ। ਇੱਕ ਗੋਲੀ ਪ੍ਰਹਿਲਾਦ ਦੇ ਪੈਰ ਵਿੱਚ ਲੱਗੀ ਅਤੇ ਦੂਸਰੀ ਗੋਲੀ ਉਸ ਦੇ ਨੇੜਿਉਂ ਨਿਕਲ ਗਈ। ਥਾਣਾ ਡਵੀਜ਼ਨ ਨੰਬਰ ਦੋ ਦੀ ਪੁਲਸ ਨੇ ਪ੍ਰਹਿਲਾਦ ਨੂੰ ਹਸਪਤਾਲ ਦਾਖਲ ਕਰਾਇਆ ਅਤੇ ਦੋਸ਼ੀ ਗੁਰਦੀਪ ਸਿੰਘ ਨੂੰ ਗ੍ਰਿਫਤਾਰ ਕਰ ਕੇ ਉਸ ਦੇ ਖਿਲਾਫ ਕਤਲ ਦੀ ਕੋਸ਼ਿਸ਼ ਦਾ ਕੇਸ ਦਰਜ ਕਰ ਲਿਆ ਹੈ। ਡੀ ਸੀ ਪੀ ਬਲਕਾਰ ਸਿੰਘ ਨੇ ਸਿਵਲ ਹਸਪਤਾਲ ਪਹੁੰਚ ਕੇ ਜ਼ਖਮੀ ਦਾ ਹਾਲ ਪੁੱਛਿਆ ਅਤੇ ਘਟਨਾ ਦੀ ਜਾਣਕਾਰੀ ਲਈ। ਏ ਸੀ ਪੀ ਹਰਸਿਮਰਤ ਸਿੰਘ ਨੇ ਦੱਸਿਆ ਕਿ ਪ੍ਰਹਿਲਾਦ ਅਤੇ ਉਸ ਦੀ ਪਤਨੀ ਕਿਰਨ ਦਾ ਅਕਸਰ ਝਗੜਾ ਹੁੰਦਾ ਹੈ। ਕੱਲ੍ਹ ਸਵੇਰੇ ਵੀ ਦੋਵਾਂ ਦਾ ਝਗੜਾ ਹੋ ਰਿਹਾ ਸੀ ਤੇ ਦੋਵੇਂ ਲੜਦੇ-ਲੜਦੇ ਗਲੀ ਵਿੱਚ ਨਿਕਲ ਆਏ। ਇਸ ਦੌਰਾਨ ਉਥੋਂ ਗੁਰਦੀਪ ਆਪਣੀ ਬਾਈਕ 'ਤੇ ਨਿਕਲ ਰਿਹਾ ਸੀ। ਦੋਵਾਂ ਨੂੰ ਲੜਦੇ ਦੇਖ ਕੇ ਉਨ੍ਹਾਂ ਦੇ ਕੋਲ ਆਇਆ ਅਤੇ ਕਿਰਨ ਨੂੰ ਕਹਿਣ ਲੱਗਾ ਕਿ ਉਹ ਉਸ ਨਾਲ ਚੱਲੇ ਅਤੇ ਥਾਣੇ ਵਿੱਚ ਪ੍ਰਹਿਲਾਦ ਦੇ ਖਿਲਾਫ ਸ਼ਿਕਾਇਤ ਦੇਵੇ। ਕਿਰਨ ਨੇ ਮਨ੍ਹਾ ਕੀਤਾ ਤਾਂ ਉਹ ਪ੍ਰਹਿਲਾਦ ਨਾਲ ਬਹਿਸ ਕਰਨ ਲੱਗਾ। ਇਸ ਮੌਕੇ ਦੋਵਾਂ ਦੀ ਹੱਥੋਪਾਈ ਹੋ ਗਈ। ਭੜਕੇ ਗੁਰਦੀਪ ਨੇ ਆਪਣੀ ਲਾਇਸੈਂਸੀ ਰਿਵਾਲਵਰ ਨਾਲ ਪ੍ਰਹਿਲਾਦ 'ਤੇ ਗੋਲੀ ਚਲਾ ਦਿੱਤੀ ਅਤੇ ਫਿਰ ਫਰਾਰ ਹੋਣ ਲੱਗਾ ਤਾਂ ਲੋਕਾਂ ਨੇ ਉਸ ਨੂੰ ਕਾਬੂ ਕਰ ਲਿਆ। ਇਲੈਕਟ੍ਰੀਸ਼ੀਅਨ ਨੂੰ ਗੋਲੀ ਮਾਰਨ ਦਾ ਦੋਸ਼ੀ ਗੁਰਦੀਪ ਬਲਾਤਕਾਰ ਦੇ ਕੇਸ ਵਿੱਚ ਜੇਲ੍ਹ ਜਾ ਚੁੱਕਾ ਹੈ।

# ਬੇਅਦਬੀ ਮਾਮਲੇ ਵਿਚ ਸੀ ਬੀ ਆਈ ਵੱਲੋਂ ਸੀਲਬੰਦ ਲਿਫ਼ਾਫ਼ੇ 'ਚ ਰਿਪੋਰਟ ਪੇਸ਼


ਮੁਹਾਲੀ, 9 ਜਨਵਰੀ (ਪੋਸਟ ਬਿਊਰੋ)- ਬੇਅਦਬੀ ਮਾਮਲਿਆਂ ਬਾਰੇ ਕੇਸ ਦੀ ਸੁਣਵਾਈ ਕੱਲ੍ਹ ਇਥੇ ਸੀ ਬੀ ਆਈ ਦੇ ਵਿਸ਼ੇਸ਼ ਜੱਜ ਜੀ ਐਸ ਸੇਖੋਂ ਦੀ ਅਦਾਲਤ ਵਿੱਚ ਹੋਈ ਤਾਂ ਸੀ ਬੀ ਆਈ ਨੇ ਬਿਨਾਂ ਅਦਾਲਤੀ ਹੁਕਮਾਂ ਦੇ ਆਪਣੇ ਪੱਧਰ 'ਤੇ ਨਵੇਂ ਸਿਰਿਓਂ ਕੀਤੀ ਜਾਂਚ ਬਾਰੇ ਸਟੇਟਸ ਰਿਪੋਰਟ ਪੇਸ਼ ਕਰ ਕੇ ਅਦਾਲਤ ਨੂੰ ਅਪੀਲ ਕੀਤੀ ਤਿ ਜਦੋਂ ਤੱਕ ਸੀ ਬੀ ਆਈ ਦੀ ਜਾਂਚ ਚੱਲ ਰਹੀ ਹੈ, ਇਸ ਰਿਪੋਰਟ ਨੂੰ ਨਾ ਖੋਲ੍ਹਿਆ ਜਾਵੇ। ਉਨ੍ਹਾਂ ਸ਼ੱਕ ਜਤਾਇਆ ਕਿ ਰਿਪੋਰਟ ਜਨਤਕ ਹੋਣ ਨਾਲ ਸੀ ਬੀ ਆਈ ਦੀ ਜਾਂਚ ਪ੍ਰਭਾਵਿਤ ਹੋ ਸਕਦੀ ਹੈ। ਰਿਪੋਰਟ ਵਿੱਚ ਕਲੋਜ਼ਰ ਰਿਪੋਰਟ ਪੇਸ਼ ਹੋਣ ਤੋਂ ਬਾਅਦ ਅੱਜ ਤੱਕ ਦੀ ਸੀ ਬੀ ਆਈ ਦੀ ਕਾਰਵਾਈ ਦਾ ਬਿਊਰਾ ਦਰਜ ਹੈ।

ਇਸ ਬਾਰੇ ਸ਼ਿਕਾਇਤ ਕਰਤਾਵਾਂ ਦੇ ਵਕੀਲਾਂ, ਸੀ ਬੀ ਆਈ ਅਤੇ ਸਰਕਾਰੀ ਵਕੀਲ ਦੀ ਭਖ਼ਵੀਂ ਬਹਿਸ ਹੋਈ। ਕੇਸ ਦੀ ਅਗਲੀ ਸੁਣਵਾਈ 26 ਫਰਵਰੀ ਨੂੰ ਹੋਵੇਗੀ। ਪੰਜਾਬ ਸਰਕਾਰ ਨੇ ਸਰਕਾਰੀ ਵਕੀਲ ਸੰਜੀਵ




ਬੱਤਰਾ ਰਾਹੀਂ ਸੀ ਬੀ ਆਈ ਰਿਪੋਰਟ 'ਤੇ ਸਖ਼ਤ ਇਤਰਾਜ਼ ਕਰਦਿਆਂ ਕਿਹਾ ਕਿ ਇੱਕ ਪਾਸੇ ਸੀ ਬੀ ਆਈ ਅਦਾਲਤ ਵਿੱਚ ਅਰਜ਼ੀ ਦਾਇਰ ਕਰ ਕੇ ਨਵੇਂ ਸਿਰਿਓ ਜਾਂਚ ਦੀ ਪ੍ਰਵਾਨਗੀ ਮੰਗ ਰਹੀ ਹੈ, ਦੂਜੇ ਪਾਸੇ ਅਦਾਲਤ ਦੇ ਹੁਕਮਾਂ ਤੋਂ ਬਿਨਾਂ ਹੀ ਆਪਣੇ ਪੱਧਰ 'ਤੇ ਪੜਤਾਲ ਕਰਕੇ ਰਿਪੋਰਟ ਪੇਸ਼ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸੀਲਬੰਦ ਲਿਫ਼ਾਫ਼ੇ ਵਿੱਚ ਰਿਪੋਰਟ ਪੇਸ਼ ਕਰਨ ਦੀ ਕੋਈ ਤੁੱਕ ਨਹੀਂ ਬਣਦੀ। ਸਰਕਾਰੀ ਵਕੀਲ ਨੇ ਸੀ ਬੀ ਆਈ ਦੀ ਰਿਪੋਰਟ ਜਨਤਕ ਕਰਨ ਦੀ ਗੁਹਾਰ ਲਾਈ। ਸ਼ਿਕਾਇਤ ਕਰਤਾਵਾਂ ਦੇ ਵਕੀਲ ਗਗਨ ਪ੍ਰਦੀਪ ਸਿੰਘ ਬੱਲ ਨੇ ਰਿਪੋਰਟ ਦਾ ਸਖ਼ਤ ਵਿਰੋਧ ਕਰਦਿਆਂ ਕਿਹਾ ਕਿ ਸੀ ਬੀ ਆਈ ਨੂੰ ਜਾਂਚ ਦਾ ਕੋਈ ਅਧਿਕਾਰ ਨਹੀਂ। ਇਸ ਦੇ ਜਵਾਬ ਵਿੱਚ ਸੀ ਬੀ ਆਈ ਅਧਿਕਾਰੀਆਂ ਨੇ ਕਿਹਾ ਕਿ ਜੇ ਅਦਾਲਤ ਨੇ ਨਵੇਂ ਸਿਰਿਓਂ ਜਾਂਚ ਦੀ ਪ੍ਰਵਾਨਗੀ ਨਹੀਂ ਦਿੱਤੀ ਤਾਂ ਅਦਾਲਤ ਨੇ ਸੀ ਬੀ ਆਈ ਨੂੰ ਮਨ੍ਹਾਂ ਵੀ ਨਹੀਂ ਕੀਤਾ। ਪਿਛਲੀ ਤਰੀਕ 'ਤੇ ਅਦਾਲਤ ਨੇ ਸੀ ਬੀ ਆਈ ਨੂੰ ਸਟੇਟਸ ਰਿਪੋਰਟ ਦੇਣ ਦੇ ਆਦੇਸ਼ ਜਾਰੀ ਕੀਤੇ ਸਨ।

## ਬਿਜਲੀ ਚੋਰ ਦੱਸ ਕੇ 1.43 ਲੱਖ ਦਾ ਨੋਟਿਸ ਭੇਜਿਆ, ਪਾਵਰਕਾਮ ਜੁਰਮਾਨਾ ਵਾਪਸ ਕਰੇਗਾ



ਬਠਿੰਡਾ, 9 ਜਨਵਰੀ (ਪੋਸਟ ਬਿਊਰੋ)- ਆਪਣੇ ਨਿਯਮਾਂ ਦੇ ਖਿਲਾਫ ਜਾ ਕੇ ਇੱਕ ਕਿਸਾਨ 'ਤੇ ਪਾਏ ਬਿਜਲੀ ਚੋਰੀ ਦੇ ਝੂਠੇ ਕੇਸ ਵਿੱਚ ਪਾਵਰਕਾਮ ਫੜੀ ਗਈ ਬਿਜਲੀ ਚੋਰੀ ਨੂੰ ਅਦਾਲਤ ਵਿੱਚ ਸਾਬਿਤ ਨਹੀਂ ਕਰ ਸਕਿਆ। ਇਸ ਦੇ ਬਾਅਦ ਅਦਾਲਤ ਨੇ ਖਪਤਕਾਰ ਦੇ ਹੱਕ ਵਿੱਚ ਫੈਸਲਾ ਦੇਂਦੇ ਹੋਏ ਬਿਜਲੀ ਚੋਰੀ ਨੂੰ ਰੱਦ ਕਰ ਕੇ ਉਸ ਨੂੰ ਭੇਜੇ ਗਏ 1.43 ਲੱਖ ਜੁਰਮਾਨਾ ਰਾਸ਼ੀ ਨੂੰ ਰੱਦ ਕਰਨ ਦੇ ਹੁਕਮ ਦਿੱਤੇ ਹਨ।

ਸੁਖਮੰਦਰ ਸਿੰਘ ਪਿੰਡ ਸੇਲਬਰਾਹ, ਜ਼ਿਲਾ ਬਠਿੰਡਾ ਨੇ ਆਪਣੇ ਵਕੀਲ ਅਸ਼ੋਕ ਗੁਪਤਾ ਦੇ ਜ਼ਰੀਏ ਅਦਾਲਤ ਵਿੱਚ ਪਾਵਰਕਾਮ ਦੇ ਅਧਿਕਾਰੀਆਂ ਨੂੰ ਪਾਰਟੀ ਬਣਾ ਕੇ ਕਿਹਾ ਸੀ ਕਿ ਉਸ ਨੇ ਸਰਕਾਰ ਵੱਲੋਂ ਕਿਸਾਨਾਂ ਨੂੰ ਦਿੱਤੇ ਜਾਂਦੇ ਮੁਫਤ ਟਿਊਬਵੈੱਲ ਕੁਨੈਕਸ਼ਨ ਹੇਠ ਆਪਣੇ ਖੇਤ ਵਿੱਚ ਇੱਕ ਟਿਊਬਵੈਲ ਕੁਨੈਕਸ਼ਨ ਲਾਇਆ ਹੋਇਆ ਸੀ। 14 ਜੁਲਾਈ 2012 ਨੂੰ ਪਾਵਰਕਾਮ ਤੋਂ ਉਸ ਨੂੰ ਇੱਕ ਦੇ ਤਹਿਤ 1,43,760 ਰੁਪਏ ਅਤੇ 25,000 ਰੁਪਏ ਕੰਪਾਊਂਡਿੰਗ ਫੀਸ ਦਾ ਨੋਟਿਸ ਮਿਲਿਆ। ਬਚਾਅ ਪੱਖ ਦੇ ਵਕੀਲ ਨੇ ਅਦਾਲਤ ਵਿੱਚ ਦਲੀਲ ਦਿੱਤੀ ਕਿ ਸੁਖਮੰਦਰ ਸਿੰਘ ਨੂੰ ਪੰਜਾਬ ਸਰਕਾਰ ਤੋਂ ਮਿਲਣ ਵਾਲੇ ਮੁਫਤ ਟਿਊਬਵੈੱਲ ਕੁਨੈਕਸ਼ਨ ਦੇ ਤਹਿਤ ਉਕਤ ਕੁਨੈਕਸ਼ਨ ਮਿਲਿਆ ਹੈ ਇਸ ਲਈ ਉਸ ਨੂੰ ਬਿਜਲੀ ਚੋਰੀ ਕਰਨ ਦੀ ਕੀ ਲੋੜ ਹੈ। ਵਧੀਕ ਸੈਸ਼ਨ ਜੱਜ ਨੇ ਪਾਵਰਕਾਮ ਦੀ ਕਾਰਵਾਈ ਨੂੰ ਗਲਤ ਦੱਸ ਕੇ ਜੁਰਮਾਨਾ ਵਾਪਸ ਦੇਣ ਨੂੰ ਕਿਹਾ।

## ਧੋਖੇ ਨਾਲ ਜਮ੍ਹਾਂ ਕਰਾਏ 7.5 ਲੱਖ, 11 ਫੀਸਦੀ ਵਿਆਜ ਅਤੇ 20 ਹਜ਼ਾਰ ਹਰਜਾਨਾ ਦੇਣਾ ਪਵੇਗਾ

ਜਲੰਧਰ, 9 ਜਨਵਰੀ (ਪੋਸਟ ਬਿਊਰੋ)- ਵਿਆਜ ਦੇਣ ਦੇ ਬਹਾਨੇ ਇੱਕ ਪ੍ਰਾਈਵੇਟ ਕੰਪਨੀ ਨੇ ਸਾਢੇ ਸੱਤ ਲੱਖ ਰੁਪਏ ਜਮ੍ਹਾ ਕਰਵਾ ਲਏ, ਪਰ ਮੈਚਿਓਰ ਹੋਣ ਦੇ ਬਾਅਦ ਪੈਸੇ ਨਹੀਂ ਮੋੜੇ ਅਤੇ ਵਿਆਜ ਦੇਣਾ ਵੀ ਬੰਦ ਕਰ ਦਿੱਤਾ। ਹੁਣ ਕੰਪਨੀ ਨੂੰ ਮੈਚਿਓਰਿਟੀ ਅਮਾਊਂਟ 11 ਫੀਸਦੀ ਵਿਆਜ ਸਮੇਤ ਮੋੜਨਾ ਪਵੇਗਾ। ਮਾਨਸਿਕ ਪਰੇਸ਼ਾਨੀ ਅਤੇ ਕੇਸ ਖਰਚ ਦੇ 20 ਹਜ਼ਾਰ ਰੁਪਏ ਹੋਰ ਦੇਣੇ ਹੋਣਗੇ।

ਜਲੰਧਰ ਕੈਂਟ ਦੇ ਚੀਫ ਇੰਜੀਨੀਅਰ ਦਫਤਰ ਤੋਂ ਸੇਵਾਮੁਕਤ ਹੋਏ ਅਮਰੀਕ ਸਿੰਘ ਵਾਸੀ ਸੰਤ ਨਗਰ, ਲਾਡੋਵਾਲੀ ਰੋਡ ਨੇ ਫੋਰਮ ਨੂੰ ਦਿੱਤੀ ਸ਼ਿਕਾਇਤ ਵਿੱਚ ਕਿਹਾ ਕਿ ਹਰਿੰਦਰ ਲੀਜ਼ਿੰਗ ਲਿਮਟਿਡ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਉਹ ਸੇਵਾ ਮੁਕਤ ਲਾਭ ਦੇ 7.50 ਲੱਖ ਰੁਪਏ ਉਨ੍ਹਾਂ ਕੋਲ੍ਹ ਜਮ੍ਹਾ ਕਰਵਾ ਦੇਣ। ਇਸ ਡਿਪਾਜਟ 'ਤੇ ਉਨ੍ਹਾਂ ਨੂੰ ਐੱਫ ਡੀ ਤੋਂ ਜ਼ਿਆਦਾ ਵਿਆਜ ਦੇਣਗੇ। ਇਸ ਦੇ ਬਾਅਦ ਉਨ੍ਹਾਂ ਨੇ 12 ਜਨਵਰੀ 2016 ਨੂੰ ਦੋ-ਦੋ ਲੱਖ ਰੁਪਏ ਦੀਆਂ ਤਿੰਨ ਕਿਸ਼ਤਾਂ ਹਰਿੰਦਰ ਲੀਜ਼ਿੰਗ ਲਿਮਟਿਡ ਵਿੱਚ ਜਮ੍ਹਾਂ ਕਰਵਾ ਦਿੱਤੀਆਂ। ਮੈਚਿਓਰਿਟੀ ਡੇਟ 12 ਫਰਵਰੀ 2018 ਸੀ। ਇਸ ਦੇ ਬਾਅਦ ਉਨ੍ਹਾਂ ਨੇ 11 ਅਪ੍ਰੈਲ 2016 ਨੂੰ ਫਿਰ ਡੇਢ ਲੱਖ ਰੁਪਏ ਜਮ੍ਹਾ ਕਰਾਏ, ਜਿਸ ਦੀ ਮੈਚਿਓਰਿਟੀ ਡੇਟ 11 ਅਪ੍ਰੈਲ 2018 ਸੀ। ਇਸ ਦੇ ਬਾਅਦ 30 ਜੂਨ 2017 ਤੱਕ ਤੈਅ ਸ਼ਰਤਾਂ ਮੁਤਾਬਕ ਉਨ੍ਹਾਂ ਨੂੰ ਵਿਆਜ ਮਿਲਦਾ ਰਿਹਾ। ਫਿਰ ਵਿਆਜ ਮਿਲਣਾ ਬੰਦ ਹੋ ਗਿਆ। ਉਹ ਕਈ ਵਾਰ ਇਨ੍ਹਾਂ ਦੇ ਦਫਤਰ ਗਏ, ਪਰ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੋਈ। ਫੋਰਮ ਦੇ ਨੋਟਿਸ ਉੱਤੇ ਕੰਪਨੀ ਨੇ ਜਵਾਬ ਦਿੱਤਾ ਕਿ ਇਹ ਸ਼ਿਕਾਇਤ ਕਮਰਸ਼ੀਅਲ ਨੇਚਰ ਦੀ ਹੈ ਅਤੇ ਆਰ ਬੀ ਆਈ ਦੇ ਨਿਯਮ ਤੇ ਸ਼ਰਤਾਂ ਦੇ ਅਧੀਨ ਹੈ। ਇਹ ਫੋਰਮ ਦੇ ਤਹਿਤ ਨਹੀਂ ਆਉਂਦੀ, ਪਰ ਉਨ੍ਹਾਂ ਨੇ ਪੈਸੇ ਡਿਪਾਜਟ ਕਰਨ ਦੀ ਗੱਲ ਮੰਨ ਲਈ। ਇਸ ਦੇ ਬਾਅਦ ਫੋਰਮ ਨੇ ਕਿਹਾ ਕਿ ਡਿਪਾਜਟ ਮੈਚਿਓਰ ਹੋਣ ਦੇ ਬਾਅਦ ਫੋਰਮ ਵਿੱਚ ਸ਼ਿਕਾਇਤ ਆਈ ਹੈ। ਕੰਪਨੀ ਨੇ ਜਵਾਬ ਵਿੱਚ ਸਹੀ ਦਲੀਲਾਂ ਨਹੀਂ ਦਿੱਤੀਆਂ, ਜਿਸ ਦਾ ਮਕਸਦ ਸਿਰਫ ਪੈਸਿਆਂ ਦੀ ਅਦਾਇਗੀ ਨੂੰ ਲਟਕਾਉਣਾ ਹੈ। ਉਨ੍ਹਾਂ ਨੇ ਕੰਪਨੀ ਨੂੰ ਹੁਕਮ ਦਿੱਤਾ ਕਿ ਉਹ ਸਾਰੇ ਡਿਪਾਜਟ ਦੀ ਮੈਚਿਓਰ ਅਮਾਊਂਟ 30 ਜਨਵਰੀ 2017 ਤੋਂ 11 ਫੀਸਦੀ ਵਿਆਜ ਸਮੇਤ ਮੋੜੇ।

# ਪੁਲਸ ’ਤੇ ਹਮਲੇ ਦਾ ਮਾਮਲੇ ਵਿਚ ਢਾਈ ਕਰੋੜ ਦੀ ਹੈਰੋਇਨ ਅਤੇ ਕਾਰ ਸਮੇਤ ਮੁੱਖ ਦੋਸ਼ੀ ਗ੍ਰਿਫਤਾਰ

ਸੁਲਤਾਨਪੁਰ ਲੋਧੀ, 9 ਜਨਵਰੀ (ਪੋਸਟ ਬਿਊਰੋ)- ਥਾਣਾ ਸੁਲਤਾਨਪੁਰ ਲੋਧੀ ਪੁਲਸ ਨੇ ਬੀਤੇ ਦਿਨੀਂ ਪਿੰਡ ਲਾਟੀਆਂਵਾਲ ਵਿਖੇ ਪੁਲਸ ਪਾਰਟੀ 'ਤੇ ਹਮਲਾ ਕਰ ਕੇ ਥਾਣੇਦਾਰ ਮੰਗਲ ਸਿੰਘ ਤੇ ਹੋਰ ਮੁਲਾਜ਼ਮਾਂ ਨੂੰ ਜ਼ਖਮੀ ਕਰ ਕੇ ਸਰਕਾਰੀ ਗੱਡੀ ਦੀ ਭੰਨ ਤੋੜ ਕਰਨ ਦੇ ਕੇਸ ਵਿੱਚ ਮੁੱਖ ਦੋਸ਼ੀ ਮੁਲਜ਼ਮ ਨੂੰ ਕਾਰ ਸਮੇਤ ਗ੍ਰਿਫਤਾਰ ਕਰ ਲਿਆ ਹੈ।

ਡੀ ਐੱਸ ਪੀ ਸਰਵਨ ਸਿੰਘ ਬੱਲ ਅਤੇ ਐੱਸ ਐੱਚ ਓ ਸਰਬਜੀਤ ਸਿੰਘ ਨੇ ਪ੍ਰੈੱਸ ਕਾਨਫਰੰਸ ਵਿੱਚ ਦੱਸਿਆ ਕਿ ਬੀਤੇ ਦਿਨੀਂ ਜਲੰਧਰ ਤੋਂ ਪੁਲਸ ਕਿਸੇ ਭਗੌੜੇ ਦੀ ਤਲਾਸ਼ ਵਿੱਚ ਪਿੰਡ ਲਾਟੀਆਂਵਾਲ ਰੇਡ ਮਾਰਨ ਗਈ ਸੀ ਤਾਂ ਕੁਝ ਲੋਕਾਂ ਨੇ ਪੁਲਸ 'ਤੇ ਜਾਨ ਲੇਵਾ ਹਮਲਾ ਕਰ ਕੇ ਉਨ੍ਹਾਂ ਦੀ ਕੁੱਟਮਾਰ ਕੀਤੀ ਅਤੇ ਸਰਕਾਰੀ ਗੱਡੀ ਦਾ ਨੁਕਸਾਨ ਕੀਤਾ ਸੀ। ਇਸ ਬਾਰੇ ਥਾਣਾ ਸੁਲਤਾਨਪੁਰ ਲੋਧੀ ਪੁਲਸ 11 ਦੋਸ਼ੀਆਂ ਅਤੇ 15 ਹੋਰ ਅਣਪਛਾਤੇ ਲੋਕਾਂ ਉੱਤੇ ਖਿਲਾਫ ਕੇਸ ਦਰਜ ਕੀਤਾ ਸੀ। ਉਨ੍ਹਾਂ ਦੱਸਿਆ ਕਿ ਏ ਐੱਸ ਆਈ ਗੁਰਦੀਪ ਸਿੰਘ ਪੁਲਸ ਨਾਲ ਗਸ਼ਤ ਅਤੇ ਤਫਤੀਸ਼ ਦੇ ਸੰਬੰਧ ਵਿੱਚ ਪਿੰਡ ਸੈਂਚ ਸਨ ਕਿ ਇੱਕ ਸਵਿਫਟ ਕਾਰ ਆਉਂਦੀ



ਵਿਖਾਈ ਦਿੱਤੀ, ਜਿਸ ਨੂੰ ਰੁਕਣ ਦਾ ਇਸ਼ਾਰਾ ਕੀਤਾ ਗਿਆ। ਪੁਲਸ ਦੇਖ ਕੇ ਕਾਰ ਚਾਲਕ ਹੱਥ ਵਿੱਚ ਫੜਿਆ ਲਿਫਾਫਾ ਸੁੱਟ ਕੇ ਦੌੜਨ ਲੱਗਾ ਤਾਂ ਪੁਲਸ ਨੇ ਕਾਬੂ ਕਰ ਲਿਆ। ਪੁੱਛਣ 'ਤੇ ਉਕਤ ਵਿਅਕਤੀ ਨੇ ਆਪਣਾ ਨਾਂਅ ਅਮਨਦੀਪ ਸਿੰਘ ਉਰਫ ਅਮਨਾ ਪੁੱਤਰ ਆਤਮਾ ਸਿੰਘ ਵਾਸੀ ਸੈਂਚ ਦੱਸਿਆ। ਉਸ ਦੇ ਸੁੱਟੇ ਲਿਫਾਫੇ ਨੂੰ ਖੋਲ੍ਹਿਆ ਤਾਂ ਉਸ ਵਿੱਚੋਂ 510 ਗਰਾਮ ਹੈਰੋਇਨ ਮਿਲੀ, ਜਿਸ ਦੀ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੀਮਤ ਕਰੀਬ ਢਾਈ ਕਰੋੜ ਰੁਪਏ ਹੈ। ਡੀ ਐੱਸ ਪੀ ਅਤੇ ਐੱਸ ਐੱਚ ਓ ਨੇ ਕਿਹਾ ਕਿ ਦੋਸ਼ੀ ਖਿਲਾਫ ਕੇਸ ਦਰਜ ਕਰ ਲਿਆ ਹੈ। ਇਹ ਦੋਸ਼ੀ ਪਹਿਲਾਂ ਪੁਲਸ ਪਾਰਟੀ 'ਤੇ ਹਮਲਾ ਕਰਨ ਦੇ ਦੋਸ਼ ਵਿੱਚ ਪੁਲਸ ਨੂੰ ਲੋੜੀਂਦਾ ਸੀ, ਜਿਸ ਨੇ ਵੀਡੀਓ ਬਣਾ ਕੇ ਵਾਇਰਲ ਕੀਤੀ ਸੀ। ਦੋਸ਼ੀ ਅਮਨਦੀਪ ਉਰਫ ਅਮਨਾ ਪਹਿਲਾਂ ਇੱਕ ਮਾਮਲੇ 'ਚ ਅਦਾਲਤ ਵੱਲੋਂ ਭਗੌੜਾ ਸੀ।


# ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? ‘ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

**IPTV ਦੁਆਰਾ ਸਤਸੰਗ ਦੇਖੋ**

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਥਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
**647-739-4641**
**346-714-0224**



# ਕਸ਼ਮੀਰ ਦੌਰੇ ਉੱਤੇ ਗਏ 16 ਦੇਸ਼ਾਂ ਦੇ ਡਿਪਲੋਮੈਟਾਂ ਬਾਰੇ ਭਾਰਤ ਦੇ ਵਿਦੇਸ਼ ਮੰਤਰਾਲੇ ਦਾ ਬਿਆਨ




ਨਵੀਂ ਦਿੱਲੀ, 9 ਜਨਵਰੀ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਦਾ ਵਿਸ਼ੇਸ਼ ਸੂਬੇ ਦਾ ਦਰਜਾ ਵਾਪਸ ਲੈਣ ਤੋਂ ਬਾਅਦ 16 ਦੇਸ਼ਾਂ ਦੇ ਡਿਪਲੋਮੈਟ ਮੌਜੂਦਾ ਸਥਿਤੀ ਦਾ ਜਾਇਜ਼ਾ ਲੈਣ ਅੱਜ ਵੀਰਵਾਰ ਨੂੰ 2 ਦਿਨਾਂ ਕਸ਼ਮੀਰ ਦੌਰੇ ਉੱਤੇ ਗਏ ਹਨ। ਇਹ ਡਿਪਲੋਮੈਟ ਅੱਜ ਸਵੇਰੇ ਸ੍ਰੀਨਗਰ ਪੁੱਜੇ, ਜਿੱਥੇ ਉਨ੍ਹਾਂ ਦਾ ਸੀਨੀਅਰ ਅਧਿਕਾਰੀਆਂ ਨੇ ਸੁਆਗਤ ਕੀਤਾ।

ਕਸ਼ਮੀਰ ਘਾਟੀ ਦਾ ਦੌਰਾ ਕਰਨ ਗਏ ਡਿਪਲੋਮੈਟਾਂ ਬਾਰੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਵੀਸ਼ ਕੁਮਾਰ ਨੇ ਪ੍ਰੈੱਸ ਨੂੰ ਕਿਹਾ ਕਿ ਸਰਕਾਰ ਨੇ ਕਸ਼ਮੀਰ ਦੌਰੇ ਲਈ 16 ਵਿਦੇਸ਼ੀ ਡਿਪਲੋਮੈਟਾਂ ਨੂੰ ਭੇਜਣ ਦੀ ਵਿਵਸਥਾ ਕੀਤੀ ਹੈ, ਜਿਸ ਦਾ ਅਰਥ ਇਹ ਸੀ ਕਿ ਇਹ ਹਾਲਾਤ ਨੂੰ ਜ਼ਮੀਨੀ ਪੱਧਰ ਉੱਤੇ ਵੇਖ ਸਕਣ। ਮੰਤਰਾਲੇ ਨੇ ਇਨ੍ਹਾਂ ਆਲੋਚਨਾਵਾਂ ਨੂੰ ਬੇਬੁਨਿਆਦ ਕਿਹਾ ਕਿ ਇਹ ਦੌਰਾ ਸਪਾਂਸਰਡ ਸੀ। ਰਵੀਸ਼ ਕੁਮਾਰ ਨੇ ਕਿਹਾ ਕਿ ਡਿਪਲੋਮੈਟ ਇਕ ਗਰੁੱਪ ਵਿਚ ਕਸ਼ਮੀਰ ਜਾਣਾ ਚਾਹੁੰਦੇ ਸਨ, ਇਸ ਲਈ ਵਿੱਚ 16 ਵਿਦੇਸ਼ੀ ਡਿਪਲੋਮੈਟਾਂ ਨੂੰ ਭੇਜਣ ਦੀ ਵਿਵਸਥਾ ਕੀਤੀ ਹੈ। ਉਨ੍ਹਾਂ ਕਿਹਾ ਕਿ ਕਸ਼ਮੀਰ ਯਾਤਰਾ ਲਈ ਅਜਿਹਾ ਹੀ ਇਕ ਪ੍ਰਬੰਧ ਭਵਿੱਖ ਵਿੱਚ ਯੂਰਪੀ ਯੂਨੀਅਨ ਦੇ ਡਿਪਲੋਮੈਟਾਂ ਲਈ ਹੋ ਸਕਦਾ ਹੈ।

ਵਰਨਣ ਯੋਗ ਹੈ ਕਿ ਜੰਮੂ-ਕਸ਼ਮੀਰ ਗਏ 16 ਵਿਦੇਸ਼ੀ ਡਿਪਲੋਮੈਟਾਂ ਵਿਚ ਭਾਰਤ ਵਿੱਚ ਅਮਰੀਕਾ ਦੇ ਡਿਪਲੋਮੈਟ ਕੈਨੇਥ ਜਸਟਰ ਸ਼ਾਮਲ ਹਨ ਅਤੇ ਇਨ੍ਹਾਂ ਵਿੱਚ ਦੱਖਣੀ ਕੋਰੀਆ, ਵੀਅਤਨਾਮ, ਬੰਗਲਾ ਦੇਸ਼, ਫਿਜ਼ੀ, ਮਾਲਦੀਵ, ਨਾਰਵੇ, ਫਿਲਪੀਨ, ਮੋਰੱਕੋ, ਅਰਜਨਟੀਨਾ, ਪੇਰੂ, ਨਾਈਜਰ, ਨਾਈਜੀਰੀਆ, ਗੁਆਨਾ ਤੇ ਟੋਗੋ ਦੇ ਡਿਪਲੋਮੈਟ ਹਨ। ਪਿਛਲੇ ਸਾਲ ਅਗਸਤ ਵਿਚ ਜੰਮੂ-ਕਸ਼ਮੀਰ ਨੂੰ 2 ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਵਿੱਚ ਵੰਡੇ ਜਾਣ ਤੇ ਵਿਸ਼ੇਸ਼ ਦਰਜਾ ਖਤਮ ਕਰਨ ਮਗਰੋਂ ਵਿਦੇਸ਼ੀ ਡਿਪਲੋਮੈਟਾਂ ਦੀ ਓਥੋਂ ਦੀ ਇਹ ਪਹਿਲੀ ਯਾਤਰਾ ਹੈ। ਕੁਮਾਰ ਨੇ ਕਿਹਾ ਕਿ ਵਿਦੇਸ਼ੀ ਡਿਪਲੋਮੈਟ ਨੇ ਇਸ ਯਾਤਰਾ ਦੌਰਾਨ ਸੁਰੱਖਿਆ ਅਧਿਕਾਰੀਆਂ, ਸਿਆਸੀ ਨੇਤਾਵਾਂ, ਨਾਗਰਿਕ ਸੰਸਥਾਵਾਂ ਤੇ ਸਥਾਨਕ ਮੀਡੀਆ ਨਾਲ ਮੁਲਾਕਾਤ ਕੀਤੀ। ਇਹ ਪੁੱਛੇ ਜਾਣ ਉੱਤੇ ਕਿ ਡਿਪਲੋਮੈਟਾਂ ਨਾਲ ਕਿਸ-ਕਿਸ ਸਿਆਸੀ ਨੇਤਾਵਾਂ ਨੇ ਮੁਲਾਕਾਤ ਕੀਤੀ, ਰਵੀਸ਼ ਕੁਮਾਰ ਨੇ ਕਿਹਾ ਕਿ ਡਿਪਲੋਮੈਟਾਂ ਦਾ ਦੌਰਾ ਅਜੇ ਪੂਰਾ ਨਹੀਂ ਹੋਇਆ।

# ਸਿੱਖ ਕਿਸਾਨਾਂ ਨਾਲ ਧੱਕਾ ਕਰਨ ਵਾਲੇ ਸੱਤ ਅਧਿਕਾਰੀ ਬਦਲੇ ਗਏ

ਭੋਪਾਲ, 9 ਜਨਵਰੀ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਕਮਲ ਨਾਥ ਨੇ ਸ਼ਿਵਪੁਰੀ ਜ਼ਿਲ੍ਹੇ ਵਿੱਚ ਤਰਾਹਲ ਖੇਤਰ ਦੇ ਸਿੱਖ ਕਿਸਾਨਾਂ ਦੇ ਘਰ ਢਾਹੁਣ ਤੇ ਫ਼ਸਲਾਂ ਤਬਾਹ ਕਰਨ ਵਾਲੇ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਕਰਦਿਆਂ ਤਰਾਹਲ ਦੇ ਐਸ ਡੀ ਐਮ ਤਹਿਸੀਲਦਾਰ, ਦੋ ਨਾਇਬ ਤਹਿਸੀਲਦਾਰਾਂ ਤੇ ਪਟਵਾਰੀਆਂ ਨੂੰ ਬਦਲਣ ਦੇ ਹੁਕਮ ਦਿੱਤੇ ਹਨ ਅਤੇ ਘਰ ਢਾਹੇ ਜਾਣ ਵਾਲੇ ਕਿਸਾਨਾਂ ਨੂੰ ਫੌਰੀ ਰਿਹਾਇਸ਼ ਲਈ ਸਰਕਾਰੀ ਨਿਵਾਸ ਅਲਾਟ ਕੀਤੇ ਹਨ।

ਪਤਾ ਲੱਗਾ ਹੈ ਕਿ ਮੁੱਖ ਮੰਤਰੀ ਦੇ ਮੁੱਖ ਸਲਾਹਕਾਰ ਨਰੇਂਦਰ ਸਲੂਜਾ ਦੀ ਅਗਵਾਈ ਵਿੱਚ ਤਿੰਨ ਸੀਨੀਅਰ ਆਈ ਏ ਐਸ ਅਧਿਕਾਰੀਆਂ ਦੀ ਟੀਮ ਤਰਾਹਲ ਖੇਤਰ ਦਾ ਦੌਰਾ ਕਰਕੇ ਗਈ ਸੀ। ਇਸ ਟੀਮ ਵੱਲੋਂ ਦਿੱਤੀ ਰਿਪੋਰਟ ਦੇ ਬਾਅਦ ਮੁੱਖ ਮੰਤਰੀ ਨੇ ਸਮੁੱਚੇ ਪ੍ਰਸ਼ਾਸਨਿਕ ਅਧਿਕਾਰੀ ਬਦਲਣ ਤੇ ਉਨ੍ਹਾਂ ਖ਼ਿਲਾਫ਼ ਵਿਭਾਗੀ ਕਾਰਵਾਈ ਕਰਨ ਦੇ ਹੁਕਮ ਦਿੱਤੇ ਹਨ। ਇਨ੍ਹਾ ਹੁਕਮਾਂ 'ਤੇ ਡਿਪਟੀ ਕਮਿਸ਼ਨਰ ਸ੍ਰੀਮਤੀ ਪ੍ਰਤਿਭਾ ਪਾਲ ਨੇ ਕਿਸਾਨਾਂ ਦੇ ਵਫ਼ਦ ਨੂੰ ਦੱਸਿਆ ਕਿ ਉਹ ਜਲਦੀ ਹੀ ਮਾਲ ਵਿਭਾਗ ਦੇ ਅਧਿਕਾਰੀਆਂ ਦੀ ਕਮੇਟੀ ਬਣਾਉਣੇ, ਜੋ ਸਿੱਖ ਕਿਸਾਨਾਂ ਨੂੰ ਮਿਲ ਕੇ ਜ਼ਮੀਨ ਮਾਲਕੀ ਦੇ ਕਾਗਜ਼ਾਤ ਅਤੇ ਰਿਕਾਰਡ ਦੀ ਘੋਖ ਕਰਨ ਉਪਰੰਤ ਕਿਸਾਨਾਂ ਦੀ ਮਾਲਕੀ ਬਾਰੇ ਫੈਸਲਾ ਲਵੇਗੀ।

ਤਰਾਹਲ ਦੇ ਸਿੱਖ ਕਿਸਾਨ ਗੁਲਜ਼ਾਰ ਸਿੰਘ ਬਾਜਵਾ ਨੇ ਦੱਸਿਆ ਕਿ ਮੁੱਖ ਮੰਤਰੀ ਵੱਲੋਂ ਚੁੱਕੇ ਕਦਮਾਂ ਬਾਅਦ ਇਸ ਖੇਤਰ ਦੇ ਸਿੱਖ ਪਰਵਾਰਾਂ ਨੂੰ ਵੱਡੀ ਰਾਹਤ ਮਿਲੀ ਅਤੇ ਉਨ੍ਹਾਂ ਸੁੱਖ ਦਾ ਸਾਹ ਲਿਆ ਹੈ। ਉਨ੍ਹਾਂ ਦੱਸਿਆ ਕਿ ਬੇਘਰ ਕੀਤੇ ਕਿਸਾਨ ਪਰਵਾਰਾਂ ਨੂੰ ਸਰਕਾਰੀ ਨਿਵਾਸ ਦਿੱਤੇ ਗਏ ਹਨ, ਪਰ ਢਾਹੇ ਗਏ ਘਰਾਂ ਦੀ ਮੁੜ ਉਸਾਰੀ ਅਤੇ ਤਬਾਹ ਕੀਤੀਆਂ ਫਸਲਾਂ ਦੇ ਮੁਅਵਜ਼ੇ ਬਾਰੇ ਅਜੇ ਫੈਸਲਾ ਨਹੀਂ ਹੋਇਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਫਦ ਦੇ ਇਥੇ ਗਏ ਮੁੱਖੀ ਗੁਰਚਰਨ ਸਿੰਘ ਗਰੇਵਾਲ ਨੇ ਸਰਕਾਰ ਵੱਲੋਂ ਕਿਸਾਨਾਂ ਦੇ ਹੱਕ ਵਿੱਚ ਲਏ ਫੈਸਲੇ ਲਈ ਸਿੱਖ ਸੰਗਠਨਾਂ ਵੱਲੋਂ ਇੱਕ ਮੱਤ ਹੋ ਕੇ ਉਠਾਈ ਆਵਾਜ਼ ਦੇ ਸਿਰ ਸਿਹਰਾ ਬੰਨ੍ਹਦਿਆਂ ਕਿਹਾ ਕਿ ਸਮੂਹ ਸਿੱਖ ਸੰਗਤ ਨੂੰ ਇਸੇ ਤਰ੍ਹਾਂ ਏਕਤਾ ਬਣਾਈ ਰੱਖਣੀ ਚਾਹੀਦੀ ਹੈ। ਤਰਾਹਲ ਖੇਤਰ ਦੇ ਪੀੜਤ ਪਰਵਾਰਾਂ ਦੀ ਮਦਦ ਲਈ ਸਿੱਖ ਸੰਸਥਾਵਾਂ ਤੇ ਗੁਰੂ ਘਰਾਂ ਵੱਲੋਂ ਮਦਦ ਲਗਾਤਾਰ ਜਾਰੀ ਹੈ। ਸ਼੍ਰੋਮਣੀ ਕਮੇਟੀ ਨੇ ਢਾਹੇ ਗਏ ਘਰਾਂ ਵਾਲੇ ਕਿਸਾਨਾਂ ਨੂੰ 50-50 ਹਜ਼ਾਰ ਰੁਪਏ ਦੇਣ ਦਾ ਐਲਾਨ ਕੀਤਾ ਹੈ। ਗੁਲਜ਼ਾਰ ਸਿੰਘ ਬਾਜਵਾ ਨੇ ਕਿਹਾ ਕਿ ਸਿਰਸਾ ਵਿਖੇ ਕੂਕਾ ਸੰਪਰਦਾ ਦੇ ਮੁੱਖੀ ਠਾਕੁਰ ਦਲੀਪ ਸਿੰਘ ਵੱਲੋਂ ਸਾਰੇ ਪੀੜਤਾਂ ਨੂੰ 20-20 ਹਜ਼ਾਰ ਰੁਪਏ ਨਕਦ ਸਹਾਇਤਾ ਦਿੱਤੀ ਗਈ ਹੈ।

## ਮੁਜ਼ੱਫ਼ਰਪੁਰ ਕੇਸ 'ਚ ਬੱਚਿਆਂ ਦੀ ਹੱਤਿਆ ਦਾ ਕੋਈ ਸਬੂਤ ਨਹੀਂ ਮਿਲਿਆ



ਨਵੀਂ ਦਿੱਲੀ, 9 ਜਨਵਰੀ (ਪੋਸਟ ਬਿਊਰੋ)- ਸੀ ਬੀ ਆਈ ਨੇ ਕੱਲ੍ਹ ਸੁਪਰੀਮ ਕੋਰਟ ਵਿੱਚ ਰਿਪੋਰਟ ਦਿੱਤੀ ਹੈ ਕਿ ਉਸ ਨੂੰ ਬਿਹਾਰ ਦੇ ਮੁਜ਼ੱਫ਼ਰਪੁਰ ਆਸਰਾ ਘਰ ਕੇਸ ਵਿੱਚ ਕਿਸੇ ਬੱਚੇ ਦੀ ਹੱਤਿਆ ਦਾ ਸਬੂਤ ਨਹੀਂ ਮਿਲਿਆ। ਜਾਂਚ ਏਜੰਸੀ ਨੇ ਦੱਸਿਆ ਕਿ ਆਸਰਾ ਘਰ ਦੇ ਕੰਪਲੈਕਸ ਵਿੱਚੋਂ ਇੱਕ ਔਰਤ ਤੇ ਆਦਮੀ ਦੇ ਪਿੰਜਰ ਜ਼ਰੂਰ ਮਿਲੇ ਹਨ। ਚੀਫ਼ ਜਸਟਿਸ ਐਸ ਏ ਬੋਬੜੇ ਦੀ ਅਗਵਾਈ ਵਾਲੇ ਬੈਂਚ ਨੇ ਸੀ ਬੀ ਆਈ ਵੱਲੋਂ ਦਾਖ਼ਲ ਕੀਤੀ ਮੌਜੂਦਾ ਸਟੇਟਸ ਰਿਪੋਰਟ ਨੂੰ ਪ੍ਰਵਾਨ ਕਰ ਕੇ ਦੋ ਜਾਂਚ ਅਧਿਕਾਰੀਆਂ ਵੱਲੋਂ ਟੀਮ 'ਚੋਂ ਹਟਣ ਦੀ ਬੇਨਤੀ ਮੰਨ ਲਈ ਹੈ।

ਅਟਾਰਨੀ ਜਨਰਲ ਕੇ ਕੇ ਵੇਨੂਗੋਪਾਲ ਨੇ ਜਾਂਚ ਏਜੰਸੀ ਵੱਲੋਂ ਪੇਸ਼ ਹੁੰਦਿਆਂ ਕਿਹਾ ਕਿ ਬਲਾਤਕਾਰ ਅਤੇ ਸੈਕਸ ਸ਼ੋਸ਼ਣ ਦੇ ਪੱਖ ਤੋਂ ਜਾਂਚ ਮੁਕੰਮਲ ਹੋ ਗਈ ਹੈ ਅਤੇ ਦੋਸ਼ ਪੱਤਰ ਵੀ ਅਦਾਲਤਾਂ ਵਿੱਚ ਦਾਇਰ ਹੋ ਗਏ ਹਨ। ਵੇਨੂਗੋਪਾਲ ਨੇ ਕਿਹਾ ਕਿ ਜਿਹੜੇ ਬੱਚਿਆਂ ਦੇ ਮਰਨ ਬਾਰੇ ਪਹਿਲਾਂ ਸ਼ੱਕ ਕੀਤਾ ਗਿਆ ਸੀ, ਉਹ ਜਿਊਂਦੇ ਲੱਭ ਗਏ ਹਨ। ਉਨ੍ਹਾਂ ਕਿਹਾ ਕਿ ਸੀ ਬੀ ਆਈ ਨੇ ਬਿਹਾਰ ਦੇ 17 ਆਸਰਾ ਘਰਾਂ ਬਾਰੇ ਕੇਸਾਂ ਵਿੱਚ ਚਾਰਜਸ਼ੀਟ ਦਾਇਰ ਕੀਤੀ ਹੈ। ਏਜੰਸੀ ਨੇ ਬਿਹਾਰ ਸਰਕਾਰ ਨੂੰ ਵੀ ਵਿਭਾਗੀ ਪੱਧਰ 'ਤੇ ਕਾਰਵਾਈ ਲਈ ਕਹਿ ਦਿੱਤਾ ਹੈ ਅਤੇ ਇਸ ਕੇਸ ਨਾਲ ਜੁੜੀਆਂ ਕਈ ਐਨ ਜੀ ਓਜ਼ ਦੀ ਰਜਿਸਟਰੇਸ਼ਨ ਰੱਦ ਕਰਨ ਅਤੇ ਕਾਲੀ ਸੂਚੀ ਵਿੱਚ ਪਾਉਣ ਲਈ ਕਿਹਾ ਗਿਆ ਹੈ। ਜ਼ਿਕਰ ਯੋਗ ਹੈ ਕਿ ਮੁਜ਼ੱਫ਼ਰਪੁਰ ਵਿੱਚ ਇੱਕ ਐਨ ਜੀ ਓ ਵਿੱਚ ਕਈ ਲੜਕੀਆਂ ਦੇ ਜਿਨਸੀ ਸ਼ੋਸ਼ਣ ਦਾ ਮਾਮਲਾ ਸਾਹਮਣੇ ਆਇਆ ਸੀ।

## ਫਰੀਦਾਬਾਦ ਜੇਲ੍ਹ ਵਾਰਡਨ ਨੇ ਕੈਥਲ ਜੇਲ੍ਹ ਵਾਰਡਨ ਦੇ ਕਵਾਰਟਰ ਤੋਂ 14 ਤੋਲੇ ਸੋਨਾ, ਨਕਦੀ ਚੋਰੀ ਕੀਤੀ

### * ਗੱਡੀ ਵਾਪਸ ਲੈਣ ਗਿਆ ਤਾਂ ਫੜਿਆ ਗਿਆ




ਕੈਥਲ, 9 ਜਨਵਰੀ (ਪੋਸਟ ਬਿਊਰੋ)- ਫਰੀਦਾਬਾਦ ਜੇਲ੍ਹ ਦਾ ਵਾਰਡਨ ਕੈਥਲ ਜੇਲ੍ਹ ਦੇ ਕਰਮਚਾਰੀਆਂ ਦੀ ਕਲੋਨੀ ਵਿੱਚ ਚੋਰੀ ਕਰਦਾ ਫੜਿਆ ਗਿਆ ਹੈ। ਉਹ ਪਹਿਲਾਂ ਕੈਥਲ ਜੇਲ੍ਹ ਵਾਰਡਨ ਦੇ ਕਵਾਰਟਰ 'ਚੋਂ 14 ਤੋਲੇ ਸੋਨੇ ਦੇ ਗਹਿਣੇ ਅਤੇ ਅੱਸੀ ਹਜ਼ਾਰ ਰੁਪਏ ਕੈਸ਼ ਚੋਰੀ ਕਰ ਕੇ ਗੋਲੀ ਮਾਰਨ ਦੀ ਧਮਕੀ ਦੇ ਕੇ ਫਰਾਰ ਹੋ ਗਿਆ। ਫਿਰ 50 ਮਿੰਟ ਬਾਅਦ ਕਲੋਨੀ ਵਿੱਚ ਖੜ੍ਹੀ ਆਪਣੀ ਕਾਰ ਲੈਣ ਵਾਪਸ ਗਿਆ ਤਾਂ ਲੋਕਾਂ ਨੇ ਫੜ ਕੇ ਪੁਲਸ ਦੇ ਹਵਾਲੇ ਕਰ ਦਿੱਤਾ। ਉਸ ਦੀ ਕਾਰ 'ਚੋਂ ਜੇਲ੍ਹ ਵਾਰਡਨ ਦਾ ਆਈ ਕਾਰਡ, ਹਰਿਆਣਾ ਪੁਲਸ ਦਾ ਨਕਲੀ ਆਈ ਕਾਰਡ, ਹਰਿਆਣਾ ਪੁਲਸ ਦੇ ਬੈਜ-ਵਰਦੀ, ਪੇਚਕਸ, ਛੈਣੀ, ਹਥੌੜੀ, ਪਲਾਸ, ਨੁਕੀਲੇ ਔਜਾਰ, ਕਈ ਮੋਬਾਈਲ, ਪੈੱਨ ਡਰਾਈਵ, ਲੈਪਟਾਪ ਤੇ ਲਾਲ ਰੰਗ ਦਾ ਇੱਕ ਸੂਟਕੇਸ ਮਿਲਿਆ। ਉਸ ਦੇ ਕੋਲੋਂ ਚੋਰੀ ਦਾ ਕੈਸ਼ ਅਤੇ ਗਹਿਣੇ ਨਹੀਂ ਮਿਲੇ।

ਦੋਸ਼ ਹੈ ਕਿ ਉਹ ਕੈਸ਼ ਤੇ ਗਹਿਣੇ ਕਿਤੇ ਛੁਪਾ ਆਇਆ ਜਾਂ ਕਿਸੇ ਸਾਥੀ ਨੂੰ ਦੇ ਦਿੱਤੇ। ਜੇਲ੍ਹ ਵਿੱਚ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਵਿੱਚ ਦੋਸ਼ੀ ਸ਼ਾਮ 7.12 ਵਜੇ ਕਾਲੇ ਰੰਗ ਦੀ ਛੱਤ ਵਾਲੀ ਕਾਰ ਵਿੱਚ ਕਵਾਟਰਾਂ ਵੱਲ ਆਉਂਦਾ ਦਿਸਿਆ। ਜਦ ਦੋਸ਼ੀ ਕਾਰ ਲੈਣ ਪਹੁੰਚਿਆ ਤਾਂ ਉਹ ਪੁਲਸ ਦੀ ਵਰਦੀ ਵਿੱਚ ਸੀ। ਪੁੱਛਗਿੱਛ ਵਿੱਚ ਦੋਸ਼ੀ ਨੇ ਦੱਸਿਆ ਕਿ ਉਸ ਦਾ ਨਾਂਅ ਜਸਬੀਰ ਸਿੰਘ ਬਰਾੜ ਹੈ। ਉਹ ਮੂਲ ਰੂਪ ਤੋਂ ਸਿਰਸਾ ਦੇ ਮੰਡੀ ਡਬਵਾਲੀ ਦਾ ਰਹਿਣ ਵਾਲਾ ਦੱਸਿਆ ਗਿਆ ਹੈ ਅਤੇ ਫਰੀਦਾਬਾਦ ਵਿੱਚ ਜੇਲ੍ਹ ਵਾਰਡਨ ਹੈ।

## ਵੇਟਲਿਫਟਰ ਸਰਬਜੀਤ ਕੌਰ 'ਤੇ ਪਾਬੰਦੀ ਲੱਗੀ

ਨਵੀਂ ਦਿੱਲੀ, 9 ਜਨਵਰੀ (ਪੋਸਟ ਬਿਊਰੋ)- ਮਹਿਲਾ ਵੇਟਲਿਫਟਰ ਸਰਬਜੀਤ ਕੌਰ 'ਤੇ ਰਾਸ਼ਟਰੀ ਡੋਪਿੰਗ ਰੋਕੂ ਏਜੰਸੀ (ਨਾਡਾ) ਨੇ ਡੋਪਿੰਗ ਕਾਰਨ ਚਾਰ ਸਾਲ ਦੀ ਪਾਬੰਦੀ ਲਾ ਦਿੱਤੀ ਹੈ। ਸਰਬਜੀਤ ਕੌਰ ਦੇ ਪੇਸ਼ਾਬ ਦਾ ਨਮੂਨਾ ਵਿਸ਼ਾਖਾਪਟਨਮ 'ਚ ਹੋਈ 34ਵੀਂ ਮਹਿਲਾ ਰਾਸ਼ਟਰੀ ਵੇਟਲਿਫਟਿੰਗ ਚੈਂਪੀਅਨਸ਼ਿਪ ਵਿੱਚ ਲਿਆ ਗਿਆ ਸੀ ਜਿਸ ਵਿੱਚ ਨਾਡਾ ਦੇ ਮੁਤਾਬਕ ਪਾਬੰਦੀਸ਼ੁਦਾ ਪਦਾਰਥ ਦੇ ਅੰਸ਼ ਪਾਏ ਗਏ ਹਨ। ਨਾਡਾ ਨੇ ਕਿਹਾ ਕਿ ਡੋਪਿੰਗ ਰੋਕੂ ਅਨੁਸ਼ਾਸਨੀ ਕਮੇਟੀ ਨੇ ਸਰਬਜੀਤ ਕੌਰ ਨੂੰ ਡੋਪਿੰਗ ਨਿਯਮਾਂ ਦਾ ਉਲੰਘਣ ਕਰਨ ਦਾ ਦੋਸ਼ੀ ਪਾਇਆ ਹੈ। ਉਨ੍ਹਾਂ 'ਤੇ ਚਾਰ ਸਾਲ ਤੱਕ ਅਯੋਗਤਾ ਦੀ ਪੈਨਲਟੀ ਲਾਈ ਗਈ ਹੈ। ਇਸ ਤੋਂ ਪਹਿਲਾਂ ਸਰਬਜੀਤ ਨੂੰ ਪਾਬੰਦੀ ਸ਼ੁਦਾ ਪਦਾਰਥ ਦੇ ਸੇਵਨ ਦਾ ਦੋਸ਼ੀ ਪਾਇਆ ਗਿਆ ਸੀ। ਉਹ ਪੰਜਾਬ ਦੇ ਗੁਰਦਾਸਪੁਰ ਤੋਂ ਹੈ ਅਤੇ ਉਸ ਨੇ ਪਿੱਛਲੇ ਸਾਲ ਫਰਵਰੀ ਵਿੱਚ ਔਰਤਾਂ ਦੇ 71 ਕਿਲੋਗ੍ਰਾਮ ਵਿੱਚ ਰਾਸ਼ਟਰੀ ਵੇਟਲਿਫਟਿੰਗ ਚੈਂਪੀਅਨਸ਼ਿਪ ਖ਼ਿਤਾਬ ਆਪਣੇ ਨਾਂ ਕੀਤਾ ਸੀ।

## ਮੈਨੂੰ ਤਿਹਾੜ ਵਿੱਚ ਇਕਾਂਤ ਵਿੱਚ ਰੱਖਿਐ, ਘੁੰਮ ਵੀ ਨਹੀਂ ਸਕਦਾ, ਏਦਾਂ ਕਦੋਂ ਤੱਕ ਰਹੂੰਗਾ: ਸ਼ਹਾਬੂਦੀਨ



ਨਵੀਂ ਦਿੱਲੀ, 9 ਜਨਵਰੀ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਰਾਸ਼ਟਰੀ ਜਨਤਾ ਦਲ ਦੇ ਨੇਤਾ ਤੇ ਸਾਬਕਾ ਪਾਰਲੀਮੈਂਟ ਮੈਂਬਰ ਮਹੁੰਮਦ ਸ਼ਹਾਬੂਦੀਨ ਦੀ ਉਸ ਸ਼ਿਕਾਇਤ 'ਤੇ ਧਿਆਨ ਕਰਨ ਲਈ ਕੇਂਦਰ ਸਰਕਾਰ ਨੂੰ ਨਿਰਦੇਸ਼ ਦਿੱਤਾ ਹੈ, ਜਿਸ ਵਿੱਚ ਉਸ ਨੇ ਕਿਹਾ ਹੈ ਕਿ ਉਸ ਨੂੰ ਰਾਜਧਾਨੀ ਦੀ ਤਿਹਾੜ ਜੇਲ੍ਹ ਵਿੱਚ ਇਕਾਂਤ ਵਿੱਚ ਰੱਖਿਆ ਗਿਆ ਹੈ ਅਤੇ ਘੁੰਮਣ-ਫਿਰਣ ਦੀ ਵੀ ਆਜ਼ਾਦੀ ਨਹੀਂ ਦਿੱਤੀ ਜਾ ਰਹੀ ਹੈ।

ਕਤਲ ਕੇਸ ਵਿੱਚ ਤਿਹਾੜ ਜੇਲ੍ਹ ਵਿੱਚ ਬੰਦ ਸਾਬਕਾ ਪਾਰਲੀਮੈਂਟ ਮੈਂਬਰ ਨੇ ਸੁਪਰੀਮ ਕੋਰਟ ਵਿੱਚ ਕੱਲ੍ਹ ਅਰਜ਼ੀ ਪੇਸ਼ ਕਰ ਕੇ ਅਦਾਲਤ ਤੋਂ ਇਹ ਵੀ ਪੁੱਛਿਆ ਕਿ ਕੀ ਉਸ ਨੂੰ ਹਮੇਸ਼ਾ ਇਕਾਂਤ ਵਿੱਚ ਰੱਖਿਆ ਜਾਵੇਗਾ। ਉਸ ਦੀ ਅਰਜ਼ੀ ਉੱਤੇ ਅਦਾਲਤ ਨੇ ਸਾਲਿਸੀਟਰ ਜਨਰਲ ਤੁਸ਼ਾਰ ਮਹਿਤਾ ਨੂੰ ਕਿਹਾ ਕਿ ਉਹ ਸਾਬਕਾ ਪਾਰਲੀਮੈਂਟ ਮੈਂਬਰ ਦੀ ਅਰਜ਼ੀ 'ਤੇ ਧਿਆਨ ਕਰਨ। ਅਦਾਲਤ ਨੇ ਇਹ ਵੀ ਸਾਫ਼ ਕੀਤਾ ਕਿ ਸ਼ਹਾਬੂਦੀਨ ਤੋਂ ਕਿਸੇ ਨੂੰ ਖਤਰਾ ਹੈ ਜਾਂ ਸ਼ਹਾਬੂਦੀਨ ਉੱਤੇ ਖ਼ੁਦ ਖਤਰਾ ਹੈ, ਇਹ ਤਹਿ ਕਰਨਾ ਅਦਾਲਤ ਦਾ ਕੰਮ ਨਹੀਂ। ਸਾਬਕਾ ਪਾਰਲੀਮੈਂਟ ਮੈਂਬਰ ਸ਼ਹਾਬੂਦੀਨ ਨੇ ਇੱਕ ਅਜਿਹੀ ਹੀ ਅਰਜ਼ੀ ਪਿਛਲੇ ਸਾਲ ਦਿੱਲੀ ਹਾਈ ਕੋਰਟ ਵਿੱਚ ਦੇ ਕੇ ਕਿਹਾ ਸੀ ਕਿ ਉਹ ਤਿਹਾੜ ਜੇਲ੍ਹ ਵਿੱਚ ਆਪਣੇ ਨਾਲ ਕੀਤੇ ਜਾ ਰਹੇ ਵਿਹਾਰ ਤੋਂ ਖ਼ੁਸ਼ ਨਹੀਂ ਹੈ। ਸ਼ਹਾਬੂਦੀਨ ਦੀ ਅਰਜ਼ੀ ਉੱਤੇ ਦਿੱਲੀ ਹਾਈ ਕੋਰਟ ਨੇ ਦਿੱਲੀ ਸਰਕਾਰ ਅਤੇ ਕੇਂਦਰੀ ਜਾਂਚ ਬਿਊਰੋ (ਸੀ ਬੀ ਆਈ) ਨੂੰ ਨੋਟਿਸ ਜਾਰੀ ਕੀਤਾ ਸੀ। ਸ਼ਹਾਬੂਦੀਨ ਨੇ ਆਪਣੀ ਅਰਜ਼ੀ ਵਿੱਚ ਕਿਹਾ ਕਿ ਉਸ ਨਾਲ ਚੰਗਾ ਵਿਹਾਰ ਨਹੀਂ ਕੀਤਾ ਜਾ ਰਿਹਾ, ਉਸ ਨੂੰ ਇਕੱਲੇ ਕਾਲ-ਕੋਠਰੀ ਵਿੱਚ ਬੰਦ ਕੀਤਾ ਗਿਆ ਹੈ, ਜਿੱਥੇ ਉਹ ਕਿਸੇ ਨਾਲ ਗੱਲ ਵੀ ਨਹੀਂ ਕਰ ਸਕਦਾ। ਇਸਦੇ ਇਲਾਵਾ ਸ਼ਹਾਬੂਦੀਨ ਨੇ ਆਪਣੀ ਸੁਰੱਖਿਆ ਬਾਰੇ ਵੀ ਸਵਾਲ ਉਠਾਏ ਸੀ।


## ਢਾਈ ਕਰੋੜ ਦੀ ਜਰਮਨ ਕਾਰ ਉੱਤੇ 27 ਲੱਖ ਰੁਪਏ ਜੁਰਮਾਨਾ

ਅਹਿਮਦਾਬਾਦ, 9 ਜਨਵਰੀ (ਪੋਸਟ ਬਿਊਰੋ)- ਗੁਜਰਾਤ ਦੇ ਅਹਿਮਦਾਬਾਦ ਵਿੱਚ ਟਰੈਫਿਕ ਪੁਲਸ ਨੇ ਇੱਕ ਲਗਜਰੀ ਕਾਰ ਲਈ ਦੇਸ਼ ਵਿੱਚ ਅੱਜ ਤੱਕ ਦਾ ਸਭ ਤੋਂ ਵੱਡਾ ਜੁਰਮਾਨਾ ਵਸੂਲ ਕੀਤਾ ਹੈ।

ਟਰੈਫਿਕ ਪੁਲਸ ਨੇ ਟਵੀਟ ਕਰ ਕੇ ਇਹ ਦਾਅਵਾ ਕੀਤਾ ਹੈ ਕਿ 29 ਨਵੰਬਰ 2019 ਨੂੰ ਰੂਟੀਨ ਚੈਕਿੰਗ ਦੌਰਾਨ ਅਹਿਮਦਾਬਾਦ ਵੈਸਟ ਇਲਾਕੇ ਵਿੱਚ ਟਰੈਫਿਕ ਪੁਲਸ ਨੇ ਪੋਰਸ਼ੇ 911 ਕਾਰ ਨੂੰ ਡਿਟੇਨ ਕੀਤਾ ਸੀ। ਇਸ ਕਾਰ ਦੀ ਨੰਬਰ ਪਲੇਟ ਨਹੀਂ ਸੀ ਤੇ ਕੁਝ ਜ਼ਰੂਰੀ ਦਸਤਾਵੇਜ਼ ਵੀ ਪੁਲਸ ਨੂੰ ਨਹੀਂ ਮਿਲੇ। ਇਸ ਦੇ ਬਾਅਦ ਪੁਲਸ ਨੇ ਗੱਡੀ ਨੂੰ ਕਬਜ਼ੇ ਵਿੱਚ ਲੈ ਲਿਆ ਅਤੇ ਮਾਲਿਕ 'ਤੇ ਨੌਂ ਲੱਖ ਅੱਸੀ ਹਜ਼ਾਰ ਰੁਪਏ ਦਾ ਜੁਰਮਾਨਾ ਲਾ ਦਿੱਤਾ। ਪੁਲਸ ਨੇ ਦੱਸਿਆ ਕਿ ਕਾਰ ਦੇ ਮਾਲਕ ਤੋਂ ਚਾਰ ਲੱਖ ਦਾ ਜੁਰਮਾਨਾ, 16 ਲੱਖ ਰੁਪਏ ਦਾ ਬਕਾਇਆ ਟੈਕਸ ਅਤੇ ਸੱਤ ਲੱਖ 68 ਹਜ਼ਾਰ ਰੁਪਏ ਵਿਆਜ ਵਸੂਲੇ ਗਏ ਹਨ। ਪੁਲਸ ਨੇ ਟਵੀਟ ਕਰ ਕੇ ਦੱਸਿਆ ਕਿ ਇਹ ਦੇਸ਼ ਵਿੱਚ ਅੱਜ ਤੱਕ ਵਸੂਲਿਆ ਗਿਆ ਸਭ ਤੋਂ ਵੱਡਾ ਜੁਰਮਾਨਾ ਹੈ। ਦੱਸਿਆ ਗਿਆ ਹੈ ਕਿ ਪੁਲਸ ਵੱਲੋਂ ਜ਼ਬਤ ਕੀਤੀ ਜਰਮਨ ਕਾਰ ਦੀ ਕੀਮਤ ਢਾਈ ਕਰੋੜ ਰੁਪਏ ਦੇ ਆਸਪਾਸ ਹੈ।

### ਐੱਨ ਡੀ ਏ ਵਿੱਚ ਫਿਰ ਤਲਖੀ

## ਬਿਹਾਰ 'ਚ ਲੋਕ ਭਾਜਪਾ ਦਾ ਮੁੱਖ ਮੰਤਰੀ ਵੇਖਣਾ ਚਾਹੁੰਦੇ ਹਨ: ਸੰਜੇ ਪਾਸਵਾਨ



ਪਟਨਾ, 9 ਜਨਵਰੀ (ਪੋਸਟ ਬਿਊਰੋ)- ਸਾਲ 2020 ਦੇ ਸ਼ੁਰੂ ਹੁੰਦੇ ਹੀ ਬਿਹਾਰ ਦੀ ਚੋਣ ਚਰਚਾ ਜ਼ੋਰ ਫੜਨ ਲੱਗੀ ਹੈ। ਭਾਰਤੀ ਜਨਤਾ ਪਾਰਟੀ ਦੇ ਬਿਹਾਰ ਵਿਧਾਨ ਕੌਂਸਲ ਦੇ ਮੈਂਬਰ ਸੰਜੇ ਪਾਸਵਾਨ ਨੇ ਅਜਿਹਾ ਬਿਆਨ ਦਿੱਤਾ ਹੈ, ਜੋ ਸੂਬੇ ਦੀ ਸਿਆਸਤ ਵਿੱਚ ਤਲਖੀ ਪੈਦਾ ਕਰ ਸਕਦਾ ਹੈ। ਸੰਜੇ ਪਾਸਵਾਨ ਨੇ ਕਿਹਾ ਕਿ ਬਿਹਾਰ ਦੇ ਲੋਕ ਕਿਸੇ ਭਾਜਪਾ ਨੇਤਾ ਨੂੰ ਹੀ ਸੂਬੇ ਦੇ ਮੁੱਖ ਮੰਤਰੀ ਵਜੋਂ ਦੇਖਣਾ ਚਾਹੁੰਦੇ ਹਨ।

ਇਸ ਇਰਾਦੇ ਨਾਲ ਸੰਜੇ ਪਾਸਵਾਨ ਨੇ ਜਨਤਾ ਦਲ (ਯੂ) ਨੂੰ ਝਟਕਾ ਦਿੰਦੇ ਹੋਏ ਕਿਹਾ ਕਿ ਬਿਹਾਰ ਵਿੱਚ ਸਭ ਤੋਂ ਮਜ਼ਬੂਤ ਤੇ ਸਭ ਤੋਂ ਸਰਗਰਮ ਪਾਰਟੀ ਭਾਜਪਾ ਹੈ। ਉਨ੍ਹਾਂ ਕਿਹਾ ਕਿ ਆਖਰੀ ਫੈਸਲਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸੂਬੇ ਦੇ ਉਪ ਮੁੱਖ ਮੰਤਰੀ ਸੁਸ਼ੀਲ ਮੋਦੀ ਨੇ ਕਰਨਾ ਹੈ, ਪਰ ਬਿਹਾਰ ਵਿੱਚ ਭਾਜਪਾ ਆਪਣੇ ਦਮ 'ਤੇ ਚੋਣਾਂ ਜਿੱਤਣ ਵਿੱਚ ਸਮਰੱਥ ਹੈ। ਸੰਜੇ ਪਾਸਵਾਨ ਦਾ ਇਹ ਬਿਆਨ ਇਸ ਲਈ ਅਹਿਮ ਹੈ ਕਿ ਬਿਹਾਰ ਵਿੱਚ ਜਨਤਾ ਦਲ (ਯੂ)-ਭਾਜਪਾ-ਲੋਕ ਜਨਸ਼ਕਤੀ ਗਠਜੋੜ ਦੀ ਸਰਕਾਰ ਹੈ ਅਤੇ ਇਸ ਦੀ ਕਮਾਂਡ ਜਨਤਾ ਦਲ (ਯੂ) ਦੇ ਨੇਤਾ ਨਿਤੀਸ਼ ਕੁਮਾਰ ਕੋਲ ਹੈ। ਭਾਜਪਾ ਦੇ ਕੌਮੀ ਪ੍ਰਧਾਨ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕੁਝ ਦਿਨ ਪਹਿਲਾਂ ਨਿਤੀਸ਼ ਕੁਮਾਰ ਦੀ ਭੂਮਿਕਾ ਦੀ ਸ਼ਲਾਘਾ ਕੀਤੀ ਅਤੇ ਕਿਹਾ ਸੀ ਕਿ ਨਿਤੀਸ਼ ਕੁਮਾਰ ਦੀ ਅਗਵਾਈ ਹੇਠ ਹੀ ਬਿਹਾਰ ਵਿੱਚ ਅਸੈਂਬਲੀ ਚੋਣਾਂ ਲੜੀਆਂ ਜਾਣਗੀਆਂ।

## ਗ੍ਰਾਹਕ ਦਾ ਦਸਤਾਵੇਜ਼ ਗੁਆਚਣ ਉੱਤੇ ਸਟੇਟ ਬੈਂਕ ਨੂੰ ਜੁਰਮਾਨਾ




ਕੋਲਕਾਤਾ, 9 ਜਨਵਰੀ (ਪੋਸਟ ਬਿਊਰੋ)- ਰਾਸ਼ਟਰੀ ਖਪਤਕਾਰ ਕਮਿਸ਼ਨ (ਐੱਨ ਸੀ ਡੀ ਆਰ ਸੀ) ਨੇ ਭਾਰਤੀ ਸਟੇਟ ਬੈਂਕ (ਐੱਸ ਬੀ ਆਈ) ਨੂੰ ਇੱਕ ਗ੍ਰਾਹਕ ਨੂੰ ਉਸ ਦੀ ਜਾਇਦਾਦ ਦੀ ਟਾਈਟਲ ਡੀਡ (ਦਸਤਾਵੇਜ਼) ਵਾਪਸ ਕਰਨ ਵਿੱਚ ਅਸਫਲ ਰਹਿਣ ਲਈ ਪੰਜ ਲੱਖ ਰੁਪਏ ਜੁਰਮਾਨਾ ਕੀਤਾ ਹੈ।

ਕੋਲਕਾਤਾ ਦੇ ਅਮਿਤੇਸ਼ ਮਜੂਮਦਾਰ ਨੇ ਆਪਣੀ ਜਾਇਦਾਦ ਦੇ ਬਦਲੇ ਐੱਸ ਬੀ ਆਈ ਤੋਂ 13.5 ਲੱਖ ਰੁਪਏ ਦਾ ਕਰਜ਼ਾ ਲਿਆ ਸੀ। ਕਰਜ਼ਾ ਦੀ ਪੂਰੀ ਰਾਸ਼ੀ ਮੋੜਨ ਦੇ ਬਾਅਦ ਬੈਂਕ ਨੇ ਉਨ੍ਹਾਂ ਨੂੰ ਜਾਇਦਾਦ ਦੇ ਦਸਤਾਵੇਜ਼ ਵਾਪਸ ਨਹੀਂ ਕੀਤੇ। ਬੈਂਕ ਨੇ ਮੰਨਿਆ ਕਿ ਕਰਜ਼ੇ ਦਾ ਭੁਗਤਾਨ ਮਜੂਮਦਾਰ ਨੇ ਕਰ ਦਿੱਤਾ ਸੀ, ਪ੍ਰੰਤੂ ਨਾਲ ਇਹ ਵੀ ਕਿਹਾ ਕਿ ਉਨ੍ਹਾਂ ਦਾ ਦਸਤਾਵੇਜ਼ ਨਹੀਂ ਮਿਲ ਰਿਹਾ। ਕਮਿਸ਼ਨ ਨੇ ਪਾਇਆ ਕਿ ਦਸਤਾਵੇਜ਼ ਦੇ ਬਿਨਾਂ ਗ੍ਰਾਹਕ ਨੂੰ ਉਸ ਦੀ ਜਾਇਦਾਦ ਦਾ ਅਸਲੀ ਮਾਰਕੀਟ ਮੁੱਲ ਨਹੀਂ ਮਿਲੇਗਾ ਤੇ ਨਾ ਕੋਈ ਬੈਂਕ ਉਸ ਨੂੰ ਭਵਿੱਖ ਵਿੱਚ ਕਰਜ਼ਾ ਦੇਵੇਗਾ। ਐੱਨ ਸੀ ਡੀ ਆਰ ਸੀ ਨੇ ਕਿਹਾ ਕਿ ਜਦ ਤੱਕ ਜਾਇਦਾਦ ਦਾ ਦਸਤਾਵੇਜ਼ ਜਮ੍ਹਾ ਨਹੀਂ ਹੋ ਜਾਂਦਾ, ਤਦ ਤੱਕ ਕੋਈ ਬੈਂਕ ਕਰਜ਼ਾ ਨਹੀਂ ਦੇਵੇਗਾ। ਕਮਿਸ਼ਨ ਨੇ ਬੰਗਾਲ ਰਾਜ ਖਪਤਕਾਰ ਕਮਿਸ਼ਨ ਦੇ ਉਸ ਹੁਕਮ ਨੂੰ ਕਾਇਮ ਰੱਖਿਆ, ਜਿਸ ਵਿੱਚ ਉਨ੍ਹਾਂ ਨੇ ਇਸ ਮਾਮਲੇ ਵਿੱਚ ਐੱਸ ਬੀ ਆਈ ਨੂੰ ਪੰਜ ਲੱਖ ਰੁਪਏ ਮੁਆਵਜ਼ੇ ਦੇ ਨਾਲ ਗ੍ਰਾਹਕ ਨੂੰ ਤੀਹ ਹਜ਼ਾਰ ਰੁਪਏ ਕੇਸ ਲੜਨ 'ਤੇ ਹੋਏ ਖਰਚ ਵੀ ਦੇਣ ਦਾ ਹੁਕਮ ਦਿੱਤਾ ਸੀ। ਖਪਤਕਾਰ ਫੋਰਮ ਨੇ ਐੱਸ ਬੀ ਆਈ ਨੂੰ ਤਿੰਨ ਪ੍ਰਮੁੱਖ ਅਖਬਾਰਾਂ ਵਿੱਚ ਪ੍ਰਾਪਰਟੀ ਦਸਤਾਵੇਜ਼ ਗੁਆਚਣ ਨਾਲ ਸੰਬੰਧਤ ਇਸ਼ਤਿਹਾਰ ਛਪਾਉਣ ਦਾ ਵੀ ਹੁਕਮ ਦਿੱਤਾ ਸੀ।

## ਔਰਤਾਂ ਨਾਲ ਮਰਦ ਫੇਸ-ਟੂ-ਫੇਸ ਜ਼ਿਆਦਾ ਝੂਠ ਬੋਲਦੇ ਹਨ

ਨਵੀਂ ਦਿੱਲੀ, 9 ਜਨਵਰੀ (ਪੋਸਟ ਬਿਊਰੋ)- ਮਰਦਾਂ ਨੂੰ ਲੱਗਦਾ ਹੈ ਕਿ ਉਹ ਔਰਤਾਂ ਦੇ ਮੁਕਾਬਲੇ ਕਿਤੇ ਚੰਗਾ ਝੂਠ ਬੋਲ ਸਕਦੇ ਹਨ। ਝੂਠ ਬੋਲਣ ਕੇ ਇਸ ਤੋਂ ਸਾਫ ਬਚ ਨਿਕਲਣ ਦੇ ਮਾਹਰ ਹਨ।

ਇਹ ਗੱਲ ਪਿੱਛੇ ਜਿਹੇ ਹੋਈ ਇੱਕ ਸਟੱਡੀ ਵਿੱਚ ਸਾਹਮਣੇ ਆਈ ਹੈ। ਪਤਾ ਲੱਗਾ ਹੈ ਕਿ ਮਰਦ ਟੈਕਸਟ ਮੈਸੇਜ ਅਤੇ ਸੋਸ਼ਲ ਮੀਡੀਆ ਦੀ ਥਾਂ ਫੇਸ-ਟੂ-ਫੇਸ ਜ਼ਿਆਦਾ ਝੂਠ ਬੋਲਦੇ ਹਨ। ਇਹ ਸਟੱਡੀ ਯੂਨੀਵਰਸਿਟੀ ਆਫ ਪੋਸਟਮਾਊਥ, ਯੂ ਕੇ ਵੱਲੋਂ ਕੀਤੀ ਗਈ ਸੀ। ਖੋਜ 'ਚ ਪਤਾ ਲੱਗਾ ਹੈ ਕਿ ਜੋ ਲੋਕ ਗੱਲਬਾਤ ਕਰਨ ਵਿੱਚ ਬਿਹਤਰ ਹੁੰਦੇ ਹਨ ਯਾਨੀ ਜੋ ਟਾਕ-ਐਕਟਿਵ ਹੁੰਦੇ ਹਨ, ਉਹ ਲੋਕ ਦੂਸਰਿਆਂ ਦੇ ਮੁਕਾਬਲੇ ਕਿਤੇ ਵੱਧ ਸਫਾਈ ਨਾਲ ਝੂਠ ਬੋਲਦੇ ਹਨ। ਉਥੇ ਮਰਦਾਂ ਨੂੰ ਲੱਗਦਾ ਹੈ ਕਿ ਉਹ ਝੂਠ ਬੋਲ ਕੇ ਸਾਫ ਬਚ ਨਿਕਲਣ ਵਿੱਚ ਔਰਤਾਂ ਤੋਂ ਵੱਧ ਮਾਹਰ ਹੁੰਦੇ ਹਨ। ਝੂਠ ਬੋਲਣ ਵਾਲੇ ਲੋਕ ਆਪਣੇ ਪਰਵਾਰ, ਦੋਸਤਾਂ, ਲਵ ਪਾਰਟਨਰ ਤੇ ਕਲੀਗਸ ਨਾਲ ਸਭ ਤੋਂ ਵੱਧ ਝੂਠ ਬੋਲਦੇ ਹਨ, ਪਰ ਇਹ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਸਭ ਤੋਂ ਘੱਟ ਝੂਠ ਬੋਲਦੇ ਹਨ।

ਖੋਜ ਨਾਲ ਜੁੜੀ ਬ੍ਰਿਯਾਨਾ ਵੇਰੀਜਿਨ ਦਾ ਕਹਿਣਾ ਹੈ ਕਿ ਅਸੀਂ ਖੋਜ 'ਚ ਪਾਇਆ ਕਿ ਜੈਂਡਰ ਅਤੇ ਝੂਠ ਬੋਲਣ ਵਾਲੇ ਲੋਕਾਂ ਵਿਚਾਲੇ ਇੱਕ ਸ਼ਾਨਦਾਰ ਲਿੰਕ ਹੈ। ਪਿਛਲੀ ਸਟੱਡੀਜ਼ 'ਚ ਸਾਹਮਣੇ ਆਇਆ ਸੀ ਕਿ ਹਰ ਇਨਸਾਨ ਰੋਜ਼ਾਨਾ ਇੱਕ ਤੋਂ ਦੋ ਵਾਰ ਝੂਠ ਬੋਲਦਾ ਹੈ, ਪਰ ਇਸ ਦੇ ਅੱਗੇ ਦੀ ਸਟੱਡੀ ਵਿੱਚ ਨਤੀਜੇ ਕੁਝ ਬਦਲ ਗਏ। ਪਿਛਲੀ ਖੋਜ ਵਿੱਚ ਸਾਹਮਣੇ ਆਇਆ ਕਿ ਹਰ ਵਿਅਕਤੀ ਰੋਜ਼ ਕੁਝ ਨਾ ਕੁਝ ਝੂਠ ਬੋਲੇ ਅਜਿਹਾ ਜ਼ਰੂਰੀ ਨਹੀਂ। ਕੁਝ ਗਿਣਤੀ ਦੇ ਲੋਕ ਹੀ ਹੁੰਦੇ ਹਨ, ਜੋ ਰੋਜ਼ਾਨਾ ਝੂਠ ਬੋਲਦੇ ਹਨ ਤੇ ਝੂਠ ਬੋਲਣ 'ਚ ਮਾਹਰ ਹੁੰਦੇ ਹਨ। ਖੋਜ 'ਚ ਸ਼ਾਮਲ 194 ਲੋਕਾਂ ਨੂੰ ਸਵਾਲਾਂ ਦੀ ਇੱਕ ਸੀਰੀਜ਼ ਦਿੱਤੀ ਗਈ, ਜਿਨ੍ਹਾਂ ਦਾ ਉਨ੍ਹਾਂ ਨੂੰ ਜਵਾਬ ਦੇਣਾ ਸੀ। ਇਨ੍ਹਾਂ ਵਿੱਚ ਇਹ ਸਵਾਲ ਸ਼ਾਮਲ ਸੀ ਕਿ ਉਹ ਖੁਦ ਨੂੰ ਕਿੰਨਾ ਬਿਹਤਰ ਲਾਇਰ ਮੰਨਦੇ ਹਨ ਅਤੇ ਪਿਛਲੇ 24 ਘੰਟਿਆਂ ਵਿੱਚ ਉਨ੍ਹਾਂ ਕਿੰਨੇ ਝੂਠ ਬੋਲੇ ਹਨ। ਇਨ੍ਹਾਂ ਲੋਕਾਂ ਵਿੱਚ ਅੱਧੇ ਮਰਦ ਤੇ ਅੱਧੀਆਂ ਔਰਤਾਂ ਸਨ। ਖੋਜ 'ਚ ਮਜ਼ੇਦਾਰ ਗੱਲ ਸਾਹਮਣੇ ਆਈ ਕਿ ਜ਼ਿਆਦਾਤਰ ਲੋਕ ਅਜਿਹੇ ਝੂਠ ਬੋਲਦੇ ਹਨ, ਜੋ ਸੱਚ ਦੇ ਬਹੁਤ ਨੇੜੇ ਹੁੰਦੇ ਹਨ। ਜੂਠ ਬੋਲਣ ਦੀ ਇੱਕ ਯੋਗਤਾ ਦਾ ਪੜ੍ਹਾਈ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।

## ਨਾਗਰਿਕਾਂ ਨੂੰ ਕਾਨੂੰਨ ਦੀ ਇਜਾਜ਼ਤ ਬਿਨਾਂ ਉਸ ਦੀ ਜਾਇਦਾਦ ਤੋਂ ਸਰਕਾਰ ਵਾਂਝਾ ਨਹੀਂ ਕਰ ਸਕਦੀ



ਨਵੀਂ ਦਿੱਲੀ, 9 ਜਨਵਰੀ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕੱਲ੍ਹ ਕਿਹਾ ਕਿ ਕਾਨੂੰਨ ਦੇ ਰਾਜ ਵੱਲੋਂ ਸ਼ਾਸਤ ਇੱਕ ਲੋਕਤੰਤਰੀ ਰਾਜਨੀਤੀ 'ਚ ਸਰਕਾਰ ਕਾਨੂੰਨ ਦੀ ਇਜਾਜ਼ਤ ਤੋਂ ਬਿਨਾਂ ਨਾਗਰਿਕਾਂ ਨੂੰ ਉਨ੍ਹਾਂ ਦੀ ਜਾਇਦਾਦ ਤੋਂ ਵਾਂਝਾ ਨਹੀਂ ਕਰ ਸਕਦੀ। ਕਾਨੂੰਨ ਦੀ ਉਚਿਤ ਪ੍ਰਕਿਰਿਆ ਬਿਨਾਂ ਨਾਗਰਿਕਾਂ ਨੂੰ ਉਨ੍ਹਾਂ ਦੀ ਨਿੱਜੀ ਸੰਪਤੀ ਤੋਂ ਵਾਂਝਾ ਕਰਨਾ ਮਨੁੱਖੀ ਅਧਿਕਾਰਾਂ ਤੇ ਸੰਵਿਧਾਨ ਦੇ ਆਰਟੀਕਲ 300ਏ ਹੇਠ ਆਉਂਦੇ ਸੰਵਿਧਾਨਿਕ ਅਧਿਕਾਰ ਦਾ ਉਲੰਘਣਾ ਹੋਵੇਗਾ। ਜਸਟਿਸ ਇੰਦੂ ਮਲਹੋਤਰਾ ਅਤੇ ਜਸਟਿਸ ਅਜੇ ਰਸਤੋਗੀ ਵਾਲੇ ਬੈਂਚ ਨੇ ਆਪਣੇ ਫ਼ੈਸਲੇ 'ਚ ਕਿਹਾ ਕਿ ਕਾਨੂੰਨ ਦੇ ਰਾਜ ਰਾਹੀਂ ਚੱਲਦਾ ਰਾਜ ਇੱਕ ਕਲਿਆਣਕਾਰੀ ਰਾਜ ਹੁੰਦਿਆਂ ਆਪਣੇ ਆਪ ਨੂੰ ਸੰਵਿਧਾਨ ਵੱਲੋਂ ਦਿੱਤੇ ਦਰਜੇ ਤੋਂ ਅੱਗੇ ਜਾ ਕੇ ਆਪਣੇ-ਆਪ ਨੂੰ ਕੋਈ ਦਰਜਾ ਨਹੀਂ ਦੇ ਸਕਦਾ। ਅਦਾਲਤ ਨੇ ਹਿਮਾਚਲ ਪ੍ਰਦੇਸ਼ ਦੀ ਸਰਕਾਰ ਨੂੰ ਅੱਠ ਹਫ਼ਤਿਆਂ ਦੇ ਅੰਦਰ ਅਨਪੜ੍ਹ ਵਿਧਵਾ ਨੂੰ ਸਾਰੇ ਕਾਨੂੰਨੀ ਲਾਭਾਂ ਨਾਲ ਮੁਆਵਜ਼ਾ ਦੇਣ ਦੇ ਨਿਰਦੇਸ਼ ਦਿੱਤੇ, ਜਿਸ ਦੀ ਜ਼ਮੀਨ ਨੂੰ ਸਰਕਾਰ ਨੇ 1967-68 ਵਿੱਚ ਹਮੀਰਪੁਰ ਜ਼ਿਲ੍ਹੇ 'ਚ ਨਦੌਣ-ਸੁਜਾਨਪੁਰ ਸੜਕ ਦਾ ਨਿਰਮਾਣ ਕਰਨ ਲਈ ਬਿਨਾਂ ਜ਼ਮੀਨ ਪ੍ਰਾਪਤੀ ਦੀ ਪ੍ਰਕਿਰਿਆ ਅਪਣਾਏ ਹਾਸਲ ਕੀਤਾ ਸੀ।



## ਪ੍ਰਾਸੈਸਡ ਫੂਡ ਦੇ ਸ਼ੌਕੀਨਾਂ ਨੂੰ ਮੋਟਾਪੇ ਨਾਲ ਕਈ ਹੋਰ ਬਿਮਾਰੀਆਂ ਦਾ ਖਤਰਾ

ਨਵੀਂ ਦਿੱਲੀ, 9 ਜਨਵਰੀ (ਪੋਸਟ ਬਿਊਰੋ)- ਆਪਣੀ ਪਸੰਦ ਦਾ ਖਾਣਾ ਦੇਖਦੇ ਹੀ ਸਾਡੇ ਟੇਸਟ ਬਡ ਐਕਟਿਵ ਹੋ ਜਾਂਦੇ ਹਨ ਅਤੇ ਸਾਡਾ ਮੂੰਹ ਪਾਣੀ ਨਾਲ ਭਰ ਜਾਂਦਾ ਹੈ, ਪਰ ਕੀ ਕਦੇ ਸੋਚਿਆ ਹੈ ਕਿ ਸਵਾਦੀ ਖਾਣਾ ਦੇਖਦੇ ਹੀ ਅਜਿਹਾ ਕਿਉਂ ਹੁੰਦਾ ਹੈ ਅਤੇ ਕਿਉਂ ਅਸੀਂ ਜਾਣੇ-ਅਣਜਾਣੇ ਓਵਰ ਈਟਿੰਗ ਕਰਨ ਲੱਗਦੇ ਹਾਂ।

ਸਟੱਡੀ 'ਚ ਸਾਹਮਣੇ ਆਇਆ ਹੈ ਕਿ ਹਾਈ ਕੈਲੋਰੀਜ਼ ਫੂਡ ਖਾ ਕੇ ਜੋ ਸਾਨੂੰ ਖੁਸ਼ੀ ਮਿਲਦੀ ਹੈ, ਉਹੀ ਖੁਸ਼ੀ ਸਾਡੇ ਨੈਚੂਰਲ ਫੀਡਿੰਗ ਸ਼ਡਿਊਲ ਨੂੰ ਡਿਸਟਰਬ ਕਰਨ ਦਾ ਕਾਰਨ ਬਣ ਸਕਦਾ ਹੈ। ਇਸ ਕਾਰਨ ਅਸੀਂ ਆਪਣੀ ਲੋੜ ਨਾਲੋਂ ਜ਼ਿਆਦਾ ਖਾਣਾ ਖਾ ਲੈਂਦੇ ਹਾਂ। ਸਾਡੇ ਦਿਮਾਗ ਦੀ ਖੁਸ਼ੀ ਦਾ ਸੈਂਟਰ ਜਿੱਥੇ ਡੋਪਾਮਾਈਨ ਹਾਰਮੋਨ ਬਣਦਾ ਹੈ ਅਤੇ ਸਾਡੀ ਬਾਇਓਲਾਜੀਕਲ ਕਲਾਕ, ਜੋ ਸਾਡੇ ਸਰੀਰ ਦੀ ਸਾਈਕੋਲੀਜਕਲ ਰਿਦਮ ਨੂੰ ਮੈਨੇਜ ਕਰਦੀ ਹੈ, ਇਨ੍ਹਾਂ ਦੋਵਾਂ ਵਿਚਾਲੇ ਹੋਰ ਡੂੰਘਾ ਕੁਨੈਕਸ਼ਨ ਹੋ ਸਕਦਾ ਹੈ। ਇਹ ਗੱਲ ਹਾਲ ਹੀ 'ਚ ਜਰਨਲ ਕਰੰਟ ਬਾਇਓਲਾਜੀ 'ਚ ਪਬਲਿਸ਼ ਹੋਈ ਸਟੱਡੀ 'ਚ ਸਾਹਮਣੇ ਆਈ ਹੈ। ਇਹ ਖੋਜ ਯੂਨੀਵਰਸਿਟੀ ਆਫ ਵਰਜੀਨੀਆ ਵੱਲੋਂ ਕੀਤੀ ਗਈ ਹੈ। ਇਸ ਦੇ ਲੀਡ ਆਰਥਰ ਅਲੀ ਗੁਲੇਰ ਮੁਤਾਬਕ ਲੈਬਾਰਟਰੀ ਟੈਸਟ 'ਚ ਸਾਹਮਣੇ ਆਇਆ ਕਿ ਨਾਰਮਲ ਈਟਿੰਗ, ਐਕਸਰਸਾਈਜ਼ ਤੇ ਲੋਅ ਫੈਟ ਡਾਈਟ ਲੈਣ ਵਾਲੇ ਲੋਕਾਂ ਦਾ ਵੇਟ ਮੇਨਟੇਨ ਰਹਿੰਦਾ ਹੈ ਅਤੇ ਉਨ੍ਹਾਂ ਨੂੰ ਵਾਰ-ਵਾਰ ਸਨੈਕਸ ਆਦਿ ਚੀਜ਼ਾਂ ਦੀ ਲੋੜ ਨਹੀਂ ਹੁੰਦੀ, ਪਰ ਜੋ ਲੋਕ ਹਾਈ ਕੈਲੋਰੀਜ਼ ਡਾਈਟ, ਹਾਈ ਫੈਟ ਤੇ ਸ਼ੂਗਰ ਦੀ ਵਰਤੋਂ ਕਰਦੇ ਹਨ, ਉਨ੍ਹਾਂ ਨੂੰ ਦਿਨ ਵਿੱਚ ਵਾਰ-ਵਾਰ ਸਨੈਕਸ ਲੈਣ ਦੀ ਇੱਛਾ ਹੁੰਦੀ ਹੈ ਅਤੇ ਉਹ ਇਸ ਕਾਰਨ ਓਵਰ ਈਟਿੰਗ ਕਰਦੇ ਹਨ ਅਤੇ ਉਨ੍ਹਾਂ ਦਾ ਭਾਰ ਲਗਾਤਾਰ ਵਧਣ ਲੱਗਦਾ ਹੈ। ਖੋਜਕਾਰਾਂ ਮੁਤਾਬਕ ਪਿਛਲੇ 50 ਸਾਲਾਂ 'ਚ ਨਾ ਸਿਰਫ ਅਮਰੀਕਾ ਸਗੋਂ ਦੁਨੀਆ ਭਰ ਦੇ ਦੇਸ਼ਾਂ 'ਚ ਲੋਕਾਂ ਦੇ ਖਾਣ-ਪੀਣ ਵਿੱਚ ਡ੍ਰਾਮੇਟਿਕਲੀ ਬਦਲਾਅ ਆਇਆ ਹੈ। ਲੋਕ ਪ੍ਰਾਸੈਸਡ ਅਤੇ ਪੈਕੇਡ ਫੂਡ ਦੀ ਦਿਨ ਰਾਤ ਵਰਤੋਂ ਕਰਦੇ ਹਨ। ਅਜਿਹਾ ਖਾਣਾ ਲੰਬੇ ਸਮੇਂ ਤੱਕ ਖਾਣ 'ਤੇ ਸਿਹਤ ਨੂੰ ਇਸ ਦੀ ਕੀਮਤ ਚੁਕਾਉਣੀ ਪੈਂਦੀ ਹੈ।

ਖੋਜ ਮੁਤਾਬਕ ਪ੍ਰਾਸੈਸਡ ਅਤੇ ਪੈਕੇਡ ਫੂਡ ਸ਼ੂਗਰ, ਕਾਰਬਸ ਅਤੇ ਕੈਲੋਰੀਜ਼ ਨਾਲ ਭਰੇ ਹੁੰਦੇ ਹਨ, ਪਰ ਇਨ੍ਹਾਂ ਨੂੰ ਰੋਜ਼ ਖਾਧਾ ਜਾਵੇ ਤਾਂ ਇਹ ਮੋਟਾਪੇ ਦੇ ਨਾਲ ਹੀ ਸਰੀਰ ਨੂੰ ਕਈ ਬਿਮਾਰੀਆਂ ਤੋਹਫੇ ਵਿੱਚ ਦਿੰਦੇ ਹਨ। ਜੋ ਲੋਕ ਪੂਰੀ ਨੀਂਦ ਨਹੀਂ ਲੈਂਦੇ ਤੇ ਜਿਨ੍ਹਾਂ ਦੇ ਸੌਣ-ਜਾਗਣ ਦਾ ਸਮਾਂ ਨਿਰਧਾਰਤ ਨਹੀਂ, ਜ਼ਿਆਦਾਤਰ ਉਨ੍ਹਾਂ ਵਿੱਚ ਓਵਰ ਈਟਿੰਗ ਦੀ ਆਦਤ ਦੇਖਣ ਨੂੰ ਮਿਲਦੀ ਹੈ। ਖਾਸ ਗੱਲ ਇਹ ਹੈ ਕਿ ਜੇ ਡੋਪਾਮਾਈਨ ਸਿਗਨਲ ਨਾਲ ਹਾਈ ਕੈਲੋਰੀਜ਼ ਫੂਡ ਦਾ ਪਲੇਜ਼ਰ ਮਿਲਣਾ ਬੰਦ ਹੋ ਜਾਵੇ ਤਾਂ ਵੀ ਲੋਕ ਹਾਈ ਕੈਲੋਰੀ ਫੂਡ ਖਾ ਕੇ ਪਤਲੇ ਰਹਿ ਸਕਦੇ ਹਨ, ਪਰ ਡੋਪਾਮਾਈਨ ਦਾ ਨਾ ਬਣਨਾ ਸਰੀਰ ਲਈ ਚੰਗਾ ਨਹੀਂ ਹੈ।

# ਅਰਬ ਸਾਗਰ ਵਿੱਚ ਚੀਨ ਅਤੇ ਪਾਕਿ ਦੇ ਫੌਜੀ ਅਭਿਆਸ, ਪਹਿਲੀ ਵਾਰ ਪਣਡੁੱਬੀ ਵੀ ਸ਼ਾਮਲ

ਬੀਜਿੰਗ, 9 ਜਨਵਰੀ (ਪੋਸਟ ਬਿਊਰੋ)- ਭਾਰਤ ਦੇ ਪੱਖ ਤੋਂ ਰਣਨੀਤਕ ਮਹੱਤਵ ਵਾਲੇ ਅਰਬ ਸਾਗਰ ਵਿੱਚ ਚੀਨ ਅਤੇ ਪਾਕਿ-ਸਤਾਨ ਦੀਆਂ ਸਮੁੰਦਰੀ ਫੌਜਾਂ ਨੌਂ ਦਿਨਾਂ ਅਭਿਆਸ ਕਰ ਰਹੀਆਂ ਹਨ। ਦੋਵਾਂ ਦੇਸ਼ਾਂ ਦੇ ਇਸ ਛੇਵੇਂ ਅਭਿਆਸ ਵਿੱਚ ਪਹਿਲੀ ਵਾਰ ਪਣਡੁੱਬੀਆਂ ਸ਼ਾਮਲ ਕੀਤੀਆਂ ਗਈਆਂ ਹਨ।




ਇਹ ਫੌਜੀ ਅਭਿਆਸ ਚੀਨ ਅਤੇ ਪਾਕਿਸਤਾਨ ਆਪਣੀ ਸਦਾਬਹਾਰ ਰਣਨੀਤਕ ਭਾਈਵਾਲੀ ਨੂੰ ਮਜ਼ਬੂਤ ਕਰਨ ਦੇ ਲਈ ਕਰ ਰਹੇ ਹਨ। ਅਰਬ ਸਾਗਰ ਰਣਨੀਤਕ ਪੱਖ ਤੋਂ ਭਾਰਤ ਲਈ ਕਾਫੀ ਅਹਿਮ ਹੈ ਅਤੇ ਇਸੇ ਖੇਤਰ ਵਿੱਚ ਕਾਂਡਲਾ, ਓਖਾ, ਮੁੰਬਈ ਤੇ ਕੋਚੀ ਵਰਗੇ ਪ੍ਰਮੁੱਖ ਬੰਦਰਗਾਹ ਸ਼ਹਿਰ ਹਨ। ਚੀਨ ਤੇ ਪਾਕਿਸਤਾਨ ਦਾ ਇਹ ਫੌਜੀ ਅਭਿਆਸ ਸੋਮਵਾਰ ਤੋਂ ਗਵਾਦਰ ਨੇੜੇ ਉੱਤਰੀ ਅਰਬ ਸਾਗਰ ਵਿੱਚ ਸ਼ੁਰੂ ਹੋਇਆ ਹੈ। ਪਾਕਿਸਤਾਨ ਦੇ ਇਸ ਬੰਦਰਗਾਹ ਨੂੰ ਚੀਨ ਵਿਕਸਿਤ ਕਰ ਰਿਹਾ ਹੈ। ਇਸ ਨੂੰ ਚੀਨ-ਪਾਕਿਸਤਾਨ ਆਰਥਿਕ ਗਲਿਆਰੇ ਦੇ ਜ਼ਰੀਏ ਚੀਨ ਦੇ ਸ਼ਿਨਜਿਆਂਗ ਸੂਬੇ ਨਾਲ ਜੋੜਿਆ ਜਾ ਰਿਹਾ ਹੈ। ਭਾਰਤ ਇਸ ਗਲਿਆਰੇ ਦਾ ਵਿਰੋਧ ਕਰਦਾ ਹੈ ਕਿਉਂਕਿ ਇਹ ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ ਤੋਂ ਹੋ ਕੇ ਲੰਘੇਗਾ। ਗਵਾਦਰ ਈਰਾਨ ਦੇ ਚਾਬਹਾਰ ਬੰਦਰਗਾਹ ਦੇ ਨੇੜੇ ਹੈ। ਇਸ ਈਰਾਨੀ ਬੰਦਰਗਾਹ ਨੂੰ ਭਾਰਤ ਵਿਕਸਿਤ ਕਰ ਰਿਹਾ ਹੈ। ਪਾਕਿਸਤਾਨ ਦੇ ਕਰਾਚੀ ਸ਼ਹਿਰ ਦੇ ਤਟ ਤੋਂ ਸ਼ੁਰੂ ਹੋਇਆ ਫੌਜੀ ਅਭਿਆਸ 14 ਜਨਵਰੀ ਤੱਕ ਉੱਤਰੀ ਅਰਬ ਸਾਗਰ ਵਿੱਚ ਚੱਲੇਗਾ। ਇਸ ਅਭਿਆਸ ਵਿੱਚ ਚੀਨ ਦੇ ਗਾਈਡੈਡ ਮਿਜ਼ਾਈਲ ਤਬਾਹ ਕਰਨ ਵਾਲੇ ਯਿਨਚੁਆਨ, ਗਾਈਡੈਡ ਮਿਜ਼ਾਈਲ ਫ੍ਰਿਗੇਟ ਯੁਨਚੇਂਗ ਅਤੇ ਇੱਕ ਸਪਲਾਈ ਬੇੜੇ ਦੇ ਨਾਲ ਪਣਡੁੱਬੀ ਲਿਊਗੋਂਗਦਾਓ ਸ਼ਾਮਲ ਕੀਤੀ ਗਈ ਹੈ। ਇਸ ਦੇ ਇਲਾਵਾ ਦੋ ਹੈਲੀਕਾਪਟਰ ਅਤੇ 60 ਚੀਨੀ ਸਮੁੰਦਰੀ ਫੌਜ ਵੀ ਹਿੱਸਾ ਲੈ ਰਹੇ ਹਨ। ਪਾਕਿਸਤਾਨ ਨੇ ਦੋ ਫ੍ਰਿਗੇਟ, ਦੋ ਮਿਜ਼ਾਈਲ ਬੋਟ, ਇੱਕ ਪਣਡੁੱਬੀ ਰੋਧੀ ਜਹਾਜ਼ ਅਤੇ ਵਿਸ਼ੇਸ਼ ਬਲਾਂ ਦੇ 60 ਮੈਂਬਰ ਵੀ ਹਿੱਸਾ ਲੈ ਰਹੇ ਹਨ।

## ਪਾਣੀ ਬਚਾਉਣ ਲਈ ਆਸਟ੍ਰੇਲੀਆ 10 ਹਜ਼ਾਰ ਊਠਾਂ ਦੀ ਜਾਨ ਲੈ ਰਿਹੈ



ਸਿਡਨੀ, 9 ਜਨਵਰੀ (ਪੋਸਟ ਬਿਊਰੋ)- ਸੋਕੇ ਮਾਰੇ ਇਲਾਕਿਆਂ ਵਿੱਚ ਪੀਣ ਦਾ ਪਾਣੀ ਬਚਾਉਣ ਵਾਸਤੇ ਆਸਟ੍ਰੇਲੀਆ ਵਿੱਚ 10 ਹਜ਼ਾਰ ਊਠਾਂ ਨੂੰ ਮਾਰਨ ਦਾ ਕੰਮ ਕੱਲ੍ਹ ਸ਼ੁਰੂ ਹੋ ਗਿਆ। ਪੇਸ਼ੇਵਰ ਨਿਸ਼ਾਨੇਬਾਜ਼ ਇਸ ਕੰਮ ਨੂੰ ਹੈਲੀਕਾਪਟਰ ਰਾਹੀਂ ਕਰ ਰਹੇ ਹਨ। ਦੱਖਣੀ ਆਸਟ੍ਰੇਲੀਆ ਪ੍ਰਾਂਤ ਦੇ ਸਥਾਨਕ ਅਧਿਕਾਰੀਆਂ ਦਾ ਕਹਿਣਾ ਹੈ ਕਿ ਪਾਣੀ ਦੀ ਤਲਾਸ਼ ਵਿੱਚ ਊਠਾਂ ਦੇ ਝੁੰਡ ਨਾ ਸਿਰਫ ਪੇਂਡੂ ਇਲਾਕਿਆਂ ਦੇ ਬੁਨਿਆਦੀ ਢਾਂਚੇ ਨੂੰ ਤਬਾਹ ਕਰ ਰਹੇ ਹਨ, ਬਲਕਿ ਬਚੇ-ਖੁਚੇ ਪਾਣੀ ਦੇ ਸਰੋਤਾਂ ਨੂੰ ਵੀ ਦੂਸ਼ਿਤ ਕਰ ਰਹੇ ਹਨ। ਸਾਲ 2019 ਆਸਟ੍ਰੇਲੀਆ ਦੇ ਇਤਿਹਾਸ ਵਿੱਚ ਸਭ ਤੋਂ ਗਰਮ ਅਤੇ ਸੋਕੇ ਵਾਲਾ ਵਰ੍ਹਾ ਰਿਹਾ ਹੈ। ਗੰਭੀਰ ਸੋਕੇ ਕਾਰਨ ਕੁਝ ਸ਼ਹਿਰਾਂ ਵਿੱਚ ਜਿੱਥੇ ਪਾਣੀ ਲਈ ਤ੍ਰਾਹੀ-ਤ੍ਰਾਹੀ ਮਚੀ ਹੈ, ਉਥੇ ਜੰਗਲਾਂ ਵਿੱਚ ਲੱਗੀ ਅੱਗ ਦੇ ਚੱਲਦੇ ਦੇਸ਼ ਦੇ ਦੱਖਣ-ਪੂਰਬੂ ਹਿੱਸੇ ਵਿੱਚ ਸਥਿਤੀ ਹੋਰ ਜ਼ਿਆਦਾ ਖਰਾਬ ਹੈ।

ਸਥਾਨਕ ਮੀਡੀਆ ਦੇ ਮੁਤਾਬਕ ਊਠਾਂ ਨੂੰ ਮਾਰਨ ਦੀ ਪੰਜ ਰੋਜ਼ਾ ਮੁਹਿੰਮ ਦੀ ਸ਼ੁਰੂਆਤ ਦੱਖਣੀ ਆਸਟ੍ਰੇਲੀਆ ਦੇ ਉਤਰ-ਪੱਛਮੀ ਇਲਾਕੇ ਤੋਂ ਸ਼ੁਰੂ ਹੋਈ, ਜਿੱਥੇ ਲਗਭਗ 2300 ਆਦਿਵਾਸੀ ਰਹਿੰਦੇ ਹਨ। ਇਸ ਮੁਹਿੰਮ 'ਚ ਲੱਗੀ ਕਮੇਟੀ ਨੇ ਕਿਹਾ ਕਿ ਇਹ ਊਠ ਪਾਣੀ ਦੀ ਖੋਜ ਵਿੱਚ ਦੂਰ ਵਸੇ ਆਦਿਵਾਸੀ ਭਾਈਚਾਰੀਆਂ ਨੂੰ ਨੁਕਸਾਨ ਪੰਚਾਉਂਦੇ ਹਨ। ਮੁਹਿੰਮ ਦਾ ਸਮਰਥਨ ਕਰਨ ਵਾਲੇ ਦੱਖਣੀ ਆਸਟ੍ਰੇਲੀਆ ਦੇ ਵਾਤਾਵਰਨ ਵਿਭਾਗ ਨੇ ਕਿਹਾ, ਸੋਕੇ ਕਾਰਨ ਜਿੱਥੇ ਊਠ ਪਿਆਸ ਨਾਲ ਮਰ ਰਹੇ ਹਨ, ਉਥੇ ਪਾਣੀ ਦੀ ਖੋਜ ਵਿੱਚ ਇੱਕ-ਦੂਜੇ ਨੂੰ ਰੋਂਦ ਕੇ ਮਾਰ ਰਹੇ ਹਨ। ਇਸ ਦੌਰਾਨ ਮਰਨ ਵਾਲੇ ਪਰ ਮਹੱਤਵ ਪੂਰਨ ਜਲ ਸਰੋਤਾਂ ਤੇ ਸੱਭਿਆਚਾਰਕ ਥਾਵਾਂ ਨੂੰ ਵੀ ਦੂਸ਼ਿਤ ਕਰ ਰਹੇ ਹਨ।

ਐਪਲ ਨੇ ਕਿਹਾ:

## ਯੂਜ਼ਰਸ ਦੀ ਡਾਟਾ ਸੁਰੱਖਿਆ ਨਾਲ ਕੋਈ ਸਮਝੌਤਾ ਨਹੀ



ਲਾਸ ਵੇਗਾਸ, 9 ਜਨਵਰੀ (ਪੋਸਟ ਬਿਊਰੋ)- ਦੁਨੀਆਂ ਦੀ ਦਿੱਗਜ ਟੈਕਨਾਲੋਜੀ ਕੰਪਨੀ ਐਪਲ ਨੇ ਕਿਹਾ ਕਿ ਆਈਫੋਨ ਯੂਜ਼ਰਸ ਦੀ ਨਿੱਜੀ ਸੂਚਨਾ ਨਾਲ ਉਹ ਕਿਸੇ ਵੀ ਕੀਮਤ 'ਤੇ ਸਮਝੌਤਾ ਨਹੀਂ ਕਰੇਗੀ।

ਕੰਪਨੀ ਨੇ ਸੀ ਈ ਐਸ-2020 ਵਿੱਚ ਅਮਰੀਕਾ ਦੇ ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ (ਐਫ ਬੀ ਆਈ) ਮਾਮਲੇ ਵਿੱਚ ਆਪਣੇ ਫ਼ੈਸਲੇ ਦਾ ਬਚਾਅ ਕੀਤਾ। ਐਫ ਬੀ ਆਈ ਨੇ ਇੱਕ ਜਾਂਚ ਵਿੱਚ ਸਹਿਯੋਗ ਮੰਗਦੇ ਹੋਏ ਐਪਲ ਨੂੰ ਇਸ ਦੇ ਆਈਫੋਨ ਨੂੰ ਅਨਲਾਕ ਕਰਨ ਦੀ ਅਪੀਲ ਕੀਤੀ ਸੀ, ਜਿਸ ਨੂੰ ਕੰਪਨੀ ਨੇ ਠੁਕਰਾ ਦਿੱਤਾ ਹੈ। ਐਪਲ ਦੀ ਗਲੋਬਲ ਸੁਰੱਖਿਆ ਡਾਇਰੈਕਟਰ ਜੈਨ ਹਾਰਵਾਥ ਨੇ ਸੁਰੱਖਿਆ ਨਾਲ ਜੁੜੇ ਸੈਸ਼ਨ ਵਿੱਚ ਕਿਹਾ ਕਿ ਕਿਸੇ ਨੂੰ ਵੀ ਇਨਕ੍ਰਿਪਸ਼ਨ ਵਿੱਚ ਪਹੁੰਚ ਦੇ ਕੇ ਅਸੀਂ ਸੁਰੱਖਿਆ ਨਾਲ ਸਮਝੌਤਾ ਨਹੀਂ ਕਰ ਸਕਦੇ। ਉਨ੍ਹਾਂ ਦੱਸਿਆ ਕਿ ਐਫ ਬੀ ਆਈ ਨੇ ਕੰਪਨੀ ਨੂੰ ਇੱਕ ਪੱਤਰ ਲਿੱਖ ਕੇ ਦੋ ਆਈਫੋਨ ਤੋਂ ਸੂਚਨਾ ਹਾਸਲ ਕਰਨ ਵਿੱਚ ਮਦਦ ਮੰਗੀ ਸੀ। ਐਫ ਬੀ ਆਈ ਨੂੰ ਸ਼ੱਕ ਹੈ ਕਿ ਇਨ੍ਹਾਂ ਤੋਂ ਪਿਛਲੇ ਦਸੰਬਰ ਵਿੱਚ ਫਲੋਰਿਡਾ ਦੀ ਗੋਲੀਬਾਰੀ ਦੇ ਸਬੂਤ ਮਿਲ ਸਕਦੇ ਹਨ। ਕੰਪਨੀ ਇਨ੍ਹਾਂ ਫੋਨਾਂ ਦਾ ਇਨਕ੍ਰਿਪਸ਼ਨ ਤੋੜਨ ਲਈ ਰਾਜ਼ੀ ਨਹੀਂ ਹੋਈ ਸੀ। ਐਪਲ ਪਹਿਲਾਂ ਵੀ ਐਫ ਬੀ ਆਈ ਨੂੰ ਆਈਫੋਨ ਅਨਲਾਕ ਕਰਨ ਵਿੱਚ ਮਦਦ ਦੇਣ ਤੋਂ ਇਨਕਾਰ ਕਰ ਚੁੱਕੀ ਹੈ। ਸਾਲ 2016 ਵਿੱਚ ਹੋਈ ਇੱਕ ਗੋਲੀਬਾਰੀ ਤੋਂ ਬਾਅਦ ਵੀ ਐਪਲ ਤੋਂ ਆਈਫੋਨ ਅਨਲਾਕ ਕਰਨ ਦੀ ਮੰਗ ਕੀਤੀ ਗਈ ਸੀ, ਜਿਸ ਨੂੰ ਕੰਪਨੀ ਨੇ ਰੱਦ ਕਰ ਦਿੱਤਾ ਸੀ। ਹਾਰਵਾਰਥ ਨੇ ਕਿਹਾ ਕਿ ਫੋਨ ਵਿੱਚ ਬਹੁਤ ਜ਼ਰੂਰੀ ਅਤੇ ਨਿੱਜੀ ਜਾਣਕਾਰੀਆਂ ਹੁੰਦੀਆਂ ਹਨ। ਇਸ ਦੇ ਇਧਰ-ਉਧਰ ਹੋਣ ਨਾਲ ਸੂਚਨਾਵਾਂ ਚੋਰੀ ਹੋ ਸਕਦੀਆਂ ਹਨ, ਜਿਸ ਦੀ ਵੱਡੀ ਕੀਮਤ ਦੇਣੀ ਪੈਂਦੀ ਹੈ। ਅਸੀ ਇਹ ਯਕੀਨੀ ਕਰਨਾ ਚਾਹੁੰਦੇ ਹਾਂ ਕਿ ਸਾਡੇ ਯੂਰਜ਼ਸ ਦੀ ਨਿੱਜੀ ਜਾਣਕਾਰੀ ਕਿਸੇ ਵੀ ਕੀਮਤ 'ਤੇ ਕੋਈ ਹੋਰ ਹਾਸਲ ਨਾ ਕਰ ਸਕੇ।

# ਕਿਰਾਏ ਤੋਂ ਬਚਣ ਲਈ ਵਿਦਿਆਰਥਣ ਨੇ ਵੈਨ ਨੂੰ ਹੀ ਆਪਣਾ ਘਰ ਬਣਾਇਆ

ਐਡਿਨਬਰਾ, 9 ਜਨਵਰੀ (ਪੋਸਟ ਬਿਊਰੋ)- ਜ਼ਿਆਦਾਤਰ ਵਿਦਿਆਰਥੀ ਪੜ੍ਹਨ ਲਈ ਆਪਣੇ ਪਰਿਵਾਰ ਤੋਂ ਦੂਰ ਕਿਰਾਏ ਦੇ ਫਲੈਟ ਵਿਚ ਰਹਿੰਦੇ ਹਨ। ਅਕਸਰ ਇਹਨਾਂ ਫਲੈਟਾਂ ਦਾ ਕਿਰ-ਾਇਆ ਅਤੇ ਬਿੱਲ ਉਹਨਾਂ ਦੀ ਜੇਬ ਉੱਤੇ ਭਾਰੀ ਪੈਂਦਾ ਹੈ। ਅਜਿਹਾ ਕੁਝ ਸਕਾਟਲੈਂਡ ਦੇ ਪੇਸਲੇ ਸ਼ਹਿਰ ਵਿਚ ਰਹਿਣ ਵਾਲੀ 25 ਸਾਲਾ ਵਿਦਿਆਰਥਣ ਕੈਟਲਿਨ ਮਾਨੇ ਨਾਲ ਹੋਇਆ। ਕੈਟਲਿਨ ਲਗਾਤਾਰ ਵਧਦੇ ਬਿੱਲ ਅਤੇ ਕਿਰਾਏ ਤੋਂ ਇੰਨੀ ਪਰੇਸ਼ਾਨ ਹੋਈ ਕਿ ਉਸ ਨੇ ਵੈਨ ਨੂੰ ਆਪਣਾ ਘਰ ਬਣਾ ਲਿਆ। ਕੈਟਲਿਨ ਨੇ ਇਸ ਲਈ 3 ਹਜ਼ਾਰ ਪੌਂਡ ਵਿਚ 35 ਸਾਲ ਪੁਰਾਣੀ ਇਕ ਵੈਨ ਖਰੀਦੀ ਤੇ ਉਸ ਨੂੰ ਰੇਨੋਵੇਟ ਕਰ ਕੇ ਤੁਰਦੇ-ਫਿਰਦੇ ਘਰ ਵਿਚ ਤਬਦੀਲ ਕਰ ਰਹੀ ਹੈ।







ਇਸ ਸੰਬੰਧ ਵਿੱਚ ਕੈਟਲਿਨ ਦਾ ਕਹਿਣਾ ਹੈ ਕਿ ਭਾਵੇਂ ਉਸ ਦੇ ਫਲੈਟ ਦਾ ਕਿਰਾਇਆ ਬਾਕੀ ਫਲੈਟਾਂ ਦੇ ਮੁਕਾਬਲੇ ਕਾਫੀ ਘੱਟ ਹੈ, ਫਿਰ ਵੀ ਉਸ ਨੂੰ ਇੰਨੀ ਰਾਸ਼ੀ ਦੇਣਾ ਫਾਲਤੂ ਲੱਗਦਾ ਹੈ। ਸਾਰਾ ਦਿਨ ਉਹ ਕਾਲਜ ਅਤੇ ਬਾਕੀ ਕੰਮਾਂ ਲਈ ਘਰੋਂ ਬਾਹਰ ਰਹਿੰਦੀ ਹੈ। ਇਸ ਲਈ 250 ਪੌਂਡ (ਕਰੀਬ 23,403 ਰੁਪਏ) ਹਰ ਮਹੀਨੇ ਫਾਲਤੂ ਜਾਂਦੇ ਸਨ, ਇਸ ਲਈ ਉਸ ਨੇ ਵੈਨ ਨੂੰ ਘਰ ਬਣਾਇਆ। ਕੈਟਲਿਨ ਨੇ ਦੱਸਿਆ, 'ਮੈਂ ਕਾਫੀ ਸਮੇਂ ਤੋਂ ਕਿਰਾਏ ਦੇ ਘਰ ਵਿਚ ਰਹਿ ਰਹੀ ਸੀ ਅਤੇ ਕਈ ਵਾਰ ਅਜਿਹਾ ਹੁੰਦਾ, ਜਦੋਂ ਸਿਰਫ ਰਾਤ ਨੂੰ ਸੋਣ ਲਈ ਘਰ ਜਾਂਦੀ, ਕਿਉਂਕਿ ਪੂਰਾ ਦਿਨ ਪਹਿਲਾਂ ਕਾਲਜ ਅਤੇ ਫਿਰ ਦੂਜੇ ਕੰਮਾਂ ਵਿਚ ਬੀਤ ਜਾਂਦਾ। ਇਹ ਸੋਚ ਕੇ ਕਾਫੀ ਬੁਰਾ ਲੱਗਦਾ ਕਿ ਸਿਰਫ ਕੁਝ ਘੰਟਿਆਂ ਦੀ ਨੀਂਦ ਪੂਰੀ ਕਰਨ ਲਈ ਮੈਂ ਘਰ ਜਾਂਦੀ ਸੀ।' ਕੈਟਲਿਨ ਨੇ ਦੱਸਿਆ, 'ਅੱਧਾ ਮਹੀਨਾ ਬੀਤਣ ਉੱਤੇ ਉਂਝ ਹੀ ਬਚਤ ਘੱਟ ਜਾਂਦੀ ਹੈ। ਇਸ ਲਈ ਬਿੱਲ ਤੇ ਕਿਰਾਏ ਦਾ ਖਰਚ ਕਾਫੀ ਪਰੇਸ਼ਾਨ ਕਰਦਾ ਸੀ। ਮੈਨੂੰ ਵੈਨ ਨੂੰ ਘਰ ਬਣਾਉਣ ਦਾ ਆਈਡੀਆ ਆਪਣੀ ਇਕ ਦੋਸਤ ਤੋਂ ਆਇਆ। ਮੈਂ ਹਮੇਸ਼ਾ ਉਸ ਨਾਲ ਵੈਨ ਵਿਚ ਰਹਿਣ ਦੇ ਆਈਡੀਆ ਬਾਰੇ ਗੱਲ ਕਰਦੀ ਸੀ ਤੇ ਜਦੋਂ ਮੈਨੂੰ ਮੌਕਾ ਮਿਲਿਆ ਤਾਂ ਮੈਂ ਖੁਦ ਵੈਨ ਨੂੰ ਘਰ ਬਣਾ ਲਿਆ। ਮੈਂ ਇਸ ਵਿਚ ਛੋਟਾ ਜਿਹਾ ਕਿਚਨ ਫਿਟ ਕਰਾਂਗੀ। ਇਹ ਵੈਨ ਪੁਰਾਣੀ, ਪਰ ਚੱਲਦੀ ਠੀਕ ਹੈ।' ਉਸ ਨੇ ਦੱਸਿਆ, 'ਪਿਛਲੇ ਸਾਲ ਅਗਸਤ ਵਿਚ ਮੈਂ ਆਪਣੇ ਪਾਲਤੂ ਡੌਗੀ ਦੇ ਨਾਲ ਇਸੇ ਵੈਨ ਵਿਚ ਦੋ ਹਫਤੇ ਲਈ ਨੀਦਰਲੈਂਡ ਗਈ ਸੀ। ਦੋ ਹਫਤੇ ਦੇ ਟ੍ਰਿਪ ਵਿਚ ਇਕ ਵਾਰ ਵੀ ਗੱਡੀ ਖਰਾਬ ਨਹੀਂ ਹੋਈ। ਇਸ ਸਾਲ ਗ੍ਰੈਜੂਏਟ ਹੋਣ ਦੇ ਬਾਅਦ ਮੈਂ ਇਸ ਵੈਨ ਨਾਲ ਪਹਿਲਾਂ ਸਕਾਟਲੈਂਡ ਘੁੰਮਾਂਗੀ, ਫਿਰ ਇੰਗਲੈਂਡ ਅਤੇ ਉਸ ਦੇ ਬਾਅਦ ਯੂਰਪ। ਮੈਂ ਡਿਜੀਟਲ ਐਡੀਟਿੰਗ ਦੇ ਪੇਸ਼ੇ ਨਾਲ ਜੁੜੀ ਹਾਂ, ਇਸ ਲਈ ਮੈਂ ਆਪਣੇ ਸਫਰ ਦੀ ਡਾਕੂਮੈਂਟਰੀ ਬਣਾਉਣਾ ਚਾਹੰਗੀ। ਮੇਰੇ ਪਰਿਵਾਰ ਨੂੰ ਮੇਰੇ ਇਸ ਵੈਨ ਵਿਚ ਪੂਰੀ ਜ਼ਿੰਦਗੀ ਲਈ ਸ਼ਿਫਟ ਹੋਣ ਬਾਰੇ ਸ਼ੱਕ ਹੈ, ਪਰ ਮੇਰੇ ਬੁਆਏ ਫਰੈਂਡ ਰੇਯਾਨ ਨੂੰ ਇਸ ਤੋਂ ਕੋਈ ਸਮੱਸਿਆ ਨਹੀਂ। ਉਹ ਵੀ ਮੇਰੇ ਵਾਂਗ ਘੁੰਮਣ ਦਾ ਸ਼ੁਕੀਨ ਹੈ ਅਤੇ ਇਸ ਲਈ ਸਾਡਾ ਸਫਰ ਕਾਫੀ ਚੰਗਾ ਬੀਤੇਗਾ।'

## ਛੇ ਸਾਲ ਪਹਿਲਾਂ ਗੁਆਂਢੀਆਂ ਨੂੰ ਵੱਢਣ ਵਾਲੇ ਕੁੱਤੇ ਦੇ ਮਾਲਕ ਨੂੰ ਇੱਕ ਸਾਲ ਕੈਦ

ਅਹਿਮਦਾਬਾਦ, 9 ਜਨਵਰੀ (ਪੋਸਟ ਬਿਊਰੋ)- ਉਂਜ ਬੇਸ਼ੱਕ ਕੁੱਤੇ ਸੁਆਮੀ ਭਗਤ ਮੰਨੇ ਜਾਂਦੇ ਹਨ, ਪਰ ਭਾਰਤ ਦੇ ਲੋਕਾਂ ਵਿੱਚ ਖਤਰਨਾਕ ਕਿਸਮ ਦੇ ਵਿਦੇਸ਼ੀ ਕੁੱਤੇ ਪਾਲਣ ਦਾ ਰਿਵਾਜ ਵੱਧ ਗਿਆ ਹੈ। ਇਹ ਖੂੰਖਾਰ ਵਿਦੇਸ਼ੀ ਕੁੱਤੇ ਬਹੁਤੀ ਵਾਰ ਆਸ-ਪਾਸ ਦੇ ਲੋਕਾਂ ਨੂੰ ਬੁਰੀ ਤਰ੍ਹਾਂ ਨੋਚ ਕੇ ਜ਼ਖਮੀ ਕਰ ਦਿੰਦੇ ਹਨ। ਸਰਕਾਰ ਤੇ ਅਦਾਲਤਾਂ ਵੀ ਕੁੱਤਿਆਂ ਨੂੰ ਖੁੱਲਾ ਛੱਡਣ ਵਾਲਿਆਂ ਨੂੰ ਬਖਸ਼ਣ ਨੂੰ ਤਿਆਰ ਨਹੀਂ। ਗੁਜਰਾਤ ਵਿੱਚ ਅਜਿਹੇ ਇੱਕ ਕੇਸ ਵਿੱਚ ਡਾਬਰਮੈਨ ਕੁੱਤੇ ਦੇ ਮਾਲਿਕ ਨੂੰ ਇਸ ਲਈ ਜੇਲ੍ਹ ਦੀ ਸੀਖਾਂ ਪਿੱਛੇ ਜਾਣਾ ਪਵੇਗਾ ਕਿਉਂਕਿ ਉਸ ਦੇ ਕੁੱਤੇ ਨੇ ਗੁਆਂਢ ਦੇ ਚਾਰ ਲੋਕਾਂ ਨੂੰ ਵੱਢ ਖਾਧਾ ਸੀ। ਕੁੱਤੇ ਨੇ ਸਾਲ 2012 ਤੋਂ 2014 ਦੇ ਦੌਰਾਨ ਕੱਟਿਆ ਸੀ, ਪਰ ਮਾਲਿਕ ਨੂੰ ਸਜਾ ਛੇ ਸਾਲ ਬਾਅਦ ਮਿਲੀ ਹੈ।



ਅਹਿਮਦਾਬਾਦ ਜ਼ਿਲ੍ਹੇ ਦੇ ਘੋੜਸਰ ਦੇ ਰਹਿਣ ਵਾਲੇ ਭਾਰੇਸ਼ ਪਾਂਡਿਆ ਦੇ 'ਸ਼ਕਤੀ' ਨਾਮਕ ਡਾਬਰਮੈਨ ਕੁੱਤੇ ਨੇ ਇੱਕ ਵਿਅਕਤੀ ਤੇ ਤਿੰਨ ਬੱਚਿਆਂ ਨੂੰ ਕੱਟ ਕੇ ਜ਼ਖਮੀ ਕਰ ਦਿੱਤਾ ਸੀ। ਸ਼ਕਤੀ ਦੇ ਹਮਲੇ ਵਿੱਚ ਪਾਂਡਿਆ ਦੇ ਗੁਆਂਢੀ ਅਵਿਨਾਸ਼ ਪਟੇਲ ਦੌੜਦੇ ਹੋਏ ਡਿੱਗ ਗਏ ਸੀ, ਜਿਸ ਨਾਲ ਉਸ ਦੀਆਂ ਹੱਡੀਆਂ ਟੁੱਟ ਗਈਆਂ ਸਨ। ਪਟੇਲ ਨੇ 2014 ਵਿੱਚ ਪਾਂਡਿਆ ਦੇ ਖ਼ਿਲਾਫ਼ ਸ਼ਿਕਾਇਤ ਦਰਜ ਕਰਾਈ ਸੀ। ਐਡੀਸ਼ਨਲ ਚੀਫ ਮੈਟ੍ਰੋਪੋਲਿਟਨ ਮੈਜਿਸਟ੍ਰੇਟ ਨੇ ਪਾਂਡਿਆ ਨੂੰ ਦੋਸ਼ੀ ਮੰਨਦੇ ਹੋਏ ਕਿਹਾ ਕਿ ਹਾਲਾਂਕਿ ਪਾਂਡਿਆ ਲੋਕਾਂ ਨੂੰ ਜ਼ਖਮੀ ਕਰਨ ਲਈ ਖੁਦ ਸਿੱਧਾ ਜ਼ਿੰਮੇਵਾਰ ਨਹੀਂ ਹੈ, ਪਰ ਉਨ੍ਹਾਂ ਨੇ ਆਪਣੇ ਕੁੱਤੇ ਨੂੰ ਖੁਲ੍ਹਾ ਛੱਡਿਆ, ਜਿਸ ਨਾਲ ਕੁੱਤੇ ਨੇ ਚਾਰ ਲੋਕਾਂ ਨੂੰ ਜ਼ਖਮੀ ਕਰ ਦਿੱਤਾ।

FIRST CHOICE FINANCIAL LIMITED
TRUCK LOANS
ਟੱਰਕ ਲੌਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

ਬਲੀ ਦੇਣ ਦੀ ਕੋਸ਼ਿਸ਼

## ਤੰਤਰਿਕ ਜੇਠ ਦੇ ਕਹੇ ਉੱਤੇ ਨਨਾਣ ਨੇ ਭਾਬੀ ਉੱਤੇ ਚਾਕੂ ਨਾਲ 101 ਜ਼ਖਮ ਕੀਤੇ

ਬਰੇਲੀ, 9 ਜਨਵਰੀ (ਪੋਸਟ ਬਿਊਰੋ)- ਸ਼ਹਿਰ ਵਿੱਚ ਇੱਕ ਸਨਸਨੀਖੇਜ ਵਾਰਦਾਤ ਹੋਈ ਹੈ ਜਿਸ ਵਿੱਚ ਤਾਂਤਰਿਕ ਜੇਠ, ਨਨਾਣ ਅਤੇ ਨਣਦੋਈ ਨੇ ਘਰ ਦੀ ਨੂੰਹ ਦੀ ਬਲੀ ਦੇਣ ਦੀ ਕੋਸ਼ਿਸ਼ ਕੀਤੀ ਹੈ। ਮਹਿਲਾ ਦੇ ਸਰੀਰ 'ਤੇ ਚਾਕੂਆਂ ਨਾਲ ਲੱਗੇ 101 ਜ਼ਖਮਾਂ 'ਤੇ ਡਾਕਟਰਾਂ ਨੂੰ 300 ਟਾਂਕੇ ਲਗਾਉਣੇ ਪਏ।



ਇਹ ਮਾਮਲਾ ਇਸ ਸ਼ਹਿਰ ਦੇ ਬਾਰਾਦਰੀ ਥਾਣੇ ਹੇਠਲੇ ਮੁਹੱਲਾ ਸਿਕਲਾਪੁਰ ਦਾ ਹੈ। ਪੁਲਸ ਨੇ ਕੇਸ ਦਰਜ ਕਰ ਕੇ ਦੋਸ਼ੀ ਨਨਾਣ ਨੂੰ ਗ੍ਰਿਫਤਾਰ ਕਰ ਲਿਆ ਹੈ, ਪਰ ਤੰਤਰਿਕ ਜੇਠ ਅਤੇ ਨਣਦੋਈਆ ਫਰਾਰ ਹਨ। ਭੋਜੀਪੁਰਾ ਦੇ ਮਾਡਰਨ ਵਿਲੇਜ ਘੰਘੋਰਾ ਪਿੰਡ ਦੀ ਰੇਣੂ ਦਾ ਵਿਆਹ ਅੱਠ ਸਾਲ ਪਹਿਲਾਂ ਸਿਕਲਾ-ਪੁਰ ਵਿੱਚ ਧਰਮਸ਼ਾਲਾ ਵਾਲੀ ਗਲੀ ਦੇ ਸੰਜੀਵ ਨਾਲ ਹੋਇਆ ਸੀ। ਦੋਵਾਂ ਦੇ ਇੱਕ ਬੇਟੀ ਵੀ ਹੈ। ਪਿਛਲੇ ਕੁਝ ਮਹੀਨਿਆਂ ਤੋਂ ਰੇਣੂ ਦੇ ਸਹੁਰੇ ਜਗਦੀਸ਼ ਬਿਮਾਰ ਸਨ। ਰੇਣੂ ਦੇ ਜੇਠ ਮੂਲੀ ਅਤੇ ਨਨਾਣ ਮੋਨੀ ਤੰਤਰਿਕ ਕਿਰਿਆ ਕਰਦੇ ਹਨ। ਤਿੰਨਾਂ ਨੇ ਮਿਲ ਕੇ ਪਿਤਾ ਨੂੰ ਤੰਤਰ ਵਿਦਿਆ ਨਾਲ ਠੀਕ ਕਰਨ ਲਈ ਰੇਣੂ ਦੀ ਬਲੀ ਦੇਣ ਦੀ ਸਾਜ਼ਿਸ਼ ਰਚੀ। ਫਿਰ ਐਤਵਾਰ ਦੇਰ ਰਾਤ ਉਸ ਦੀ ਬਲੀ ਦੇਣ ਦੀ ਕੋਸ਼ਿਸ਼ ਕੀਤੀ। ਇਸ ਦੇ ਲਈ ਰੇਣੂ ਦੇ ਚਿਹਰੇ ਸਮੇਤ ਪੂਰੇ ਸਰੀਰ 'ਤੇ ਚਾਕੂ ਨਾਲ 101 ਜ਼ਖਮ ਕੀਤੇ ਗਏ ਸਨ। ਇਸ ਦੌਰਾਨ ਕਿਸੇ ਤਰ੍ਹਾਂ ਰੇਣੂ ਜਾਨ ਬਚਾ ਕੇ ਘਰੋਂ ਭੱਜ ਨਿਕਲੀ ਸੀ।

# ਪਾਕਿ ਦਾ ਪਾਸਪੋਰਟ ਦੁਨੀਆ ਦਾ ਚੌਥਾ ਸਭ ਤੋਂ ਖਰਾਬ ਪਾਸਪੋਰਟ

* ਭਾਰਤ ਦਾ ਚੰਗੇ ਪਾਸਿਓਂ 84ਵਾਂ ਨੰਬਰ

ਇਸਲਾਮਾਬਾਦ, 9 ਜਨਵਰੀ (ਪੋਸਟ ਬਿਊਰੋ)- ਅੰਤਰਰਾਸ਼ਟਰੀ ਪੱਧਰ ਉੱਤੇ ਅੱਤਵਾਦ ਅਤੇ ਕਈ ਤਰ੍ਹਾਂ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਪਾਕਿਸਤਾਨ ਲਈ ਇਕ ਹੋਰ ਬੁਰੀ ਖਬਰ ਹੈ। ਉਸ ਨੂੰ ਪਾਸਪੋਰਟ ਦੇ ਕੇਸ ਵਿਚ ਚੌਥਾ ਸਭ ਤੋਂ ਖਰਾਬ ਦੇਸ਼ ਕਿਹਾ ਗਿਆ ਹੈ। ਹੇਨਲੇ ਪਾਸਪੋਰਟ ਇੰਡੈਕਸ ਵਿਚ ਪਾਕਿਸਤਾਨ ਦੇ ਪਾਸਪੋਰਟ ਨੂੰ ਦੁਨੀਆ ਵਿੱਚ ਅਫਗਾਨਿਸਤਾਨ, ਇਰਾਕ ਤੇ ਸੀਰੀਆ ਦੇ ਬਾਅਦ ਚੌਥਾ ਸਭ ਤੋਂ ਖਰਾਬ ਪਾਸਪੋਰਟ ਵਾਲਾ ਦੇਸ਼ ਕਰਾਰ ਦਿੱਤਾ ਗਿਆ ਹੈ।



ਪਾਕਿਸਤਾਨ 107 ਰੈਂਕਿੰਗਜ਼ ਦੇ ਇਸ ਇੰਡੈਕਸ ਵਿਚ 104 ਨੰਬਰ ਉੱਤੇ ਹੈ। ਉਸ ਦੇ ਠੀਕ ਹੇਠਾਂ ਸੋਮਾਲੀਆ ਤੇ ਯਮਨ ਦੇ ਨਾਮ ਹਨ। ਜਾਪਾਨ ਦੇ ਪਾਸਪੋਰਟ ਨੂੰ ਦੁਨੀਆ ਦਾ ਸਭ ਤੋਂ ਵਧੀਆ ਪਾਸਪੋਰਟ ਮੰਨਿਆ ਗਿਆ ਹੈ। ਰੈਂਕਿੰਗ ਦੇ ਮੁਤਾਬਕ ਇਸ ਸੂਚੀ ਵਿਚ ਜਾਪਾਨ ਪਹਿਲੇ ਨੰਬਰ ਉੱਤੇ ਹੈ, ਜਿਸ ਦੇ ਨਾਗਰਿਕਾਂ ਨੂੰ 191 ਦੇਸ਼ਾਂ ਵਿਚ ਵੀਜ਼ਾ ਫ੍ਰੀ ਐਕਸੈਸ ਹੈ। ਦੂਜੇ ਨੰਬਰ ਉੱਤੇ ਸਿੰਗਾਪੁਰ ਦੇ ਨਾਗਰਿਕ 190 ਦੇਸ਼ਾਂ ਵਿਚ ਅਤੇ ਸਾਊਥ ਕੋਰੀਆ ਦੇ ਨਾਗਰਿਕ 189 ਦੇਸ਼ਾਂ ਵਿਚ, ਜਰਮਨੀ ਦੇ ਵਸਨੀਕ 189 ਦੇਸ਼ਾਂ ਵਿਚ ਅਤੇ ਇਟਲੀ ਦੇ ਲੋਕ 188 ਦੇਸ਼ਾਂ ਵਿਚ ਵੀਜ਼ਾ ਫ੍ਰੀ ਐਂਟਰੀ ਹਾਸਲ ਕਰ ਸਕਦੇ ਹਨ। ਪਾਕਿ-ਸਤਾਨ ਦੇ ਰੈਂਕਿੰਗ ਵਿਚ ਇੰਨਾ ਹੇਠਾਂ ਹੋਣ ਕਾਰਨ ਉਸ ਦੇ ਨਾਗਰਿਕਾਂ ਨੂੰ ਸਿਰਫ 32 ਦੇਸ਼ਾਂ ਵਿਚ ਹੀ ਵੀਜ਼ਾ ਫ੍ਰੀ ਐਕਸੈਸ ਹੈ। ਅਫਗਾਨਿਸਤਾਨ ਦੇ ਨਾਗਰਿਕਾਂ ਨੂੰ 26, ਇਰਾਕੀਆਂ ਨੂੰ 28 ਅਤੇ ਸੀਰੀਆ ਦੇ ਲੋਕਾਂ ਨੂੰ 29 ਦੇਸ਼ਾਂ ਵਿਚ ਵੀਜ਼ਾ ਫ੍ਰੀ ਐਕਸੈਸ ਹੀ ਮਿਲ ਸਕਦੀ ਹੈ। ਭਾਰਤ 84ਵੇਂ ਨੰਬਰ ਉੱਤੇ ਹੈ ਤੇ ਇਸ ਦੇ ਨਾਗਰਿਕਾਂ ਨੂੰ 58 ਦੇਸ਼ਾਂ ਵਿਚ ਵੀਜ਼ਾ ਫ੍ਰੀ ਐਕਸੈਸ ਹੈ। ਭਾਰਤ ਤੇ ਪਾਕਿ-ਸਤਾਨ ਦੇ ਵੀਜ਼ਾ ਰੈਂਕਿੰਗ ਦਾ ਫਰਕ ਵੇਖੀਏ ਤਾਂ ਦੋਹਾਂ ਦਾ 23 ਦਾ ਫਰਕ ਹੈ। ਇਸਲਾਮੀ ਦੇਸ਼ ਪਾਕਿਸਤਾਨ, ਅਫਗਾਨਿਸਤਾਨ, ਇਰਾਕ ਅਤੇ ਸੀਰੀਆ ਵਿਚ ਅੱਤਵਾਦੀ ਗਤੀਵਿਧੀਆਂ ਹੁੰਦੀਆਂ ਰਹਿੰਦੀਆਂ ਹਨ। ਇਸ ਲਈ ਅਮਰੀਕਾ, ਜਰਮਨੀ, ਸਾਊਥ ਕੋਰੀਆ, ਜਾਪਾਨ, ਸਿੰਗਾਪੁਰ ਇਨ੍ਹਾਂ ਇਸਲਾਮਿਕ ਦੇਸ਼ਾਂ ਦੇ ਨਾਗਰਿਕਾਂ ਨੂੰ ਵੀਜ਼ਾ ਦੇਣ ਤੋਂ ਝਿਜਕਦੇ ਹਨ। ਹੇਨਲੇ ਪਾਸਪੋਰਟ ਇੰਡੈਕਸ ਦੁਨੀਆ ਦਾ ਸਭ ਤੋਂ ਸਖਤ ਤੇ ਵਧੀਆ ਮਾਪ ਵਾਲਾ ਇੰਡੈਕਸ ਹੈ। ਇਹ ਕਿਸੇ ਵੀ ਦੇਸ਼ ਨੂੰ ਸਧਾਰਨ ਰੈਂਕਿੰਗ ਦੇਣ ਤੋਂ ਵੱਖ ਇਕ ਖਾਸ ਰੈਂਕਿੰਗ ਦੇਂਦਾ ਹੈ। ਇੰਡੈਕਸ ਦੱਸਦਾ ਹੈ ਕਿ ਤੁਸੀਂ ਆਪਣੇ ਪਾਸਪੋਰਟ ਨਾਲ ਕਿਹੜੇ ਦੇਸ਼ਾਂ ਵਿਚ ਕਿਸ ਵੀਜ਼ਾ ਨਾਲ ਜਾ ਸਕਦੇ ਹੋ।

# ਸਾਰਿਆਂ ਨੂੰ ਤਰੱਕੀ ਦੇ ਮੌਕੇ ਅਤੇ ਰੋਜ਼ਗਾਰ ਦਿੱਤੇ ਬਿਨਾਂ ਸਿਆਸਤ ਨਹੀਂ ਛੱਡਾਂਗਾ : ਕੈਪਟਨ



ਚੰਡੀਗੜ੍ਹ, 9 ਜਨਵਰੀ(ਗਿਆਨ ਸਿੰਘ): 'ਸਾਡਾ ਨਾਅਰਾ, ਕੈਪਟਨ ਦੁਬਾਰਾ' ਦੇ ਨਾਅਰਿਆਂ ਦੀ ਗੂੰਜ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਐਲਾਨ ਕੀਤਾ ਕਿ ਉਹ ਓਦੋਂ ਤੱਕ ਸਿਆਸਤ ਨੂੰ ਅਲਵਿਦਾ ਨਹੀਂ ਕਹਿਣਗੇ, ਜਦੋਂ ਤੱਕ ਉਹ ਨੌਜਵਾਨਾਂ ਲਈ ਰੋਜ਼ਗਾਰ ਅਤੇ ਪ੍ਰਗਤੀਸ਼ੀਲ ਪੰਜਾਬ ਵਿੱਚ ਸਾਰਿਆਂ ਦੀ ਤਰੱਕੀ ਲਈ ਢੁਕਵੇਂ ਮੌਕੇ ਪੈਦਾ ਕੀਤੇ ਜਾਣ ਨੂੰ ਯਕੀਨੀ ਨਹੀਂ ਬਣਾ ਲੈਂਦੇ।

ਅੱਜ ਇੱਥੇ ਕਾਂਗਰਸ ਭਵਨ ਵਿਖੇ ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਬਰਿੰ-ਦਰ ਸਿੰਘ ਢਿੱਲੋਂ ਸਮੇਤ ਨਵੇਂ ਚੁਣੇ ਅਹੁਦੇਦਾਰਾਂ ਦੇ ਅਹੁਦਾ ਸੰਭਾਲਣ ਮੌਕੇ ਯੂਥ ਕਾਂਗਰਸੀ ਮੈਂਬਰਾਂ ਅਤੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਉਹ ਸੂਬੇ ਦੀ ਇਸ ਦੀ ਤਰੱਕੀ ਤੇ ਵਿਕਾਸ ਲਈ ਇਸ ਨੂੰ ਆਪਣੀ ਅਗਵਾਈ ਦੇਣੀ ਜਾਰੀ ਰੱਖਣਗੇ।

ਨੌਜਵਾਨਾਂ ਦੇ ਠਾਠਾਂ ਮਾਰਦੇ ਇਕੱਠ ਦੌਰਾਨ ਨਾਅਰਿਆਂ ਦੀ ਗੂੰਜ ਵਿੱਚ ਮੁੱਖ ਮੰਤਰੀ ਨੇ ਤਹੱਈਆ ਕਰਦਿਆਂ ਕਿਹਾ,''ਇਹ ਮੇਰਾ ਸੂਬਾ ਹੈ ਅਤੇ ਤੁਸੀਂ ਸਾਰੇ ਮੇਰੇ ਆਪਣੇ ਲੋਕ ਹੋ। ਮੈਂ ਤੁਹਾਡੀ ਖਾਤਰ ਸਦਾ ਇੱਥੇ ਹੀ ਰਹਾਂਗਾ ਅਤੇ ਤਦ ਤੱਕ ਕਿਤੇ ਨਹੀਂ ਜਾਵਾਂਗਾ, ਜਦੋਂ ਤੱਕ ਪੰਜਾਬ ਦੇ ਹਰੇਕ ਨਾਗਰਿਕ ਦੀ ਭਲਾਈ ਨੂੰ ਯਕੀਨੀ ਨਹੀਂ ਬਣਾ ਲੈਂਦਾ।'' ਬਹੁਤੇ ਨੌਜਵਾਨ ਤਾਂ ਇਹ ਮੰਗ ਕਰਦੇ ਵੀ ਸੁਣੇ ਗਏ ਕਿ ਉਨ੍ਹਾਂ (ਕੈਪਟਨ ਅਮਰਿੰਦਰ ਸਿੰਘ) ਨੂੰ ਹੋਰ ਕਈ ਵਾਰ ਸੂਬੇ ਦੀ ਵਾਗਡੋਰ ਸੰਭਾਲਦੇ ਰਹਿਣਾ ਚਾਹੀਦਾ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਨਵੇਂ ਚੁਣੇ ਅਹੁਦੇਦਾਰਾਂ ਨੂੰ ਭਰੋਸਾ ਦਿੱਤਾ ਕਿ ਸੂਬੇ ਦੇ ਸਰਬਪੱਖੀ ਵਿਕਾਸ ਲਈ ਉਨ੍ਹਾਂ ਦੀ ਸਰਕਾਰ ਪੂਰਾ ਸਮਰਥਨ ਦੇਵੇਗੀ। ਉਨ੍ਹਾਂ ਨੇ ਨੌਜਵਾਨ ਆਗੂਆਂ ਨਾਲ ਵਾਅਦਾ ਕੀਤਾ ਕਿ ਸੂਬੇ ਅਤੇ ਇੱਥੋਂ ਦੇ ਨੌਜਵਾਨਾਂ ਦੇ ਹਿੱਤ ਵਿੱਚ ਕਿਸੇ ਵੀ ਕੰਮ ਲਈ ਉਨ੍ਹਾਂ ਨੂੰ ਸਾਰੇ ਵਿਭਾਗਾਂ ਵਿੱਚ ਅਧਿਕਾਰੀਆਂ ਅਤੇ ਹੋਰਾਂ ਵੱਲੋਂ ਪੂਰਾ ਮਾਣ-ਸਤਿਕਾਰ ਦਿੱਤਾ ਜਾਵੇਗਾ।

ਮੁੱਖ ਮੰਤਰੀ ਨੇ ਨੌਜਵਾਨਾਂ ਨੂੰ ਮੁਲਕ ਦੀ ਰਾਖੀ ਅਤੇ ਜਮਹੂਰੀਅਤ ਤੇ ਧਰਮ ਨਿਰਪੇਖ ਸੰਵਿਧਨਾਕ ਕਦਰਾਂ-ਕੀਮਤਾਂ ਦੀ ਸੁਰੱਖਿਆ ਲਈ ਅੱਗੇ ਆਉਣ ਦਾ ਸੱਦਾ ਦਿੱਤਾ। ਸੂਬੇ ਦੀ ਮੌਜੂਦਾ ਸਥਿਤੀ ਨੂੰ ਬਹੁਤ ਹੀ ਚਿੰਤਾਜਨਕ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਿਰਫ ਕਾਂਗਰਸ ਪਾਰਟੀ ਹੀ ਧਰਮ ਨਿਰਪੇਖ ਅਤੇ ਜਮਹੂਰੀ ਸ਼ਾਸਨ ਮੁਹੱਈਆ ਕਰਵਾ ਸਕਦੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਮੁਲਕ ਦੀ ਆਜ਼ਾਦੀ ਲਈ ਲੜਾਈ ਲੜੀ ਅਤੇ ਸੰਵਿਧਾਨ ਨੂੰ ਸਮਾਜਵਾਦੀ ਜਮਹੂਰੀ ਗਣਤੰਤਰ ਦੀ ਪ੍ਰਸਤਾਵਨਾ ਦੇ ਆਧਾਰ 'ਤੇ ਤਿਆਰ ਕੀਤਾ। ਉਨ੍ਹਾਂ ਕਿਹਾ ਕਿ ਭਾਵੇਂ ਸੰਵਿਧਾਨ ਦੀਆਂ ਵੱਖ-ਵੱਖ ਧਾਰਾਵਾਂ ਵਿੱਚ ਕਈ ਵਾਰ ਸੋਧਾਂ ਕੀਤੀਆਂ ਗਈਆਂ ਪਰ ਸੰਵਿਧਾਨ ਦੀ ਪ੍ਰਸਤਾਵਨਾ ਸਦਾ ਹੀ ਅਣਛੋਹੀ ਰਹੀ ਹੈ।

ਭਾਜਪਾ ਵੱਲੋਂ ਮੁਲਕ ਨੂੰ ਵੰਡਣ ਦੀਆਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦੀ ਸਖ਼ਤ ਅਲੋਚਨਾ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪ੍ਰਸਤਾਵਨਾ ਨਾਲ ਛੇੜਛਾੜ ਕਰਨ ਦੀ ਹਰਗਿਜ਼ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਉਨ੍ਹਾਂ ਕਿਹਾ,''ਮੁਲਕ ਦਾ ਮੌਜੂਦਾ ਦੌਰ ਲੋਕ ਰਾਜ ਵਾਲਾ ਨਹੀਂ ਸਗੋਂ ਗੁੰਡਾ ਰਾਜ ਵਾਲਾ ਹੈ। ਸਾਨੂੰ ਸਭ ਨੂੰ ਇਹ ਪਤਾ ਹੈ ਕਿ ਪ੍ਰਿਯੰਕਾ ਗਾਂਧੀ ਵਾਡਰਾ ਨਾਲ ਉਤਰ ਪ੍ਰਦੇਸ਼ ਵਿੱਚ ਕੀ ਵਾਪਰਿਆ।'' ਉਨ੍ਹਾਂ ਨੇ ਮੁਲਕ ਨੂੰ ਬਚਾਉਣ ਲਈ ਨੌਜਵਾਨਾਂ ਨੂੰ ਅਗਵਾਈ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।

ਪੰਜਾਬ ਲਈ ਆਪਣੀ ਸਰਕਾਰ ਦੇ ਵਿਕਾਸ ਏਜੰਡੇ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦਾ ਸੰਕਲਪ ਸੂਬੇ ਦੀ ਅਰਥ ਵਿਵਸਥਾ ਨੂੰ ਪੈਰਾ ਸਿਰ ਕਰਨਾ ਹੈ ਅਤੇ ਇਸ ਵਾਸਤੇ ਢੰਗ-ਤਰੀਕੇ ਲੱਭਣ ਲਈ ਨਿਰੰਤਰ ਸੋਚ-ਵਿਚਾਰ ਕਰ ਰਹੇ ਹਨ। ਆਪਣੀ ਸਰਕਾਰ ਦੇ ਪ੍ਰਮੁੱਖ ਪ੍ਰੋਗਰਾਮ 'ਘਰ-ਘਰ ਰੋਜ਼ਗਾਰ' ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਨੌਜਵਾਨਾਂ ਲਈ ਰੋਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਪੈਦਾ ਕਰਨ ਲਈ ਪ੍ਰਾਈਵੇਟ ਸੈਕਟਰ ਵੱਡੇ ਪੱਧਰ 'ਤੇ ਸਹਿਯੋਗ ਕਰ ਰਿਹਾ ਹੈ। ਉਨ੍ਹਾਂ ਦੱਸਿਆ ਕਿ ਵੱਡੀ ਗਿਣਤੀ ਵਿੱਚ ਨੌਜਵਾਨਾਂ ਨੂੰ ਪ੍ਰਾਈਵੇਟ ਸੈਕਟਰ ਵਿੱਚ ਰੋਜ਼ਗਾਰ ਹਾਸਲ ਹੋਇਆ ਹੈ ਅਤੇ ਇਕ ਲੜਕੀ ਨੂੰ ਤਾਂ 42 ਲੱਖ ਰੁਪਏ ਦਾ ਸਾਲਾਨਾ ਪੈਕੇਜ ਵੀ ਮਿਲਿਆ ਹੈ। ਮੁੱਖ ਮੰਤਰੀ ਨੇ ਦੱਸਿਆ ਕਿ ਉਨ੍ਹਾਂ ਦੀ ਸਰਕਾਰ ਉਦਯੋਗ ਨੂੰ ਸੂਬੇ ਵਿੱਚ ਲਿਆਉਣ ਲਈ ਆਪਣੇ ਪੱਧਰ 'ਤੇ ਪੂਰੇ ਯਤਨ ਕਰ ਰਹੀ ਹੈ ਤਾਂ ਕਿ ਰੋਜ਼ਗਾਰ ਦੇ ਹੋਰ ਮੌਕੇ ਸਿਰਜੇ ਜਾ ਸਕਣ।

ਅਕਾਲੀਆਂ ਵੱਲੋਂ ਆਪਣੇ ਨਿੱਜੀ ਸਵਾਰਥਾਂ ਖਾਤਰ ਸੂਬੇ ਦਾ ਭੱਠਾ ਬਿਠਾ ਦੇਣ ਦੇ ਦੋਸ਼ ਲਾਉਂਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸੂਬੇ ਵਿੱਚ ਨਸ਼ਿਆਂ ਦੇ ਪੈਰ ਪਸਾਰਨ ਅਤੇ ਗੈਂਗਸਟਰਾਂ ਦੇ ਵਧਣ-ਫੁੱਲਣ ਲਈ ਸਿੱਧੇ ਤੌਰ 'ਤੇ ਅਕਾਲੀ ਜ਼ਿੰਮੇਵਾਰ ਹਨ। ਉਨ੍ਹਾਂ ਨੇ ਸੂਬੇ ਦੀ 'ਦੂਜੀ ਵੰਡ' ਲਈ ਅਕਾਲੀਆਂ ਨੂੰ ਆੜੇ ਹੱਥੀਂ ਲਿਆ ਕਿਉਂ ਜੋ ਇਨ੍ਹਾਂ ਦੀਆਂ ਨੀਤੀਆਂ ਸਦਕਾ ਇੰਡਸਟਰੀ ਹਰਿਆਣਾ/ਐਨ.ਸੀ.ਆਰ. ਵੱਲ ਹਿਜਰਤ ਕਰ ਗਈ ਅਤੇ ਸੈਰ-ਸਪਾਟਾ ਹਿਮਾਚਲ ਪ੍ਰਦੇਸ਼ ਵੱਲ ਚਲਾ ਗਿਆ ਜਿਸ ਨਾਲ ਪੰਜਾਬ ਥੋੜ੍ਹੇ ਜਿਹੇ ਵਸੀਲਿਆਂ ਨਾਲ ਜੂਝ ਰਿਹਾ ਹੈ।

ਇਸ ਮੌਕੇ ਕੈਬਨਿਟ ਮੰਤਰੀ ਵਿਜੇ ਇੰਦਰ ਸਿੰਗਲਾ ਨੇ ਕਿਹਾ ਕਿ ਯੂਥ ਵਿੰਗ ਭਵਿੱਖ ਦੇ ਲੀਡਰ ਤਿਆਰ ਕਰਨ ਦੀ ਨਰਸਰੀ ਹੈ।

ਆਪਣੇ ਵਿਚਾਰ ਸਾਂਝੇ ਕਰਦਿਆਂ ਜ਼ੀਰਾ ਤੋਂ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਨੇ ਸ੍ਰੀ ਸਿੰਗਲਾ, ਜਲਾਲਾਬਾਦ ਤੋਂ ਵਿਧਾਇਕ ਰਮਿੰਦਰ ਸਿੰਘ ਆਂਵਲਾ ਅਤੇ ਅਮਰਪ੍ਰੀਤ ਸਿੰਘ ਲਾਲੀ ਸਮੇਤ ਪੰਜਾਬ ਯੂਥ ਕਾਂਗਰਸ (ਪੀ.ਵਾਈ.ਸੀ.) ਦੇ ਸਾਬਕਾ ਪ੍ਰਧਾਨਾਂ ਦੀ ਉਨ੍ਹਾਂ ਦੀ ਅਗਵਾਈ ਲਈ ਸ਼ਲਾਘਾ ਕੀਤੀ ਅਤੇ ਵਿਸ਼ਵਾਸ ਜਤਾਇਆ ਕਿ ਨਵੀਂ ਟੀਮ ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਹੋਰ ਮਜ਼ਬੂਤ ਕਰੇਗੀ। ਉਨ੍ਹਾਂ ਨੇ ਮੁੱਖ ਮੰਤਰੀ ਨੂੰ ਬੇਨਤੀ ਕੀਤੀ ਕਿ ਪੰਜਾਬ ਯੂਥ ਕਾਂਗਰਸ ਦੇ ਸਾਬਕਾ ਮੁਖੀਆਂ ਅਤੇ ਮੈਂਬਰਾਂ ਨੂੰ ਪਾਰਟੀ ਅਤੇ ਰਾਜ ਦੀ ਸੇਵਾ ਲਈ ਪ੍ਰਮੁੱਖ ਅਹੁਦੇ ਦਿੱਤੇ ਜਾਣ।

ਸ੍ਰੀ ਆਂਵਲਾ ਨੇ ਹਾਲ ਹੀ ਦੀਆਂ ਜ਼ਿਮਨੀ ਚੋਣਾਂ ਵਿੱਚ ਉਨ੍ਹਾਂ ਦੀ ਉਮੀਦਵਾਰੀ ਦਾ ਸਮਰਥਨ ਕਰਨ ਅਤੇ ਜਲਾਲਾਬਾਦ ਦੀ ਸੇਵਾ ਲਈ ਮੌਕਾ ਦੇਣ ਲਈ ਮੁੱਖ ਮੰਤਰੀ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਕੇਵਲ ਕਾਂਗਰਸ ਹੀ ਹੈ ਜੋ ਹਮੇਸ਼ਾ ਹੁਨਰ ਅਤੇ ਸਖ਼ਤ ਮਿਹਨਤ ਨੂੰ ਪਹਿਚਾਣਦੀ ਅਤੇ ਸਨਮਾਨ ਦਿੰਦੀ ਹੈ।

ਸ੍ਰੀ ਲਾਲੀ ਨੇ ਪੰਜਾਬ ਯੂਥ ਕਾਂਗਰਸ ਦੇ ਨਵੇਂ ਪ੍ਰਧਾਨ ਨੂੰ ਵਧਾਈ ਦਿੱਤੀ ਅਤੇ ਵਿਸ਼ਵਾਸ ਜਤਾਇਆ ਕਿ ਸੂਬਾ ਭਰ ਵਿੱਚ ਕਾਂਗਰਸ ਸਰਕਾਰ ਦੀਆਂ ਨੀਤੀਆਂ ਦੇ ਪਾਸਾਰ ਲਈ ਨਵੀਂ ਟੀਮ ਅਹਿਮ ਭੂਮਿਕਾ ਨਿਭਾਏਗੀ।

ਪੀ.ਵਾਈ.ਸੀ. ਦੇ ਜਨਰਲ ਸੱਕਤਰ ਮੋਹਿਤ ਮੋਹਿੰਦਰਾ ਨੇ ਵੀ ਨਵੀਂ ਟੀਮ ਨੂੰ ਵਧਾਈ ਦਿੱਤੀ ਅਤੇ ਕੈਪਟਨ ਅਮਰਿੰਦਰ ਦੀ ਅਗਵਾਈ ਹੇਠ ਅਗਾਮੀ ਚੋਣਾਂ ਵਿੱਚ ਵੀ ਪਾਰਟੀ ਦੀ ਸਫਲਤਾ ਨੂੰ ਯਕੀਨੀ ਬਣਾਉਣ ਲਈ ਕਾਂਗਰਸੀ ਵਰਕਰਾਂ ਨੂੰ ਨਿਰੰਤਰ ਕਾਰਜ ਕਰਨ ਅਪੀਲ ਕੀਤੀ।

ਵਿਕਾਸ ਦੇ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਕਰਨ ਲਈ ਮੁੱਖ ਮੰਤਰੀ ਦੀ ਸ਼ਲਾਘਾ ਕਰਦਿਆਂ ਯੂਥ ਕਾਂਗਰਸ ਦੇ ਨਵੇਂ ਪ੍ਰਧਾਨ ਬਰਿੰਦਰ ਸਿੰਘ ਢਿੱਲੋਂ ਨੇ ਪਾਰਟੀਆਂ ਦੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਦੇ ਤੇਜ਼ੀ ਨਾਲ ਪਾਸਾਰ ਲਈ ਸਮੂਹ ਯੂਥ ਕਾਰਕੁਨਾਂ ਨੂੰ ਅਪੀਲ ਕੀਤੀ। ਨੌਜਵਾਨਾਂ, ਵਿਸ਼ੇਸ਼ ਤੌਰ 'ਤੇ ਮੱਧਵਰਗੀ ਪਰਿਵਾਰਾਂ ਨਾਲ ਸਬੰਧਤ ਨੌਜਵਾਨਾਂ ਲਈ ਰਾਜਨੀਤੀ ਵਿੱਚ ਥਾਂ ਯਕੀਨੀ ਬਣਾਉਣ ਲਈ ਮੁੱਖ ਮੰਤਰੀ ਦਾ ਧੰਨਵਾਦ ਕਰਦਿਆਂ ਸ੍ਰੀ ਢਿੱਲੋਂ ਨੇ ਕਿਹਾ ਕਿ ਰਾਜਾ ਵੜਿੰਗ, ਕੁਲਬੀਰ ਜ਼ੀਰਾ ਅਤੇ ਦਲਵੀਰ ਸਿੰਘ ਗੋਲਡੀ ਵਰਗੇ ਆਗੂਆਂ ਨੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਸਫ਼ਲਤਾ ਹਾਸਲ ਕੀਤੀ। ਸ੍ਰੀ ਢਿੱਲੋਂ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਪਿਛਲੀ ਅਕਾਲੀ-ਭਾਜਪਾ ਸਰਕਾਰ ਦੀਆਂ ਮਾੜੀਆਂ ਨੀਤੀਆਂ ਕਾਰਨ ਵਿੱਤੀ ਮੁਸ਼ਕਲਾਂ ਵਿੱਚ ਫਸੇ ਅਤੇ ਦੀਵਾਲੀਆ ਹੋਣ ਦੀ ਕਗਾਰ 'ਤੇ ਖੜ੍ਹੇ ਪੰਜਾਬ ਨੂੰ ਵਿੱਤ ਪ੍ਰਬੰਧਨ ਨਾਲ ਮੁੜ ਲੀਹ 'ਤੇ ਲਿਆਂਦਾ।

ਵਿਧਾਇਕ ਰਾਜਾ ਵੜਿੰਗ ਨੇ ਕਿਹਾ ਕਿ ਵਿਧਾਇਕ ਬਣਨ ਤੋਂ ਬਾਅਦ ਵੀ ਉਹ ਹਮੇਸ਼ਾ ਯੂਥ ਕਾਂਗਰਸ ਦੀ ਅਗਵਾਈ ਕਰਦਿਆਂ ਲੋਕਾਂ ਦੀ ਸੇਵਾ ਕਰਨਾ ਚਾਹੁੰਦੇ ਸਨ। ਉਨ੍ਹਾਂ ਨੇ ਕੈਪਟਨ ਅਮਰਿੰਦਰ ਸਿੰਘ ਅਤੇ ਰਾਹੁਲ ਗਾਂਧੀ ਵੱਲੋਂ ਉਨਾਂ ਨੂੰ ਆਲ ਇੰਡੀਆ ਯੂਥ ਕਾਂਗਰਸ ਦਾ ਪ੍ਰਧਾਨ ਨਿਯੁਕਤ ਕਰਕੇ ਦੇਸ਼ ਦੀ ਸੇਵਾ ਕਰਨ ਦਾ ਮੌਕਾ ਦੇਣ ਲਈ ਧੰਨਵਾਦ ਕੀਤਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਜੰਗਲਾਤ ਮੰਤਰੀ ਸਾਧੂ ਸਿੰਘ ਧਰਮਸੋਤ, ਖੁਰਾਕ ਤੇ ਸਿਵਲ ਸਪਲਾਈ ਮੰਤਰੀ ਭਾਰਤ ਭੂਸ਼ਣ ਆਸ਼ੂ, ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ, ਏ.ਆਈ.ਸੀ.ਸੀ. ਦੇ ਸਕੱਤਰ ਤੇ ਯੂਥ ਕਾਂਗਰਸ ਦੇ ਇੰਚਾਰਜ ਕ੍ਰਿਸ਼ਨ ਅਲਾਵਰੂ, ਧੂਰੀ ਤੋਂ ਵਿਧਾਇਕ ਦਲਵੀਰ ਸਿੰਘ ਗੋਲਡੀ, ਚੱਬੇਵਾਲ ਤੋਂ ਵਿਧਾਇਕ ਰਾਜ ਕੁਮਾਰ ਚੱਬੇਵਾਲ, ਫਾਜ਼ਿਲਕਾ ਤੋਂ ਵਿਧਾਇਕ ਦਵਿੰਦਰ ਸਿੰਘ ਘੁਬਾਇਆ ਅਤੇ ਗੁਰਦਾਸਪੁਰ ਤੋਂ ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ ਹਾਜ਼ਰ ਸਨ।

## ਨੌਕਰਾਂ ਦੇ ਵੇਰਵੇ ਪੁਲਿਸ ਥਾਣੇ 'ਚ ਦਰਜ ਕਰਵਾਉਣ ਦੇ ਆਦੇਸ਼



ਕਪੂਰਥਲਾ, 9 ਜਨਵਰੀ (ਗਿਆਨ ਸਿੰਘ): ਜ਼ਿਲ੍ਹਾ ਮੈਜਿਸਟ੍ਰੇਟ ਕਪੂਰਥਲਾ ਸ੍ਰੀਮਤੀ ਦੀਪਤੀ ਉੱਪਲ ਨੇ ਫ਼ੌਜਦਾਰੀ ਜ਼ਾਬਤਾ ਸੰਘਤਾ 1973 ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਕਾਨ ਮਾਲਕਾਂ ਜਾਂ ਮਕਾਨਾਂ ਵਿਚ ਰਹਿੰਦੇ ਕਿਰਾਏਦਾਰਾਂ ਨੂੰ ਹੁਕਮ ਦਿੱਤੇ ਹਨ ਕਿ ਉਹ ਆਪਣੇ ਘਰਾਂ ਵਿਚ ਪੂਰਨ ਤੌਰ ਜਾਂ ਅੰਸ਼ਿਕ ਤੌਰ 'ਤੇ ਕੰਮ ਕਰਦੇ ਨੌਕਰਾਂ/ਨੌਕਰਾਣੀਆਂ/ਘਰੇਲੂ ਨੌਕਰਾਂ ਆਦਿ ਦੀ ਪੂਰੀ ਜਾਣਕਾਰੀ ਲਈ ਆਧਾਰ ਕਾਰਡ, ਵੋਟਰ ਕਾਰਡ, ਡਰਾਈਵਿੰਗ ਲਾਇਸੰਸ ਜਾਂ ਕਿਸੇ ਸਰਕਾਰੀ/ਅਰਧ ਸਰਕਾਰੀ ਸੰਸਥਾ/ਸਰਕਾਰ ਵੱਲੋਂ ਮਨਜ਼ੂਰਸ਼ੁਦਾ ਅਦਾਰੇ ਵੱਲੋਂ ਜਾਰੀ ਪਹਿਚਾਣ ਪੱਤਰ, ਜਿਸ ਵਿਚ ਉਸ ਵਿਅਕਤੀ ਦਾ ਨਾਮ, ਪੱਕਾ ਪਤਾ, ਫੋਟੋ ਆਦਿ ਹੋਵੇ, ਲੈ ਕੇ ਉਸ ਦੀ ਆਪਣੇ ਨਜ਼ਦੀਕੀ ਪੁਲਿਸ ਥਾਣੇ/ਚੌਂਕੀ ਵਿਚ ਦਰਜ ਕਰਵਾਉਣ ਅਤੇ ਉਨ੍ਹਾਂ ਦੀ ਪੁਲਿਸ ਵੈਰੀਫਿਕੇਸ਼ਨ ਕਰਵਾਉਣੀ ਯਕੀਨੀ ਬਣਾਉਣ। ਇਹ ਹੁਕਮ 10 ਮਾਰਚ 2020 ਤੱਕ ਲਾਗੂ ਰਹਿਣਗੇ।

ਜਾਰੀ ਹੁਕਮਾਂ ਵਿਚ ਜ਼ਿਲ੍ਹਾ ਮੈਜਿਸਟ੍ਰੇਟ ਨੇ ਕਿਹਾ ਹੈ ਕਿ ਉਨ੍ਹਾਂ ਦੇ ਧਿਆਨ ਵਿਚ ਆਇਆ ਹੈ ਕਿ ਘਰਾਂ ਵਿਚ ਪੂਰੇ ਤੌਰ ਜਾਂ ਅੰਸ਼ਿਕ ਤੌਰ 'ਤੇ ਕੰਮ ਕਰਦੇ ਨੌਕਰਾਂ ਦਾ ਸਥਾਈ ਪਤਾ/ਰਿਕਾਰਡ ਨਹੀਂ ਰੱਖਿਆ ਜਾਂਦਾ, ਜਿਸ ਨਾਲ ਜ਼ੁਰਮ ਹੋਣ 'ਤੇ ਅਜਿਹੇ ਦੋਸ਼ੀਆਂ ਨੂੰ ਲੱਭਣਾ ਔਖਾ ਹੋ ਜਾਂਦਾ ਹੈ। ਜਿਸ ਨਾਲ ਅਮਨ ਤੇ ਕਾਨੂੰਨ ਭੰਗ ਹੋਣ ਦਾ ਖਦਸ਼ਾ ਬਣਿਆ ਰਹਿੰਦਾ ਹੈ ਅਤੇ ਕਿਸੇ ਸਮੇਂ ਵੀ ਕੋਈ ਅਣਸੁਖਾਵੀਂ ਘਟਨਾ ਵਾਪਰ ਸਕਦੀ ਹੈ।






## ਲੜਕੀ ਦੀ ਲੋੜ

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 I +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੁਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5'-11'', ਨਸ਼ਾ ਰਹਿਤ, ਪੰਜਾਬ ਵਿੱਚ 15 ਕਿਲ੍ਹੇ ਜ਼ਮੀਨ ਦਾ ਮਾਲਕ, ਚੰਗੀ ਜੋਬ, ਲੜਕੇ ਦਾ ਭਰਾ ਕੈਨੇਡਾ ਵਿੱਚ Settled ਹੈ। ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ, Divorcee ਵਾਸਤੇ ਤਲਾਕਸੁਦਾ ਲੜਕੀ ਦੀ ਲੋੜ ਹੈ। ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ, Student ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਕਾਲ ਕਰੋ: 416-937-1934

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202


## ਲੜਕੇ ਦੀ ਲੋੜ

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ, B.A & Cosmetics Diploma ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਵਿਆਹ ਵਧੀਆ। ਸੰਪਰਕ ਕਰੋ : 647-267-0656 I 416-509-7252 I +91 92741-00004

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7'', ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5'', ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3'', ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1'', ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 647-994-1985 I 416-494-9943

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321 ।

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710


UPPAL LAW
AVTAR UPPAL
Manager
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AMAN UPPAL
Barrister,Solicitor
FREE Consultation
Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
* PRIOR APPOINTMENT NECESSARY

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

# ਧੀਆਂ ਦਾ 26ਵਾਂ ਲੋਹੜੀ ਮੇਲਾ ਸਮਾਜਿਕ ਬੁਰਾਈਆਂ ਖਿਲਾਫ ਜਾਗਰੂਕਤਾ ਫੈਲਾਉਣ ਦੇ ਸੰਦੇਸ਼ ਨਾਲ ਸ਼ੁਰੂ

## ਸਮਾਜਿਕ ਮੁੱਦਿਆਂ ਦੇ ਪ੍ਰਤੀ ਸੰਜੀਦਗੀ ਦੀ ਲੋੜ : ਪ੍ਰੋ: ਗਿੱਲ






ਲੁਧਿਆਣਾ, 9 ਜਨਵਰੀ (ਗਿਆਨ ਸਿੰਘ): ਮਾਲਵਾ ਸੱਭਿਆਚਾਰਕ ਮੰਚ ਪੰਜਾਬ ਵੱਲੋਂ ਧੀਆਂ ਦੇ 26ਵੇਂ ਲੋਹੜੀ ਮੇਲੇ ਦੀ ਸ਼ੁਰੂਆਤ ਅੱਜ ਸਥਾਨਿਕ ਪੰਜਾਬੀ ਭਵਨ ਵਿਖੇ ਸਮਾਜਿਕ ਬੁਰਾਈਆਂ ਦੇ ਖਿਲਾਫ ਜਾਗਰੂਕਤਾ ਫੈਲਾਉਣ ਦੇ ਸੰਦੇਸ਼ ਨਾਲ ਸ਼ੁਰੂ ਹੋ ਗਈ । ਮੰਚ ਦੇ ਚੇਅਰਮੈਨ ਕ੍ਰਿਸ਼ਨ ਕੁਮਾਰ ਬਾਵਾ ਅਤੇ ਪ੍ਰਧਾਨ ਰਾਜੀਵ ਕੁਮਾਰ ਲਵਲੀ ਨੇ ਕਿਹਾ ਕਿ ਅੱਜ ਸਮਾਜ ਦਾ ਕੋਈ ਖੇਤਰ ਅਜਿਹਾ ਨਹੀਂ ਹੈ , ਜਿੱਥੇ ਲੜਕੀਆਂ ਨੇ ਅਹਿਮ ਸਥਾਨ ਹਾਸਲ ਕਰਦਿਆਂ ਹੋਇਆਂ ਆਪਣੇ ਰਾਜ ਅਤੇ ਮਾਪਿਆਂ ਦਾ ਨਾਮ ਰੋਸ਼ਨ ਨਾ ਕੀਤਾ ਹੋਵੇ । ਉਹਨਾਂ ਕਿਹਾ ਕਿ ਮਾਸੂਮ ਬੱਚੀਆਂ ਦੇ ਨਾਲ ਦਰੀਦੰਗੀ ਦੀਆਂ ਘਟਨਾਵਾਂ ਲਗਾਤਾਰ ਵੱਧ ਰਹੀਆਂ ਹਨ ਜੋ ਇਕ ਗੰਭੀਰ ਚਿੰਤਾ ਦਾ ਵਿਸ਼ਾ ਹੈ । ਇਸ ਮਾਮਲੇ ਵਿੱਚ ਆਰੋਪੀਆਂ ਦੇ ਖਿਲਾਫ ਸਖਤ ਤੋਂ ਸਖਤ ਕਾਰਵਾਈ ਹੋਣੀ ਚਾਹੀਦੀ ਹੈ । ਬਾਵਾ ਅਤੇ ਲਵਲੀ ਨੇ ਇਹ ਵੀ ਮੰਗ ਕੀਤੀ ਕਿ ਭਰੂਣ ਹੱਤਿਆ ਕਰਨ ਵਾਲਿਆਂ ਦੇ ਖਿਲਾਫ ਧਾਰਾ 302 ਅਧੀਨ ਮਾਮਲਾ ਦਰਜ ਹੋਣਾ ਚਾਹੀਦਾ ਹੈ ਤਾਂ ਕਿ ਇਸ ਸਮਾਜਿਕ ਬੁਰਾਈ ਨਾਲ ਸਮਾਜ ਨੂੰ ਮੁਕਤ ਕੀਤਾ ਜਾ ਸਕੇ । ਬਾਵਾ ਅਤੇ ਲਵਲੀ ਨੇ ਦੱਸਿਆ ਕਿ 11 ਜਨਵਰੀ ਨੂੰ ਗਾਇਕੀ ਦੇ ਖੁੱਲ੍ਹੇ ਅਖਾੜੇ ਦੀ ਸ਼ੁਰੂਆਤ ਸੂਫੀ ਗਾਇਕ ਕੰਵਰ ਗਰੇਵਾਲ ਕਰਣਗੇ । ਇਸਦੇ ਨਾਲ ਹੀ ਪੰਜਾਬ ਭਰ ਦੇ ਲੋਕ ਗਾਇਕ ਅਤੇ ਕਾਮੇਡੀ ਕਲਾਕਾਰ ਆਪਣੀ ਕਲਾਕਾਰੀ ਦੀ ਪੇਸ਼ਕਾਰੀ ਨਾਲ ਦਰਸ਼ਕਾਂ ਦਾ ਭਰਪੂਰ ਮੰਨੋਰਜਨ ਕਰਨਗੇ ।

ਪੰਜਾਬੀ ਸਾਹਿਤ ਅਕਾਦਮੀ ਦੇ ਸਾਬਕਾ ਪ੍ਰਧਾਨ ਪ੍ਰੋ: ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਭਰੂਣ ਹੱਤਿਆ, ਨਸ਼ੇ, ਟਰੈਫਿਕ ਅਤੇ ਪ੍ਰਦੂਸ਼ਣ ਸਮੇਤ ਸਮਾਜਿਕ ਬੁਰਾਈਆਂ ਤੋਂ ਛੁਟਕਾਰਾ ਸਮਾਜ ਨੂੰ ਤੱਦ ਹੀ ਮਿਲੇਗਾ ਜਦੋਂ ਹਰ ਇਕ ਵਿਅਕਤੀ ਇਸਨੂੰ ਸੰਜੀਦਗੀ ਨਾਲ ਲਵੇਗਾ । ਉਹਨਾਂ ਨੇ ਜੇ.ਐਨ.ਯੂ. ਵਿਦਿਆਰਥੀ ਯੂਨੀਅਨ ਦੀ ਪ੍ਰਧਾਨ ਅਤੇ ਵਿਦਿਆਰਥੀਆਂ ਉਪਰ ਗੁੰਡਿਆਂ ਵੱਲੋਂ ਕੀਤੇ ਗਏ ਹਮਲੇ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਹੋਇਆਂ ਕਿਹਾ ਕਿ ਇਸ ਤੋਂ ਸ਼ਰਮਨਾਕ ਅਤੇ ਲਾਹਨਤ ਵਾਲੀ ਹੋਰ ਕਿਹੜੀ ਗੱਲ ਹੋ ਸਕਦੀ ਹੈ ਜਿਸ ਵਿਦਿਆਰਥੀ ਯੂਨੀਅਨ ਦੀ ਪ੍ਰਧਾਨ ਉਪਰ ਜਾਨਲੇਵਾ ਹਮਲਾ ਹੋਇਆ, ਉਸ ਉਪਰ ਹੀ ਉਸਨੇ ਅਲੱਗ ਅਲੱਗ ਧਾਰਾਵਾਂ ਅਧੀਨ ਮਾਮਲਾ ਦਰਜ ਕਰ ਲਿਆ । ਅੱਜ ਸਮਾਜ ਦੇ ਹਰ ਵਰਗ ਨੂੰ ਹੀ ਜਾਗਰੂਕ ਹੋਣ ਦੀ ਜਰੂਰਤ ਹੈ।

ਸੀ.ਟੀ.ਯੂ. ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਜਗਤਾਰ ਧੀਮਾਨ ਅਤੇ ਜਗਦੀਸ਼ ਮਰਵਾਹਾ ਨੇ ਕਿਹਾ ਕਿ ਸਮੇਂ ਦੀ ਤਬਦੀਲੀ ਦੇ ਨਾਲ ਸਮਾਜ ਵਿੱਚ ਕਾਫੀ ਜਾਗ੍ਰਤੀ ਆਈ ਹੈ, ਪਰੰਤੂ ਅੱਜ ਵੀ ਕੁੱਝ ਲੋਕ ਲੜਕਾ ਅਤੇ ਲੜਕੀ ਵਿੱਚ ਫਰਕ ਸਮਝਦੇ ਹਨ । ਪੀ.ਏ.ਯੂ. ਦੇ ਆਰਥਿਕ ਵਿਭਾਗ ਦੇ ਪ੍ਰਭਾਰੀ ਡਾ. ਸੁਖਪਾਲ ਸਿੰਘ ਨੇ ਕਿਹਾ ਕਿ ਇਸ ਵਿੱਚ ਕੋਈ ਸ਼ੰਕਾ ਨਹੀਂ ਕਿ ਪਿਛਲੇ ਸਾਲਾਂ ਦੀ ਤੁਲਾਨਾ ਵਿੱਚ ਅੱਜ ਸਮਾਜ ਵਿੱਚ ਵੱਡੇ ਪੱਧਰ ਤੇ ਤਬਦੀਲੀ ਦੇਖਣ ਨੂੰ ਮਿਲ ਰਹੀ ਹੈ । ਇਸ ਲਈ ਮਹਿਲਾਵਾਂ ਨੂੰ ਪੁਰਸ਼ਾਂ ਦੇ ਮੁਕਾਬਲੇ ਆਰਥਿਕ ਤੌਰ ਤੇ ਵੀ ਸਮਾਨਤਾ ਦਾ ਅਧਿਕਾਰ ਮਿਲਣੇ ਚਾਹੀਦੇ ਹਨ । ਮਾਲਵਾ ਅਤੇ ਸੱਭਿਆਚਾਰਕ ਮੰਚ ਦੇ ਬਲਦੇਵ ਬਾਵਾ ਨੇ ਕਿਹਾ ਕਿ ਭਰੂਣ ਹੱਤਿਆ ਸਮੇਤ ਸਮਾਜਿਕ ਬੁਰਾਈਆਂ ਤੋਂ ਛੁਟਕਾਰਾ ਸਮਾਜਿਕ ਚੇਤਨਾ ਨਾਲ ਹੀ ਪਾਇਆ ਜਾ ਸਕਦਾ ਹੈ ।

ਪ੍ਰੋ: ਮੋਹਨ ਸਿੰਘ ਮੈਮੋਰੀਅਲ ਫਾਉਡੇਸ਼ਨ ਦੇ ਪ੍ਰਧਾਨ ਪ੍ਰਗਟ ਸਿੰਘ ਗਰੇਵਾਲ ਨੇ ਕਿਹਾ ਕਿ ਅੱਜ ਤੋਂ 25 ਸਾਲ ਪਹਿਲਾਂ ਮੰਡੀ ਮੁਲੱਾਪੁਰ ਤੋਂ ਲੜਕੀਆਂ ਦੀ ਲੋਹੜੀ ਮਨਾਉਣ ਦੀ ਸ਼ੁਰੂਆਤ ਪੰਜਾਬੀ ਸ਼ੱਭਿਆਚਾਰ ਦੇ ਬਾਬਾ ਬੋਹੜ ਜਗਦੇਵ ਸਿੰਘ ਜੱਸੋਵਾਲ ਦੀ ਪ੍ਰੇਰਣਾ ਨਾਲ ਸ਼੍ਰੀ ਕ੍ਰਿਸ਼ਨ ਕੁਮਾਰ ਬਾਵਾ ਦੀ ਟੀਮ ਨੇ ਕੀਤਾ । ਇਸ ਨਾਲ ਚੰਗਾ ਸੰਦੇਸ਼ ਸਮਾਜ ਵਿੱਚ ਗਿਆ ਅਤੇ ਅੱਜ ਲੋਕ ਲੜਕਿਆਂ ਦੇ ਨਾਲ ਲੜਕੀਆਂ ਦੀ ਲੋਹੜੀ ਮਨਾਉਣ ਦੇ ਰੂਪ ਵਿੱਚ ਵੀ ਖੁਸ਼ੀ ਮਹਿਸੂਸ ਕਰਨ ਲੱਗੇ ਹਨ ।

ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਐਕਸੀਅਨ ਸੰਦੀਪ ਬਹਿਲ ਨੇ ਦਿਨ ਪ੍ਰਤੀ ਦਿਨ ਪ੍ਰਦੂਸ਼ਿਤ ਹੋ ਰਹੇ ਵਾਤਾਵਰਣ ਦੇ ਪ੍ਰਤੀ ਸਮਾਜ ਦੇ ਹਰ ਵਰਗ ਨੂੰ ਸੁਚੇਤ ਕਰਦਿਆਂ ਹੋਇਆਂ ਕਿਹਾ ਕਿ ਦੇਸ਼ ਦੇ ਹਰ ਇਕ ਨਾਗਰਿਕ ਨੂੰ ਹੀ ਆਪਣੀ ਬਣਦੀ ਜਿੰਮੇਂਵਾਰੀ ਨਿਭਾਉਣੀ ਚਾਹੀਦੀ ਹੈ, ਨਹੀਂ ਤਾਂ ਆਉਣ ਵਾਲੀਆਂ ਪੀੜੀਆਂ ਕਦੇ ਵੀ ਮੁਆਫ ਨਹੀਂ ਕਰਣਗੀਆਂ ।

ਸਰਕਾਰੀ ਕਾਲਜ ਕੰਨਿਆ ਦੀ ਸੇਵਾ ਮੁਕਤ ਪ੍ਰਿੰਸੀਪਲ ਮਹਿੰਦਰ ਕੌਰ ਗਰੇਵਾਲ, ਸਮਾਜ ਸੇਵੀ ਦਵਿੰਦਰ ਕੌਰ ਬਸੰਤ, ਰਿਪੂ ਗਿੱਲ ਅਤੇ ਨੀਰੂ ਸ਼ਰਮਾ ਨੇ ਇਸ ਗੱਲ ਤੇ ਵਿਸ਼ੇਸ਼ ਜੋਰ ਦਿੱਤਾ ਕਿ ਲੜਕੀਆਂ ਨੂੰ ਇਸ ਹੱਦ ਤੱਕ ਆਤਮ ਨਿਰਭਰ ਅਤੇ ਮਜ਼ਬੂਤ ਬਣਾਓ ਕਿ ਉਹ ਕਿਸੇ ਵੀ ਚੁਣੌਤੀ ਦਾ ਆਸਾਨੀ ਨਾਲ ਸਾਹਮਣਾ ਕਰ ਸਕਣ । ਉਹਨਾਂ ਕਿਹਾ ਕਿ ਸਿਹਤਮੰਦ ਸਮਾਜ ਦੀ ਸਿਰਜਨਾ ਤੱਦ ਹੀ ਹੋ ਸਕਦੀ ਹੈ ਜਦੋਂ ਅਸੀਂ ਸਾਰੇ ਪਹਿਲਾਂ ਇਸਦੀ ਸ਼ੁਰੂਆਤ ਆਪਣੇ ਘਰ ਤੋਂ ਪ੍ਰੈਕਟੀਕਲ ਤੌਰ ਤੇ ਕਰਾਂਗੇ ।

ਪੀ.ਏ.ਯੂ. ਦੇ ਸਾਬਕਾ ਅਧਿਕਾਰੀ ਡਾ. ਸੁਰਜੀਤ ਸਿੰਘ ਨੇ ਕਿਹਾ ਕਿ ਸਮਾਜਿਕ ਸੁਧਾਰ ਲਹਿਰ ਨੂੰ ਜਾਰੀ ਰੱਖਣ ਦੇ ਨਾਲ ਹੀ ਇਕ ਦੂਜੇ ਨੂੰ ਇਸ ਗੱਲ ਦੇ ਲਈ ਪ੍ਰੇਰਿਤ ਕੀਤਾ ਜਾਵੇ ਕਿ ਵਾਤਾਵਰਣ ਨੂੰ ਕਿਸ ਤਰ੍ਹਾਂ ਸ਼ੁੱਧ ਰੱਖਿਆ ਜਾ ਸਕਦਾ ਹੈ । ਸਵੱਛ ਵਾਤਾਵਰਣ ਵਿੱਚ ਹੀ ਭਵਿੱਖ ਸੁਰੱਖਿਅਤ ਰੱਖਣ ਦੀ ਕਲਪਨਾ ਕੀਤੀ ਜਾ ਸਕਦੀ ਹੈ । ਬਾਵਾ, ਲਵਲੀ, ਗਿੱਲ ਅਤੇ ਕੌਂਸਲਰ ਬਰਜਿੰਦਰ ਕੌਰ ਪ੍ਰਧਾਨ ਮਹਿਲਾ ਵਿੰਗ ਮਾਲਾਵਾ ਸੱਭਿਆਚਾਰਕ ਮੰਚ ਪੰਜਾਬ ਦੇ ਸੈਮੀਨਾਰ ਦੀ ਪ੍ਰਮੁੱਖ ਸਖਸ਼ੀਅਤਾਂ ਨੂੰ ਦੋਸ਼ਾਲਾ ਅਤੇ ਯਾਦਗਾਰੀ ਚਿੰਨ ਭੇਂਟ ਕਰਕੇ ਸਨਮਾਨਿਤ ਕੀਤਾ ।

ਸਟੇਜ ਸੰਚਾਲਨ ਦੀ ਭੂਮਿਕਾ ਸਰਬਜੀਤ ਸਿੰਘ ਵਿਰਦੀ ਨੇ ਬਾਖੂਬੀ ਨਿਭਾਈ। ਇਸ ਸੈਮੀਨਾਰ ਵਿੱਚ ਕਰਨਲ ਹਰਬੰਤ ਸਿੰਘ ਕਾਹਲੋਂ, ਜਰਨੈਲ ਸਿੰਘ ਤੂਰ, ਰੇਸ਼ਮ ਸਿੰਘ ਸੱਗੂ, ਸ਼ਸ਼ੀ ਸੂਦ, ਊਸ਼ਾ ਮਲਹੋਤਰਾ, ਦਿੱਲੀ ਤੋਂ ਆਚਾਰਿਆ ਰੇਖਾ ਕਲਪ ਦੇਵ, ਡਾ. ਗੁਰਚਰਨ ਕੌਰ ਕੋਚਰ, ਬਲਜਿੰਦਰ ਸਿੰਘ ਹੂੰਜਨ, ਪਰਮਜੀਤ ਕੌਰ ਸਮੇਤ ਨਗਰ ਦੀਆਂ ਕਈ ਸ਼ਖਸ਼ੀਅਤਾਂ ਸ਼ਾਮਲ ਹੋਈਆਂ ।

## 2 bedroom basement available

Available from 1st week of February Well clean and fully furnished 2 bedroom basement is available for rent in Malton area near Singh sabha gurdwara. Internet and laundry available.

Call 905-848-5464

## ਅਧਿਕਾਰੀ ਵਿਕਾਸ ਕਾਰਜਾਂ ਤੇ ਭਲਾਈ ਸਕੀਮਾਂ ਦੇ ਕਾਰਜ ਮਿੱਥੇ ਸਮੇਂ 'ਚ ਨਿਪਟਾਉਣ : ਡੀ.ਸੀ.



ਫਰੀਦਕੋਟ, 9 ਜਨਵਰੀ (ਗਿਆਨ ਸਿੰਘ): ਜ਼ਿਲ੍ਹੇ 'ਚ ਚੱਲ ਰਹੇ ਵਿਕਾਸ ਕਾਰਜਾਂ ਅਤੇ ਭਲਾਈ ਸਕੀਮਾਂ ਦਾ ਜਾਇਜ਼ਾ ਲੈਣ ਲਈ ਮਹੀਨਾਵਾਰ ਮੀਟਿੰਗ ਡਿਪਟੀ ਕਮਿਸ਼ਨਰ ਕੁਮਾਰ ਸੌਰਭ ਰਾਜ, ਆਈ.ਏ.ਐਸ. ਦੀ ਅਗਵਾਈ ਹੇਠ ਹੋਈ ।ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਜਿੱਥੇ ਵਿਕਾਸ ਕਾਰਜ ਮਿੱਥੇ ਸਮੇਂ 'ਚ ਨਿਪਟਾਉਣ ਦੇ ਆਦੇਸ਼ ਦਿੱਤੇ ਉੱਥੇ ਭਲਾਈ ਸਕੀਮਾਂ ਲਈ ਬਿਨੇ ਕਰਨ ਵਾਲਿਆਂ ਦੀਆਂ ਅਰਜ਼ੀਆਂ ਦਾ ਸਮਾਂ ਬੱਧ ਨਿਪਟਾਰਾ ਕਰਨ ਦੀ ਹਦਾਇਤ ਕੀਤੀ। ਉਨ੍ਹਾਂ ਨੇ ਮਹਾਤਮਾ ਗਾਂਧੀ ਸਰਬੱਤ ਵਿਕਾਸ ਯੋਜਨਾ ਤਹਿਤ ਹਰੇਕ ਮਹੀਨੇ ਦੀ 20 ਤਰੀਕ ਨੂੰ ਲਾਏ ਜਾਂਦੇ ਕੈਂਪਾਂ 'ਚ ਆਈਆਂ ਅਰਜ਼ੀਆਂ 'ਤੇ ਵਿਸ਼ੇਸ਼ ਧਿਆਨ ਦੇਣ ਲਈ ਆਖਿਆ।

ਉਨ੍ਹਾਂ ਨੇ ਮੀਟਿੰਗ ਵਿਚ ਵੱਖ ਵੱਖ ਵਿਭਾਗਾਂ ਤੋਂ ਉਨ੍ਹਾਂ ਦੇ ਅਧੀਨ ਚੱਲ ਰਹੇ ਕੰਮਾਂ ਦੀ ਪ੍ਰਗਤੀ ਦਾ ਵਿਸਥਾਰਸਹਿਤ ਜਾਇਜ਼ਾ ਲਿਆ । ਉਨ੍ਹਾਂ ਨੇ ਜ਼ਿਲ੍ਹੇ 'ਚ ਚੱਲ ਰਹੀ ਆਸ਼ੀਰਵਾਦ ਸਕੀਮ, ਮਗਨਰੇਗਾ ਸਕੀਮ, ਪੈਨਸ਼ਨ ਸਕੀਮ ਅਤੇ ਖੇਤੀ ਬਾੜੀ, ਜਲਸਪਲਾਈ ਅਤੇ ਸੈਨੀਟੇਸ਼ਨ, ਹੋਰ ਵੱਖ ਵੱਖ ਸਮਾਜਿਕ ਸਕੀਮਾਂ ਦੀ ਪ੍ਰਗਤੀ ਦਾ ਵੇਰਵਾ ਪੁੱਛਿਆ। ਇਸ ਦੌਰਾਨ ਉਨਾਂ ਲੋਕ ਨਿਰਮਾਣ ਵਿਭਾਗ ਵੱਲੋਂ ਆਰੰਭੇ ਹੋਏ ਕਾਰਜਾਂ, ਸੜ੍ਹਕ ਦੇ ਨਿਰਮਾਣ ਆਦਿ ਦੀ ਪ੍ਰਗਤੀ ਬਾਰੇ ਵੀ ਜਾਣਕਾਰੀ ਲਈ।

ਡਿਪਟੀ ਕਮਿਸ਼ਨਰ ਨੇ ਸਮੂਹ ਵਿਭਾਗਾਂ ਨੂੰ ਹਦਾਇਤ ਕੀਤੀ ਕਿ ਉਹ ਵਿਕਾਸ ਕਾਰਜਾਂ 'ਚ ਕਿਸੇ ਵੀ ਤਰ੍ਹਾਂ ਦੀ ਢਿੱਲ-ਮੱਠ ਨਾ ਆਉਣ ਦੇਣ ਅਤੇ ਇਨ੍ਹਾਂ ਨੂੰ ਮਿੱਥੇ ਸਮੇਂ 'ਚ ਪੂਰਾ ਕਰਨ ਦੀ ਹਦਾਇਤ ਕੀਤੀ।

ਇਸ ਮੌਕੇ ਡੀ ਡੀ ਪੀ ਓ ਬਲਜੀਤ ਕੌਰ,ਜ਼ਿਲ੍ਹਾ ਖੇਤੀਬਾੜੀ ਅਫਸਰ ਹਰਵਿੰਦਰ ਸਿੰਘ, ਸਹਾਇਕ ਸਿਵਲ ਸਰਜਨ ਡਾ ਮਨਜੀਤ ਭੱਲਾ,ਬੀ ਡੀ ਪੀ ਓ ਫਰੀਦਕੋਟ ਅਸ਼ੋਕ ਕੁਮਾਰ, ਬੀ ਡੀ ਪੀ ਓ ਜੈਤੋਂ ਨੀਤੂ ਗਰਗ, ਬੀ ਡੀ ਪੀ ਓ ਜੈਤੋਂ ਹਰਮੇਲ ਸਿੰਘ ਬੰਗੀ,ਜ਼ਿਲ੍ਹਾ ਭਲਾਈ ਅਫਸਰ ਗੁਰਮੀਤ ਸਿੰਘ,ਜ਼ਿਲ੍ਹਾ ਮੰਡੀ ਅਫਸਰ ਮਨਜੀਤ ਸਿੰਘ, ਡਿਪਟੀ ਡਾਇਰੈਕਟਰ ਐਨੀਮਲ ਹਸਬੈਂਡਰੀ, ਡਾ ਭੁਪਿੰਦਰ ਸਿੰਘ ਖੋਸਾ, ਐਕਸੀਅਨ ਪੰਚਾਇਤੀ ਰਾਜ ਮਹੇਸ਼ ਗਰਗ, ਕਾਰਜਕਾਰੀ ਇੰਜੀਨੀਅਰ ਜਲ ਸਪਲਾਈ ਅਤੇ ਸੈਨੀਟੇਸ਼ਨ ਚੰਦਰ ਮੋਹਨ ਮਿੱਤਲ, ਕਾਰਜਕਾਰੀ ਇੰਜੀਨੀਅਰ ਪ੍ਰਾਂਤਕ ਮੰਡਲ ਲੋ:ਨਿ:ਵਿ:ਸਤੀਸ਼ ਕੁਮਾਰ, ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Honesty, Reliability, Commitment
SELL FOR MORE BUY FOR LESS
- 1 yr Home Warranty
- Free valuation & Lowest Commission
- We Help to get mortgage
- Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity
B. 905.913.8500
HIRA RANDHWA
Broker
416.319.0551
BHUPENDRA DHILLON
Sales Representative
647-896-1877
Hirarandhawa@yahoo.ca HiraRandhawa.com Dhillonbhupendra@hotmail.com

For SUPER-VISA INSURANCE, TRAVEL INSURANCE RESP
Call: 416-319-0551

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Homely Environment
- Biweekly payment
- ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
A-1 RENOVATION GTA INC.
22 Listcreek Road, Brampton L6p 2n6

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection
Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8

FOR LEASE
Lease: $2,599
Bramalea / Sandalwood
ਅੱਪਰ ਲੇਵਲ ਲੀਜ਼ ਲਈ, ਵਧੀਆ ਕਿਚਨ ਨੂੰ ਕੁਆਰਟਜ਼ ਕਾਂਉਟਰ ਟਾਪ, ਵਾਕ ਆਉਟ ਡੈਕ, 3 ਬੈਡਰੂਮ, 1 1/2 ਵਾਸ਼ਰੂਮ, ਸਟੇਂਨਲੈਸ ਸਟੀਲ ਅਪਲਾਇੰਸਸ, 2 ਪਾਰਕਿੰਗ ਸਪਾਟਸ, ਖਾਲੀ ਬੈਸਮੈਂਟ ਜੋ ਕਿ ਰੈਂਟ ਤੇ ਦੀਤੀ ਜਾ ਸਕਦੀ ਹੈ। ਅੱਜ ਹੀ ਸੰਪਰਕ ਕਰੋ।

FOR SALE
$120,000
VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੇਲੂਨ। ਰੈਂਟ ਸਿਰਫ $3324/ਮਹੀਨਾ।

SOLD
Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ । ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ ।

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
Looking for Experienced:
- Machine Operators
- Forklift Driver
- Millwright's
- AZ-DZ Drivers
- Machine Mechanic
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1


HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਫਿਲਮੀ ਦੁਨੀਆਂ

## ਹੀਰੋ ਨੂੰ ਕੋਈ ਜੱਜ ਨਹੀਂ ਕਰਦਾ : ਕ੍ਰਿਤੀ ਸਨਨ



ਪਿਛਲੇ ਸਾਲ ਅਰਜੁਨ ਕਪੂਰ ਦੇ ਨਾਲ ਅਭਿਨੇਤਰੀ ਕ੍ਰਿਤੀ ਸਨਨ 'ਪਾਣੀਪਤ' ਵਿੱਚ ਦਿਖਾਈ ਦਿੱਤੀ। ਇਸ ਵਿੱਚ ਉਹ ਪਾਰਵਤੀ ਬਾਈ ਦੇ ਕਿਰਦਾਰ ਵਿੱਚ ਸਨ। ਪੇਸ਼ ਹਨ ਕ੍ਰਿਤੀ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼ :

* ਤੁਸੀਂ 'ਪਾਣੀਪਤ' ਵਿੱਚ ਪਾਰਵਤੀ ਬਾਈ ਦੀ ਭੂਮਿਕਾ ਵਿੱਚ ਦਿਸੇ। ਇਤਿਹਾਸ ਵਿੱਚ ਰਾਣੀ ਲਛਮੀ ਬਾਈ, ਰਾਣੀ ਜੋਧਾ ਬਾਈ ਅਤੇ ਪਦਮਾਵਤੀ ਵਰਗੇ ਗਿਣੇ-ਚੁਣੇ ਇਤਿਹਾਸਕ ਮਹਿਲਾ ਕਿਰਦਾਰ ਹਨ, ਜੋ ਆਪਣੀ ਬਹਾਦਰੀ ਲਈ ਪਛਾਣੀਆਂ ਜਾਂਦੀਆਂ ਹਨ, ਜਦ ਕਿ ਸੂਰਬੀਰਾਂ ਦੀ ਭਰਮਾਰ ਹੈ।

- ਮੈਨੂੰ ਲੱਗਦਾ ਹੈ ਕਿ ਇਤਿਹਾਸ ਵਿੱਚ ਕਈ ਮਹਿਲਾ ਕਿਰਦਾਰ ਹੋਣਗੇ, ਪਰ ਸਾਨੂੰ ਜ਼ਿਆਦਾ ਕਿਰਦਾਰਾਂ ਦੇ ਬਾਰੇ ਪਤਾ ਨਹੀਂ। ਜਿਵੇਂ ਝਾਂਸੀ ਦੀ ਰਾਣੀ ਦੇ ਬਾਰੇ ਅਸੀਂ ਸਾਰੇ ਜਾਣਦੇ ਹਾਂ, ਬੱਚਾ-ਬੱਚਾ ਜਾਣਦਾ ਹੈ ਕਿ ਖੂਬ ਲੜੀ ਮਰਦਾਨੀ ਵੋ ਤੋ ਝਾਂਸੀ ਵਾਲੀ ਰਾਣੀ ਸੀ। ਮੈਂ ਪਰਦੇ 'ਤੇ ਪਾਰਵਤੀ ਬਾਈ ਦੇ ਕਰੈਕਟਰ ਵਿੱਚ ਦਿਸੀ ਹਾਂ, ਪਰ ਇਸ ਤੋਂ ਪਹਿਲਾਂ ਮੈਨੂੰ ਇਸ ਦੇ ਬਾਰੇ ਜਾਣਕਾਰੀ ਹੀ ਨਹੀਂ ਸੀ, ਇਸ ਫਿਲਮ ਦੇ ਬਾਅਦ ਸਾਰੇ ਜਾਣ ਜਾਣਗੇ। ਮੈਨੂੰ ਖੁਦ ਕਾਸ਼ੀ ਬਾਈ, ਪਦਮਾਵਤੀ ਤੇ ਮਸਤਾਨੀ ਦੇ ਬਾਰੇ ਇੰਨਾ ਪਤਾ ਨਹੀਂ ਸੀ। ਮੈਨੂੰ ਯਕੀਨ ਹੈ ਕਿ ਇਹ ਕਿਰਦਾਰ ਜ਼ਰੂਰ ਹੋਣਗੇ। ਜਿਵੇਂ ਸਾਡੀ ਫਿਲਮ ਵਿੱਚ ਅਮਾਨ ਸਕੀਨਾ ਬੇਗਮ ਦੇ ਕਿਰਦਾਰ ਵਿੱਚ ਹੈ, ਜੋ ਆਪਣੇ ਆਪ ਅਹਿਮ ਹੈ, ਕਹਿਣ ਦਾ ਮਤਲਬ ਇਹ ਹੈ ਕਿ ਇਤਿਹਾਸ ਵਿੱਚ ਕਈ ਮਹੱਤਵ ਪੂਰਨ ਮਹਿਲਾ ਕਿਰਦਾਰ ਹਨ। ਉਨ੍ਹਾਂ ਨੂੰ ਲੱਭ ਕੇ ਪਰਦੇ 'ਤੇ ਲਿਆਉਣਾ ਚਾਹੀਦਾ ਹੈ।

* ਤੁਸੀਂ ਲਗਾਤਾਰ ਸਫਲਤਾ ਦੀਆਂ ਪੌੜੀਆਂ ਚੜ੍ਹ ਰਹੇ ਹੋ। ਆਪਣੇ ਆਪ 'ਤੇ ਸਭ ਤੋਂ ਵੱਧ ਮਾਣ ਕਦੋਂ ਮਹਿਸੂਸ ਕੀਤਾ?

- ਮੈਂ ਉਸ ਵਕਤ ਬਹੁਤ ਮਾਣ ਮਹਿਸੂਸ ਕਰਦੀ ਹਾਂ, ਜਦ ਮੈਂ ਲੜਕੀਆਂ ਨੂੰ ਆਪਣੇ ਬਲਬੂਤੇ ਨਾਂਅ ਬਣਾਉਣ ਦੇ ਲਈ ਇੰਸਪਾਇਰ ਕਰ ਸਕਾਂ, ਜਦ ਉਹ ਮੈਨੂੰ ਦੇਖ ਕੇ ਕਹਿੰਦੀਆਂ ਹਨ ਕਿ ਉਹ ਵੀ ਮੇਰੀ ਤਰ੍ਹਾਂ ਆਪਣੇ ਸੁਫਨਿਆਂ ਨੂੰ ਸਾਕਾਰ ਕਰ ਸਕਦੀਆਂ ਹਨ। ਮੈਂ ਕਦੇ ਸੋਚਿਆ ਨਹੀਂ ਸੀ ਕਿ ਮੈਂ ਅਭਿਨੇਤਰੀ ਬਣਾਂਗੀ। ਮੈਂ ਇੱਕ ਸਾਧਾਰਨ ਮੱਧਵਰਗੀ ਪਰਵਾਰ ਤੋਂ ਹਾਂ। ਮੇਰੀ ਮਾਂ ਪ੍ਰੋਫੈਸਰ ਹਨ, ਪਿਤਾ ਸੀ ਏ ਹਨ। ਮੈਂ ਇੰਜੀਨੀਅਰਿੰਗ ਕਰ ਰਹੀ ਸੀ। ਜਦ ਮੈਂ ਬਿਨਾਂ ਕਿਸੇ ਫਿਲਮੀ ਬੈਕਗਰਾਊਂਡ ਤੇ ਗਾਡਫਾਦਰ ਦੇ ਆਪਣਾ ਮੁਕਾਮ ਬਣਾ ਲਿਆ ਹੈ ਤਾਂ ਕਈ ਲੜਕੀਆਂ ਮੈਨੂੰ ਸੋਸ਼ਲ ਮੀਡੀਆ 'ਤੇ ਆਦਰਸ਼ ਮੰਨ ਕੇ ਮੇਰੇ ਨਕਸ਼ੇਕਦਮ 'ਤੇ ਚੱਲਣਾ ਚਾਹੁੰਦੀਆਂ ਹਨ। ਉਸ ਵਕਤ ਮੈਨੂੰ ਬਹੁਤ ਮਾਣ ਹੁੰਦਾ ਹੈ।

* ਬਾਕਸ ਆਫਿਸ 'ਤੇ ਕਈ ਹਿੱਟ ਫਿਲਮਾਂ ਦੇਣ ਦੇ ਬਾਅਦ ਕੀ ਅਭਿਨੇਤਰੀ ਵਜੋਂ ਤੁਸੀਂ ਉਸ ਜਗ੍ਹਾ ਪਹੁੰਚ ਸਕੇ ਹੋ, ਜਿੱਥੇ ਤੁਸੀਂ ਆਪਣੀਆਂ ਭੂਮਿਕਾਵਾਂ ਨੂੰ ਆਪਣੀ ਮਰਜ਼ੀ ਨਾਲ ਚੁਣ ਸਕਣ ਅਤੇ ਆਪਣੀ ਮਰਜ਼ੀ ਨਾਲ ਫੀਸ ਮੰਗ ਸਕਣ?

- ਹਾਂ, ਕਿਤੇ ਨਾ ਕਿਤੇ ਇਹ ਤਾਕਤ ਮੈਨੂੰ ਮਿਲੀ ਹੈ। ਜਦ ਮੈਂ 'ਬਰੇਲੀ ਕੀ ਬਰਫੀ' ਕੀਤੀ ਤਾਂ ਉਸ ਪਿੱਛੋਂ ਅਭਿਨੇਤਰੀ ਦੇ ਰੂਪ ਵਿੱਚ ਮੇਰੀ ਪਛਾਣ ਪੁਖਤਾ ਹੋਈ। ਤਦ ਤੱਕ ਲੋਕ ਮੈਨੂੰ ਹੀਰੋਇਨ ਦੇ ਰੂਪ ਵਿੱਚ ਦੇਖਦੇ ਸਨ। ਮੈਂ ਆਪਣੀ ਐਕਟਿੰਗ ਨੂੰ ਸਹਿਜ ਬਣਾਈ ਰੱਖਣ ਦੀ ਕੋਸ਼ਿਸ਼ ਕਰਦੀ ਹਾਂ। ਮੈਨੂੰ ਆਪਣਾ ਕੰਮ ਬੜਾ ਪਸੰਦ ਹੈ। ਮੈਂ ਇਥੇ ਵਰਕਸ਼ਾਪ ਜਾਂ ਐਕਟਿੰਗ ਦਾ ਕੋਰਸ ਕਰ ਕੇ ਨਹੀਂ ਆਈ, ਤਾਂ ਮੇਰੇ ਲਈ ਜ਼ਰੂਰੀ ਸੀ ਕਿ ਲੋਕ ਅਭਿਨੇਤਰੀ ਦੇ ਰੂਪ ਵਿੱਚ ਮੈਨੂੰ ਮਾਨਤਾ ਦੇਣ। ਇਹ ਸੱਚ ਹੈ ਕਿ ਅੱਜ ਮੇਰੇ ਕੋਲ ਜ਼ਿਆਦਾ ਆਫਰ ਆਉਂਦੇ ਹਨ ਅਤੇ ਫਿਲਮ ਨੂੰ ਚੁਣਨ ਦਾ ਮੇਰਾ ਦਾਇਰਾ ਵੀ ਵਧ ਗਿਆ ਹੈ। ਮੇਰੇ ਕੋਲ ਪਹਿਲਾਂ ਤੋਂ ਵੱਧ ਆਪਸ਼ਨ ਹਨ। 'ਲੁਕਾ ਛਿਪੀ' ਦੀ ਬਾਕਸ ਆਫਿਸ ਸਫਲਤਾ ਨੇ ਮੈਨੂੰ ਹੋਰ ਮਜ਼ਬੂਤੀ ਦਿੱਤੀ। ਜਿੱਥੋਂ ਤੱਕ ਮਿਹਨ-ਤਾਨੇ ਦੀ ਗੱਲ ਹੈ, ਜਦ ਤੁਸੀਂ ਆਪਣੀ ਕੀਮਤ ਦਾ ਅਹਿਸਾਸ ਕਰਨ ਲੱਗਦੇ ਹੋ, ਤਦ ਲੋਕ ਤੁਹਾਨੂੰ ਉਸ ਯੋਗ ਸਮਝਣ ਲੱਗਦੇ ਹਨ। ਮੈਂ ਫਿਲਮਾਂ ਸਿਰਫ ਪੈਸੇ ਕਮਾਉਣ ਲਈ ਨਹੀਂ ਕਰਦੀ, ਪਰ ਤੁਹਾਡੀ ਫੀਸ ਤੁਹਾਡੀ ਯੋਗਤਾ ਦਾ ਸਬੂਤ ਦਿੰਦੀ ਹੈ। ਮੈਨੂੰ ਲੱਗਦਾ ਹੈ ਕਿ ਕਿਸੇ ਵੀ ਅਭਿਨੇਤਰੀ ਨੂੰ ਆਪਣੀ ਕੀਮਤ ਸਮਝ ਕੇ ਫੀਸ ਦੀ ਮੰਗ ਕਰਨੀ ਚਾਹੀਦੀ ਹੈ ਕਿ ਹਾਂ, ਮੈਂ ਇਹ ਡਿਜ਼ਰਵ ਕਰਦੀ ਹਾਂ।

* ਲੜਕੀ ਹੋਣ ਦੇ ਨਾਤੇ ਤੁਹਾਨੂੰ ਖੁਦ 'ਤੇ ਜਾਂ ਆਸਪਾਸ ਬੁਰਾ ਕਦੋਂ ਫੀਲ ਹੁੰਦਾ ਹੈ?

- ਕਈ ਮੁੱਦੇ ਹਨ ਜਦ ਲੜਕੀ ਹੋਣ ਦੇ ਨਾਤੇ ਮੈਂ ਪਰੇਸ਼ਾਨ ਹੋ ਜਾਂਦੀ ਹਾਂ। ਮੈਂ ਪੂਰੀ ਤਰ੍ਹਾਂ ਫੇਮਿਨਿਸਟ ਹਾਂ ਤੇ ਲੜਕੀਆਂ ਦੇ ਨਾਲ ਹੋਣ ਵਾਲੇ ਅਤਿਆਚਾਰ ਅਤੇ ਪੱਖਪਾਤ ਨਾਲ ਤਿਲਮਿਲਾ ਜਾਂਦੀ ਹਾਂ। ਮੇਰੀ ਇਹ ਵਿਚਾਰਧਾਰਾ ਮੈਨੂੰ ਆਪਣੀ ਮਾਂ ਤੋਂ ਮਿਲੀ ਹੈ। ਜਦ ਵੀ ਮੇਰੀ ਮਾਂ ਲੜਕੇ-ਲੜਕੀ ਦੇ ਵਿੱਚ ਭੇਦਭਾਵ ਹੁੰਦੇ ਦੇਖਦੀ ਤਾਂ ਉਹ ਸਵਾਲ ਜ਼ਰੂਰ ਕਰਦੀ। ਇਥੇ ਕਈ ਰੀਤੀ-ਰਿਵਾਜ ਹਨ, ਜਿਨ੍ਹਾਂ 'ਤੇ ਮੈਨੂੰ ਇਤਰਾਜ਼ ਹੈ। ਲੜਕੇ ਆਪਣੇ ਮਾਤਾ-ਪਿਤਾ ਦੇ ਪੈਰ ਛੂੰਹਦੇ ਹਨ, ਲੜਕੀਆਂ ਆਪਣੇ ਮਾਤਾ-ਪਿਤਾ ਦੇ ਪੈਰ ਨਹੀਂ ਛੂੰਹਦੀਆਂ, ਪਰ ਜਦ ਸਹੁਰੇ ਜਾਂਦੀਆਂ ਹਨ ਤਾਂ ਸੱਸ ਸਹੁਰੇ ਦੇ ਪੈਰ ਜ਼ਰੂਰ ਛੂੰਹਦੀਆਂ ਹਨ, ਜੇ ਪੈਰਾ ਛੂਹਣਾ ਸਨਮਾਨ ਦਾ ਪ੍ਰਤੀਕ ਹੈ ਤਾਂ ਲੜਕੀ ਨੂੰ ਮਾਤਾ ਪਿਤਾ ਦਾ ਸਨਮਾਨ ਵੀ ਕਰਨਾ ਚਾਹੀਦਾ ਹੈ। ਕਈ ਰਿਵਾਜ਼ ਹਨ, ਜਿੱਥੇ ਤੁਸੀਂ ਲੜਕਿਆਂ ਪ੍ਰਤੀ ਪੱਖਪਾਤੀ ਨਜ਼ਰ ਆਉਂਦੇ ਹਨ। ਜਦ ਕੋਈ ਕਹਿੰਦਾ ਹੈ ਕਿ ਇਹ ਕੰਮ ਲੜਕੀਆਂ ਦਾ ਨਹੀਂ ਤਾਂ ਮੈਨੂੰ ਰੜਕਦਾ ਹੈ। ਮੈਂ ਉਨ੍ਹਾਂ ਗੱਲਾਂ 'ਤੇ ਲੜਦੀ ਹਾਂ। ਉਂਝ ਮੇਰੇ ਘਰ ਮੈਂ ਅਜੇ ਅਸਮਾਨਤਾ ਨਹੀਂ ਦੇਖੀ। ਅਸੀਂ ਦੋ ਭੈਣਾਂ ਹਾਂ ਤੇ ਮੇਰੀ ਮਾਂ ਦਾ ਰਵੱਈਆ ਸੀ ਕਿ ਜੋ ਫ੍ਰੀਡਮ ਮੈਂ ਬੇਟੇ ਨੂੰ ਦਿੱਤੀ, ਉਹੀ ਆਪਣੀਆਂ ਬੇਟੀਆਂ ਨੂੰ ਦਿਆਂਗੀ।

* ਤੁਸੀਂ ਕਿਨ੍ਹਾਂ ਚੀਜ਼ਾਂ 'ਤੇ ਕਾਫੀ ਪ੍ਰੇਸ਼ਾਨ ਹੁੰਦੇ ਹੋ?

- ਮੇਰੇ ਪਰਵਾਰ ਨੇ ਮੈਨੂੰ ਹਮੇਸ਼ਾ ਸਪੋਰਟ ਕੀਤਾ, ਪਰ ਮੇਰੇ ਰਿਸ਼ਤੇਦਾਰਾਂ ਵਿੱਚ ਇੱਕ ਧਾਰਨਾ ਬਣੀ ਹੋਈ ਸੀ ਕਿ ਫਿਲਮ ਇੰਡਸਟਰੀ ਵਿੱਚ ਚਲੇ ਜਾਓ ਤਾਂ ਵਿਆਹ ਨਹੀਂ ਹੁੰਦਾ। ਤਦ ਮੈਨੂੰ ਲੱਗਾ ਕਿ ਮੇਰੀ ਲਾਈਫ ਦਾ ਏਜੰਡਾ ਵਿਆਹ ਕਰਨਾ ਨਹੀਂ ਹੈ। ਮੈਂ ਵਿਆਹ ਸੰਸਥਾ ਵਿੱਚ ਡੂੰਘਾ ਵਿਸ਼ਵਾਸ ਰੱਖਦੀ ਹਾਂ। ਮੈਂ ਵਿਆਹ ਕਰਨਾ ਚਾਹੁੰਦੀ ਹਾਂ, ਪਰ ਵਿਆਹ ਮੇਰਾ ਗੋਲ ਨਹੀਂ ਹੈ। ਕਈ ਵਾਰ ਜਦ ਮੈਂ ਬਲਾਈਂਡ ਆਰਟੀਕਲਸ ਪੜ੍ਹਦੀ ਹਾਂ ਤਾਂ ਗੁੱਸੇ ਨਾਲ ਭਰ ਜਾਂਦੀ ਹਾਂ। ਤੁਹਾਨੂੰ ਮਿਹਨਤ ਨਾਲ ਕੋਈ ਚੀਜ਼ ਮਿਲੀ ਹੁੰਦੀ ਹੈ ਅਤੇ ਕੁਝ ਲੋਕ ਉਸ ਚੀਜ਼ ਨੂੰ ਨਜ਼ਰ ਅੰਦਾਜ਼ ਕਰ ਕੇ ਤੁਹਾਡੇ ਬਾਰੇ ਤੋੜ-ਭੰਨ ਕੇ ਲਿਖਦੇ ਹਨ ਕਿ ਉਹ ਅਹੁਦਾ ਜਾਂ ਸਫਲਤਾ ਉਸ ਨੂੰ ਪਛਾਣ ਜਾਂ ਕਿਸੇ ਫੇਵਰ ਕਾਰਨ ਮਿਲੀ ਹੈ। ਤੁਹਾਨੂੰ ਲੜਕੀਆਂ ਬਾਰੇ ਅਜਿਹਾ ਕਿਉਂ ਲੱਗਦਾ ਹੈ ਕਿ ਉਨ੍ਹਾਂ ਨੂੰ ਇਹ ਮੁਕਾਮ ਉਨ੍ਹਾਂ ਦੀ ਯੋਗਤਾ ਨਾਲ ਨਹੀਂ ਮਿਲਿਆ? ਖਾਸ ਤੌਰ 'ਤੇ ਲੜਕੀਆਂ ਨੂੰ ਜੱਜ ਕਰਨਾ ਮੈਨੂੰ ਗੁੱਸਾ ਦਿਵਾਉਂਦਾ ਹੈ। ਇਥੇ ਹੀਰੋ ਨੂੰ ਕੋਈ ਜੱਜ ਨਹੀਂ ਕਰਦਾ, ਪ੍ਰੰਤੂ ਹੀਰੋਇਨ ਨੂੰ ਸਾਰੇ ਕਰਦੇ ਹਨ।

* ਕੀ ਤੁਹਾਨੂੰ ਇੰਡਸਟਰੀ ਵਿੱਚ ਹੀਰੋ-ਹੀਰੋਇਨ ਦੇ ਭੇਦ ਦਾ ਸ਼ਿਕਾਰ ਹੋਣਾ ਪਿਆ ਹੈ?

-ਮੈਨੂੰ ਕੁਝ ਸਮਾਂ ਪਹਿਲਾਂ ਇੱਕ ਫਿਲਮ ਦਾ ਆਫਰ ਮਿਲਿਆ। ਮੈਂ ਉਸ ਦਾ ਨਾਂਅ ਨਹੀਂ ਲੈਣਾ ਚਾਹਾਂਗੀ, ਕਿਉਂਕਿ ਮੈਂ ਉਹ ਫਿਲਮ ਨਹੀਂ ਕਰ ਰਹੀ। ਬਹੁਤ ਵਧੀਆ ਸਕ੍ਰਿਪਟ ਸੀ ਉਸ ਫਿਲਮ ਦੀ ਤੇ ਮੈਨੂੰ ਉਸ ਫਿਲਮ ਦਾ ਕਿਰਦਾਰ ਬਹੁਤ ਪਸੰਦ ਸੀ, ਹੀਰੋਇਨ ਦਾ ਰੋਲ 60 ਫੀਸਦੀ ਸੀ ਤੇ ਹੀਰੋ ਦਾ ਚਾਲੀ ਫੀਸਦੀ। ਨਾਇਕਾ ਦਾ ਰੋਲ ਹਲਕਾ ਜਿਹਾ ਸਟ੍ਰਾਂਗ ਸੀ। ਉਸ ਸਕ੍ਰਿਪਟ ਵਿੱਚ ਮੇਰੇ ਨਾਲ ਕੋਈ ਏ ਲਿਸਟਡ ਹੀਰੋ ਕੰਮ ਕਰਨ ਨੂੰ ਤਿਆਰ ਨਹੀਂ ਹੋਇਆ। ਮੈਂ ਸੋਚਦੀ ਹਾਂ ਕਿ ਉਹ ਦਿਨ ਕਦੋਂ ਆਏਗਾ, ਜਦ ਹੀਰੋਇਨਾਂ ਬਾਰੇ ਲੋਕਾਂ ਦੀ ਇਹ ਸੋਚ ਬਦਲੇਗੀ ਤੇ ਵੱਡੇ ਵੱਡੇ ਮੇਲ ਐਕਟਰ ਸਾਨੂੰ ਸਪੋਰਟ ਕਰਨਗੇ। ਪੁਰਸ਼ ਪ੍ਰਧਾਨ ਫਿਲਮਾਂ ਵਿੱਚ ਤੁਹਾਨੂੰ ਵੱਡੀਆਂ ਹੀਰੋਇਨਾਂ ਦਿਸਣਗੀਆਂ, ਪਰ ਮਹਿਲਾ ਪ੍ਰਧਾਨ ਫਿਲਮਾਂ ਵਿੱਚ ਹੀਰੋ ਦੇ ਰੂਪ ਵਿੱਚ ਉਹੋ ਜਿਹਾ ਵੱਡਾ ਨਾਂਅ ਨਹੀਂ ਦਿਖਾਈ ਦੇਵੇਗਾ। ਮੈਨੂੰ ਲੱਗਦਾ ਹੈ ਕਿ ਇਸ ਵਖਰੇਵੇਂ ਨੂੰ ਖਤਮ ਕਰਨਾ ਹੀ ਪਵੇਗਾ।

## ਵਿਸ਼ਾਲ ਦੀ ਫਿਲਮ ਵਿੱਚ ਸਾਰਾ ਅਲੀ ਖਾਨ



'ਕੇਦਾਰਨਾਥ' ਅਤੇ 'ਸਿੰਬਾ' ਵਰਗੀਆਂ ਫਿਲਮਾਂ 'ਚ ਅਭਿਨੇਤਰੀ ਸਾਰਾ ਅਲੀ ਖਾਨ ਦੀ ਪ੍ਰਫਾਰਮੈਂਸ ਨੂੰ ਸਰਾਹਿਆ ਗਿਆ ਸੀ। ਬਤੌਰ ਨਵੀਂ ਅਭਿਨੇਤਰੀ ਉਹ ਦਰਸ਼ਕਾਂ ਦੀਆਂ ਉਮੀਦਾਂ ਉਤੇ ਖਰੀ ਉਤਰੀ ਤਦੇ ਬਹੁਤ ਘੱਟ ਸਮੇਂ ਵਿੱਚ ਉਸ ਦੇ ਦਰਸ਼ਕਾਂ ਦੀ ਗਿਣਤੀ ਕਾਫੀ ਵੱਧ ਗਈ ਹੈ। ਸਾਰਾ ਦਾ ਧਿਆਨ ਆਪਣੇ ਦੋ ਪ੍ਰੋਜੈਕਟਾਂ 'ਤੇ ਹੈ, ਜਿਨ੍ਹਾਂ ਵਿੱਚੋਂ ਇੱਕ ਹੈ ਇਮਤਿਆਜ਼ ਅਲੀ ਦੀ ਫਿਲਮ, ਜਿਸ ਵਿੱਚ ਉਸ ਦੇ ਆਪੋਜ਼ਿਟ ਕਾਰਤਿਕ ਆਰੀਅਨ ਹੈ ਤਾਂ ਦੂਜੇ ਪਾਸੇ ਵਰੁਣ ਧਵਨ ਨਾਲ 'ਕੂਲ ਨੰਬਰ 1' ਫਿਲਮ ਹੈ। ਖਬਰ ਹੈ ਕਿ ਉਹ ਬਾਲੀਵੁੱਡ ਦੇ ਗੰਭੀਰ ਮੰਨੇ ਜਾਣ ਵਾਲੇ ਨਿਰਦੇਸ਼ਕ ਵਿਸ਼ਾਲ ਭਾਰਦਵਾਜ ਦੀ ਫਿਲਮ ਵਿੱਚ ਦਿਖਾਈ ਦੇਵੇਗੀ। ਸੂਤਰਾਂ ਮੁਤਾਬਕ ਵਿਸ਼ਾਲ ਨੇ ਸਾਰਾ ਨੂੰ ਆਪਣੀ ਨਵੀਂ ਸਕ੍ਰਿਪਟ ਸੁਣਾ ਦਿੱਤੀ ਹੈ ਅਤੇ ਸਾਰਾ ਨੇ ਵੀ ਇਸ ਪ੍ਰੋਜੈਕਟ ਲਈ ਹਾਂ ਕਰ ਦਿੱਤੀ ਹੈ।

## ਅਮਰ ਚਮਕੀਲੇ ਦਾ ਕਿਰਦਾਰ ਨਿਭਾਉਣਗੇ ਕਾਰਤਿਕ ਆਰੀਅਨ



ਕਾਰਤਿਕ ਆਰੀਅਨ ਵੱਖ-ਵੱਖ ਤਰ੍ਹਾਂ ਦੇ ਕਿਰਦਾਰ ਨਿਭਾਅ ਰਹੇ ਹਨ। ਇਸ ਵਾਰੀ ਉਹ ਇਮਤਿਆਜ਼ ਅਲੀ ਦੀ ਅਗਲੀ ਪ੍ਰੋਡਕਸ਼ਨ ਵਿੱਚ ਪ੍ਰਸਿੱਧ ਪੰਜਾਬੀ ਗਾਇਕ ਅਮਰ ਸਿੰਘ ਚਮਕੀਲਾ ਦਾ ਕਿਰਦਾਰ ਨਿਭਾਉਂਦੇ ਨਜ਼ਰ ਆਉਣਗੇ। ਇਸ ਸਾਲ 'ਲੁਕਾਛੁਪੀ' ਅਤੇ 'ਪਤੀ ਪਤਨੀ ਔਰ ਵੋਹ' ਵਰਗੀਆਂ ਹਿੱਟ ਫਿਲਮਾਂ ਦੇਣ ਵਾਲੇ ਕਲਾਕਾਰ ਅਗਲੇ ਸਾਲ ਵੀ ਆਪਣੇ ਪ੍ਰਸ਼ੰਸਕਾਂ ਨੂੰ ਖੁਸ਼ ਕਰਨ ਦਾ ਕੋਈ ਮੌਕਾ ਨਹੀਂ ਛੱਡਣ ਵਾਲੇ। ਉਨ੍ਹਾਂ ਕੋਲ ਇਮਤਿਆਜ਼ ਅਲੀ ਦੀ 'ਆਜ ਕੱਲ੍ਹ', ਅਨੀਸ ਬਜ਼ਮੀ ਦੀ 'ਭੂਲ ਭੁਲੱਈਆ 2' ਅਤੇ ਕਾਲਿਨ ਡੀ ਕੁਨਹਾ ਦੀ 'ਦੋਸਤਾਨਾ 2' ਵਰਗੀਆਂ ਫਿਲਮਾਂ ਹਨ। ਕਾਰਤਿਕ ਦੱਸਦੇ ਹਨ ਕਿ ਇਮਤਿਆਜ਼ ਅਲੀ ਨਾਲ ਮੇਰੀ ਸਿਰਫ ਇੱਕ ਹੀ ਫਿਲਮ ਨਹੀਂ, ਬਲਕਿ ਉਨ੍ਹਾਂ ਨਾਲ ਇੱਕ ਬਾਇਓਪਿਕ ਵਿੱਚ ਵੀ ਕੰਮ ਕਰਨ ਵਾਲਾ ਹਾਂ।

## ਮੈਂ ਤਾਂ ਸ਼ੈੱਫ ਬਣਨਾ ਚਾਹੁੰਦੀ ਸੀ : ਰੁਖ਼ਸਾਰ ਢਿੱਲੋਂ



ਸਾਲ 2016 ਵਿੱਚ ਕੰਨੜ ਫਿਲਮ 'ਰਨ ਐਂਥਨੀ' ਨਾਲ ਐਕਟਿੰਗ ਵਿੱਚ ਡੈਬਿਊ ਕਰਨ ਵਾਲੀ ਰੁਖ਼ਸਾਰ ਢਿੱਲੋਂ ਨੇ ਇਸ ਤੋਂ ਬਾਅਦ ਤਿੰਨ ਤੇਲਗੂ ਫਿਲਮਾਂ 'ਚ ਕੰਮ ਕੀਤਾ ਅਤੇ ਅੱਜ ਉਹ ਹਿੰਦੀ ਫਿਲਮਾਂ ਦੀ ਦਹਿਲੀਜ਼ 'ਤੇ ਪਹੁੰਚ ਚੁੱਕੀ ਹੈ। ਵਿੱਕੀ ਕੌਸ਼ਲ ਦੇ ਭਰਾ ਸੰਨੀ ਕੌਸ਼ਲ ਦੇ ਆਪੋਜ਼ਿਟ ਉਹ ਫਿਲਮ 'ਭੰਗੜਾ ਪਾ ਲੇ' ਨਾਲ ਡੈਬਿਊ ਕਰਨ ਵਾਲੀ ਹੈ। ਫਿਲਮ ਦੀ ਰਿਲੀਜ਼ ਇੱਕ-ਦੋ ਵਾਰ ਟਲਣ ਤੋਂ ਬਾਅਦ ਅਗਲੇ ਮਹੀਨੇ ਤੈਅ ਹੋ ਚੁੱਕੀ ਹੈ। ਫਿਲਮ ਦੇ ਨਾਂਅ ਅਤੇ ਇਸ ਦੇ ਟ੍ਰੇਲਰ ਤੋਂ ਸਪੱਸ਼ਟ ਹੈ ਕਿ ਇਹ ਭੰਗੜਾ ਬੇਸਡ ਕਹਾਣੀ ਹੈ। ਪੇਸ਼ ਹਨ ਰੁਖ਼ਸਾਰ ਨਾਲ ਇੱਕ ਗੱਲਬਾਤ ਦੇ ਕੁਝ ਅੰਸ਼ :

* ਕੀ ਤੁਹਾਨੂੰ ਵੀ ਕਦੇ ਸੰਘਰਸ਼ ਕਰਨਾ ਪਿਆ?

- ਜ਼ਿਆਦਾ ਨਹੀਂ, ਪਰ ਹਰ ਕੋਈ ਆਪਣੀ ਮੰਜ਼ਿਲ ਵੱਲ ਸਫਰ 'ਚ ਕੁਝ ਮੁਸੀਬਤਾਂ ਦਾ ਸਾਹਮਣਾ ਕਰਦਾ ਹੈ ਅਤੇ ਅਖੀਰ ਵਿੱਚ ਜਦੋਂ ਤੁਸੀਂ ਆਪਣਾ ਟੀਚਾ ਹਾਸਲ ਕਰਦੇ ਹੋ ਤਾਂ ਤੁਸੀਂ ਇਸ ਨੂੰ ਹੋਰ ਵੱਧ ਅਹਿਮੀਅਤ ਦਿੰਦੇ ਹੋ। ਚੰਗੀ ਗੱਲ ਰਹੀ ਕਿ ਮੈਂ ਕਦੇ ਆਪਣੇ ਆਪ ਤੋਂ ਵਿਸ਼ਵਾਸ ਨਹੀਂ ਗੁਆਇਆ ਅਤੇ ਕੋਸ਼ਿਸ਼ ਨਹੀਂ ਛੱਡੀ। ਮੈਂ ਅੱਜ ਤੱਕ ਸਾਊਥ 'ਚ ਜਿੰਨੀਆਂ ਵੀ ਫਿਲਮਾਂ 'ਚ ਕੰਮ ਕੀਤਾ ਹੈ, ਉਨ੍ਹਾਂ ਨੇ ਮੈਨੂੰ ਅਭਿਨੈ ਬਾਰੇ ਬਹੁਤ ਕੁਝ ਸਿੱਖਣ 'ਚ ਮਦਦ ਕੀਤੀ ਅਤੇ ਅੱਜ ਮੈਂ ਕੈਮਰੇ ਦਾ ਸਾਹਮਣੇ ਸਿਖਾਂਦਰੂ ਨਹੀਂ ਹਾਂ।

* ਅੱਜ ਤੱਕ ਦੇ ਕਰੀਅਰ ਨੂੰ ਕਿਸ ਤਰ੍ਹਾਂ ਦੇਖਦੇ ਹੋ?

- ਫਿਲਮਾਂ 'ਚ ਸ਼ੁਰੂਆਤ ਤੋਂ ਪਹਿਲਾਂ ਮੇਰਾ ਫਿਲਮ ਉਦਯੋਗ ਨਾਲ ਕੋਈ ਸੰਬੰਧ ਨਹੀਂ ਸੀ, ਇਸ ਲਈ ਜਦੋਂ ਮੈਂ ਪਿੱਛੇ ਮੁੜ ਕੇ ਦੇਖਦੀ ਹਾਂ ਤਾਂ ਮੈਨੂੰ ਤਸੱਲੀ ਹੁੰਦੀ ਹੈ ਕਿ ਮੇਰੀ ਦ੍ਰਿੜ੍ਹਤਾ ਅਤੇ ਮਿਹਨਤ ਦਾ ਫਲ ਮੈਨੂੰ ਮਿਲ ਰਿਹਾ ਹੈ। ਮੈਂ ਅਜੇ ਵੀ ਸ਼ੋਅਬਿਜ਼ ਲਈ ਬਹੁਤ ਨਵੀਂ ਹਾਂ ਅਤੇ ਸਭ ਕੁਝ ਇੱਕ ਸੁਫਨੇ ਵਰਗਾ ਲੱਗਦਾ ਹੈ। ਮੈਂ ਕਦੇ ਆਪਣੇ ਕਰੀਅਰ ਦੀ ਯੋਜਨਾ ਨਹੀਂ ਬਣਾਈ ਅਤੇ ਬੱਸ ਸ਼ੁਰੂਆਤ ਤੋਂ ਹੀ ਧਾਰਾ ਨਾਲ ਚੱਲਦੀ ਰਹੀ। ਮੈਂ ਬੱਸ ਚੰਗਾ ਕੰਮ ਕਰਨਾ ਚਾਹੁੰਦੀ ਹਾਂ।

* ਆਪਣੇ ਅਤੇ ਪਰਵਾਰ ਬਾਰੇ ਕੁਝ ਦੱਸੋ?

- ਮੇਰਾ ਜਨਮ ਇੰਗਲੈਂਡ ਵਿੱਚ ਹੋਇਆ ਸੀ, ਪਰ ਸਾਡਾ ਪਰਵਾਰ ਕੁਝ ਸਮੇਂ ਬਾਅਦ ਗੋਆ ਚਲਾ ਗਿਆ। ਮੈਂ ਪੰਜਾਬੀ ਹਾਂ ਤੇ ਮੇਰੀ ਜ਼ਿੰਦਗੀ ਦਾ ਵਧੇਰੇ ਹਿੱਸਾ ਮੇਰੇ ਡੈਡੀ ਦੇ ਬਿਜ਼ਨਸ ਕਾਰਨ ਗੋਆ ਵਿੱਚ ਬੀਤਿਆ। ਇਸ ਤੋਂ ਬਾਅਦ ਅਸੀਂ 10ਵੀਂ ਦੌਰਾਨ ਬੰਗਲੌਰ ਚਲੇ ਗਏ।

* ਐਕਟਿੰਗ ਦਾ ਖਿਆਲ ਕਦੋਂ ਆਇਆ?

- ਬੰਗਲੌਰ 'ਚ ਮੈਂ ਆਰਟਸ ਤੇ ਫੈਸ਼ਨ ਡਿਜ਼ਾਈਨਿੰਗ ਵਿੱਚ ਗ੍ਰੈਜੂਏਸ਼ਨ ਦੀ ਪੜ੍ਹਾਈ ਪੂਰੀ ਕੀਤੀ, ਪਰ ਅਭਿਨੈ ਕਦੇ ਮੇਰੇ ਖਿਆਲਾਂ ਵਿੱਚ ਨਹੀਂ ਸੀ। ਅੱਲ੍ਹੜ ਉਮਰ ਵਿੱਚ ਵੀ ਨਹੀਂ। ਮੈਂ ਸ਼ੈਫ ਬਣਨਾ ਚਾਹੁੰਦੀ ਸੀ। ਮੈਂ ਤਿੰਨ-ਚਾਰ ਮਹੀਨਿਆਂ ਦੇ ਇੱਕ ਪ੍ਰੋਗਰਾਮ ਲਈ ਓਬੇਰਾਇਜ਼ ਨਾਲ ਸੀ। ਜ਼ਰਾ ਸੋਚੋ ਕਿ ਮੈਨੂੰ ਕਦੇ ਮਾਡਲਿੰਗ 'ਚ ਵੀ ਦਿਲਚਸਪੀ ਨਹੀਂ ਸੀ, ਪਰ ਕਿਸੇ ਤਰ੍ਹਾਂ ਮੈਂ ਇਸ ਵੱਲ ਆਕਰਸ਼ਿਤ ਹੋ ਗਈ। ਮੈਨੂੰ ਕੰਨੜ ਵਿਗਿਆਪਨ ਉਦਯੋਗ ਵਿੱਚ ਕਲਿਆਣ ਸਿਲਕਜ਼ ਦੀ ਇੱਕ ਐਡ ਦਾ ਮੌਕਾ ਮਿਲਿਆ। ਇਸ ਤੋਂ ਬਾਅਦ ਇੱਕ ਇੱਕ ਕਰ ਕੇ ਮੈਨੂੰ ਕਈ ਐਡ ਮਿਲਣ ਲੱਗੇ ਅਤੇ ਮਾਡਲਿੰਗ ਸ਼ੁਰੂ ਹੋ ਗਈ।

* ਫਿਲਮ ਉਦਯੋਗ ਦੀ ਇੱਕ ਚੰਗੀ ਅਤੇ ਇੱਕ ਮਾੜੀ ਗੱਲ?

- ਚੰਗੀ ਗੱਲ ਹੈ ਕਿ ਅੱਜਕੱਲ੍ਹ ਨਵੇਂ ਕਲਾਕਾਰਾਂ ਨੂੰ ਵੱਧ ਮੌਕੇ ਮਿਲ ਰਹੇ ਹਨ। ਕਿਸਮਤ ਅਤੇ ਹੋਰ ਚੀਜ਼ਾਂ ਦੀ ਲੋੜ ਹੈ, ਪਰ ਫਿਰ ਵੀ ਕਾਸਟਿੰਗ ਡਾਇਰੈਕਟਰ ਨਵੇਂਪਨ ਦੀ ਭਾਲ ਕਰ ਰਹੇ ਹਨ। ਮਾੜੀ ਗੱਲ ਹੈ ਕਿ ਬਹੁਤ ਸਾਰੇ ਲੋਕ ਆਪਣੇ ਚੈਨਲ ਰਾਹੀਂ ਮੌਕੇ ਹਾਸਲ ਕਰਦੇ ਹਨ। ਅੱਜਕੱਲ੍ਹ ਇਹ ਸਭ ਏਜੰਸੀ ਆਧਾਰਤ ਹੈ। ਮੈਨੂੰ ਚੰਗਾ ਲੱਗਦਾ ਹੈ ਕਿ ਮੈਂ ਸਹੀ ਸਮੇਂ 'ਤੇ ਸਹੀ ਲੋਕਾਂ ਨਾਲ ਜੁੜੀ। ਬਹੁਤਿਆਂ ਨੂੰ ਇਹ ਨਹੀਂ ਪਤਾ ਕਿ ਆਪਣੇ ਨੈਟਵਰਕ ਨੂੰ ਕਿਵੇਂ ਚੈਨਲਾਈਜ਼ ਕੀਤਾ ਜਾਏ।

* ਜ਼ਿੰਦਗੀ 'ਚ ਸਭ ਤੋਂ ਵੱਡ ਅਫਸੋਸ?

- ਮੈਨੂੰ ਖਾਣਾ ਪਕਾਉਣ 'ਚ ਬੜੀ ਦਿਲਚਸਪੀ ਸੀ, ਇਸ ਲਈ ਮੈਨੂੰ ਲੱਗਦਾ ਹੈ ਕਿ ਬੇਕਿੰਗ ਨਾਲ ਸੰਬੰਧਤ ਮੈਨੂੰ ਜ਼ਰੂਰ ਕਰਨਾ ਚਾਹੀਦਾ ਸੀ। ਮੈਨੂੰ ਬੇਕਿੰਗ ਬਹੁਤ ਪਸੰਦ ਹੈ। ਮੈਂ ਹੋਟਲ ਮੈਨੇਜਮੈਂਟ ਵਿੱਚ ਸ਼ੁਰੂਆਤੀ ਕੋਰਸ ਕੀਤਾ ਸੀ।

